# ਚਿਰਾਗ

ਅਕਤੂਬਰ-ਦਸੰਬਰ 1998

**October -December 1998**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : ਦਸ ਰੁਪਏ -16- ਅਕਤੂਬਰ-ਦਸੰਬਰ, 1998

# ਚਿਰਾਗ਼ (ਤਿਮਾਹੀ)

ਅਕਤੂਬਰ-ਦਸੰਬਰ, 1998

ਸੰਪਾਦਕ : ਹਰਭਜਨ ਸਿੰਘ ਹੁੰਦਲ

ਬਦੇਸ਼ੀ ਪ੍ਰਤੀਨਿਧ : ਅਵਤਾਰ ਸਾਦਕ (ਯੂ ਕੇ.)

ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ
ਸੁਰਜੀਤ ਗਿੱਲ, ਸੂਫ਼ੀ ਅਮਰਜੀਤ



- **ਸੰਪਾਦਕੀ ਟਿਪਣੀਆਂ :** ......
- **ਇਸ ਵਾਰ ਦਾ ਵਿਸ਼ੇਸ਼ ਕਵੀ :** ਨਿਰਮਲ ਦੱਤ ਦੀਆਂ ਪੰਜ ਨਜ਼ਮਾਂ
- **ਨਜ਼ਮਾਂ :** ਵਿਸ਼ਾਲ, ਦਰਸ਼ਨ ਬੁਲੰਦਵੀ, ਭਗਵਾਨ ਢਿਲੋਂ, ਹਰਭਜਨ ਸਿੰਘ ਹੁੰਦਲ।
- **ਕਹਾਣੀਆਂ :** ਅਤਿਥੀ ਦੇਵੋ ਭਵ (ਅਬਦੁੱਲ ਬਿਸਮਿੱਲਾ) ਯੋਧੇ (ਮਹਿਮਾ ਸਿੰਘ)
- **ਗ਼ਜ਼ਲਾਂ :** ਗੁਰਦੀਪ, ਮੱਖਣ ਕੁਹਾੜ, ਮਹਾਂਬੀਰ ਸਿੰਘ ਦਰਦੀ, ਰਮਿੰਦਰ ਸਿੰਘ ਬੇਰੀ, ਮਹਿਮਾ ਸਿੰਘ, ਹਿੰਦੀ ਕਵਿਤਾ
- **ਵਿਚਾਰ-ਚਰਚਾ :** ਮਾਰਕਸਵਾਦ ਦੀ ਪ੍ਰਸੰਗਕਤਾ ਅਤੇ ਸਾਰਥਕਤਾ, ਲੇਖਕ ਜਗਰੂਪ
- **ਵਾਘਿਓਂ ਪਾਰ :** ਇਕੀਵੀਂ ਸਦੀ ਦਾ ਪੰਜਾਬ (ਅਫ਼ਜ਼ਲ ਤੌਸੀਫ਼)
- **ਪੁਸਤਕ ਪੜਚੋਲ :** ਓਪਰੀ ਹਵਾ (ਅਮਨ ਪਾਲ ਸਾਰਾ) ਬੇਗਾਨੇ ਪਿੰਡ ਦੀ ਜੂਹ (ਬਲਦੇਵ ਸਿੰਘ) ਅਣ ਵਗੇ ਅੱਥਰੂ, ਇੰਜ ਨਾ ਮਿਲੀਂ, (ਹ.ਸ.ਹ.) ਹਰਫ਼ਾਂ ਦੀ ਖੁਸ਼ਬੋ (ਹਰਵਿੰਦਰ ਭੰਡਾਲ), ਇੰਤਹਾ ਤੋਂ ਪਹਿਲਾਂ (ਡਾ. ਸੁਰਿੰਦਰ ਸ਼ਾਂਤ)
- **ਖਿਆਲ ਆਪੋ ਆਪਣਾ :** ਮੁਹੰਮਦ ਮੀਰ ਅਜ਼ਗੀ ਤੇ ਭਗਵਾਨ ਢਿਲੋਂ


ਪੁਸਤਕ ਪ੍ਰਾਪਤੀ :


ਪ੍ਰਕਾਸ਼ਨ ਮਿਤੀ : 15 ਨਵੰਬਰ, 1998



Postal Address :
Harbhajan Singh Hundal,
V. Fatu Chak,
P.O. Dhilwan,
Distt. Kapurthala-144804
(Pb.) India.



ਚੰਦਿਆਂ ਦਾ ਵੇਰਵਾ :

| | | |
|---|---|---|
| ਦੇਸ਼ ਵਾਰਸ਼ਿਕ | : | 40 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : | 50 ਰੁਪਏ |
| **ਬਦੇਸ਼, ਯੂ ਕੇ.** | : | 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : | 300 ਰੁਪਏ |

ਚਿਰਾਗ਼ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1—96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।


## ਸੰਪਾਦਕੀ ਟਿਪਣੀਆਂ

### 1. ਗੁਲਾਮ ਜ਼ਹਿਨੀਅਤ ਦੀ ਸ਼ਿਕਾਰ ਹੋ ਰਹੀ 'ਸਿਰਜਣਾ'

'ਸਿਰਜਣਾ' 108 ਵਿਚ ਡਾ. ਰਘਬੀਰ ਸਿੰਘ ਹੋਰਾਂ ਅੰਗਰੇਜ਼ੀ ਦੇ ਪੱਖ ਵਿਚ ਜੋ ਸੰਪਾਦਕੀ
ਆ. ਉਸਦੇ ਪ੍ਰਤਿਕਰਮ ਵਜੋਂ ਪਾਠਕਾਂ ਨੇ ਵੀ ਤਿੱਖੇ 'ਤੇ ਬਾਦਲੀਲ ਪੱਤਰ-ਵਿਹਾਰ ਰਾਹੀਂ
ਣੇ ਵਿਚਾਰ ਪ੍ਰਗਟਾਏ ਹਨ, ਪਰੰਤੂ ਡਾ: ਸਾਹਿਬ ਨੇ ਉਨ੍ਹਾਂ ਨੂੰ ਆਪਣੇ ਉਪਰ ਕੱਸਿਆ ਵਿਅੰਗ
ੜ ਕੇ ਇਕ ਹੋਰ ਸੰਪਾਦਕੀ ਲਿਖ ਮਾਰਿਆ 'ਸਿਰਜਣਾ' 109 ਵਿਚ। ਦੋਨਾਂ ਸੰਪਾਦਕੀਆਂ ਦੀਆਂ
ੀਲਾਂ ਇਕੋ ਜਿਹੀਆਂ ਹੀ ਹਨ। ਮੁੱਖ ਤੌਰ ਤੇ ਤਿੰਨ-ਚਾਰ ਨੁਕਤਿਆਂ ਉਪਰ ਗੱਲ ਆਣ
ਮਟੀ ਹੈ।

ਦੁਨੀਆਂ ਭਰ ਦੇ ਸਿਖਿਆ ਸ਼ਾਸਤਰੀ ਇਸ ਗੱਲ ਉਪਰ ਇਕ ਮੱਤ ਹਨ ਕਿ ਬੱਚੇ ਦੀ
ਢਲੀ ਸਿਖਿਆ ਮਾਤ-ਭਾਸ਼ਾ ਵਿਚ ਹੀ ਹੋਣੀ ਚਾਹੀਦੀ ਹੈ। ਇਸਦੇ ਵਿਰੋਧ ਵਿਚ ਇਕ ਵੀ
ਆਦਮੀ ਜਾਂ ਸ਼ਾਸ਼ਤਰੀ ਨਹੀਂ ਭੁਗਤਦਾ। ਰਾਜ ਨੇਤਾ ਭੁਗਤਣ ਤਾਂ ਕੋਈ ਅਲੋਕਾਰ ਨਹੀਂ। ਪਰ
ਡਾ. ਰਘਬੀਰ ਸਿੰਘ ਹੁਰਾਂ ਇਸ ਮੁਢਲੇ ਸੱਚ ਉਪਰ ਹੀ ਸਿਆਹੀ ਫੇਰਨ ਦਾ ਯਤਨ ਕੀਤਾ ਹੈ
ਜਿਵੇਂ ਉਹ ਲਿਖਦੇ ਹਨ, "ਜੇ ਸਿਖਿਆ ਸ਼ਾਸਤਰੀਆਂ ਵਲੋਂ ਇਹ ਦੋ-ਟੁੱਕ ਨਿਰਣਾ ਹੋ ਜਾਵੇ ਕਿ
ਬੱਚੇ ਨੂੰ ਸ਼ੁਰੂ ਵਿਚ ਸਿਰਫ਼ ਉਸਦੀ ਮਾਤ-ਭਾਸ਼ਾ ਦੀ ਹੀ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ ਤਾਂ
ਸਾਨੂੰ ਰਤਾ ਵੀ ਸੰਦੇਹ ਨਹੀਂ ਹੋਵੇਗਾ ਕਿ ਪੰਜਾਬੀ ਬੱਚੇ ਦੀ ਪੜ੍ਹਾਈ ਸਿਰਫ਼ ਪੰਜਾਬੀ ਵਿਚ ਹੀ
ਹੋਣੀ ਚਾਹੀਦੀ ਹੈ। ਪਰ ਇਸ ਤਰ੍ਹਾਂ ਦੇ ਨਿਰਣੇ ਦੀ ਅਣਹੋਂਦ ਵਿਚ ਆਪਣੀ ਮਾਤ-ਭਾਸ਼ਾ ਦੀ
ਪੜ੍ਹਾਈ ਨੂੰ ਨੁਕਸਾਨ ਪਹੁੰਚਾਏ ਬਗ਼ੈਰ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਜ਼ੁਬਾਨ ਦੀ ਪੜ੍ਹਾਈ ਦਾ
ਵਿਰੋਧ ਤਰਕ ਸੰਗਤ ਨਹੀਂ।" ਕਮਾਲ ਇਹ ਹੈ ਕਿ ਡਾ. ਸਾਹਿਬ ਨੇ ਕਿਸੇ ਵੀ ਸਿਖਿਆ ਸ਼ਾਸ਼ਤਰੀ
ਦੀ ਰਾਇ ਦੇਣ ਦੀ ਖੇਚਲ ਨਹੀਂ ਕੀਤੀ, ਜਿਸ ਤੋਂ ਜ਼ਾਹਿਰ ਹੈ ਕਿ ਇਹ ਵਿਚਾਰ ਚਲੰਤ ਹਨ ਤੇ
ਆਪਣੇ ਰਾਇ ਨੂੰ ਸਾਬਤ ਕਰਨ ਲਈ ਬਣਾਏ ਗਏ ਹਨ।

ਸਾਰੇ ਹਿੰਦੁਸਤਾਨ ਵਿਚ ਬੀ.ਐਡ./ਜੇ.ਬੀ.ਟੀ./ਓ.ਟੀ. ਜਾਂ ਇਸਦੇ ਬਰਾਬਰ ਦੀ ਟਰੇਨਿੰਗ
ਵਿਚ ਮਾਤ-ਭਾਸ਼ਾ ਨੂੰ ਹੀ ਮੁਢਲੀ ਪੜ੍ਹਾਈ ਲਈ ਕਾਰਗਰ ਮੰਨਿਆ ਜਾਂਦਾ ਹੈ। ਬੱਚੇ ਦੀ ਮਾਨ-
ਸਿਕਤਾ ਦਾ ਅਧਿਐਨ ਵੀ ਇਸੇ ਸਿੱਟੇ ਤੇ ਪਹੁੰਚਾਉਂਦਾ ਹੈ। ਉਪਰਲੇ ਕੋਰਸਾਂ ਵਿਚ ਮਹਾਤਮਾ
ਗਾਂਧੀ, ਬ੍ਰੇਲਸਫੋਰਡ ਅਤੇ ਐਨੀਬੇਸੇਂਟ ਵਿਦਵਾਨਾਂ, ਦੇ ਵਿਚਾਰਾਂ ਰਾਹੀਂ ਉਪਰੋਕਤ ਧਾਰਣਾ ਦੀ
ਪ੍ਰਸ਼ਟੀ ਕੀਤੀ ਜਾਂਦੀ ਹੈ। ਇਥੇ ਅਸੀਂ ਕੇਵਲ ਦੋ ਕਥਨ ਹੀ ਦੁਹਰਾਉਣਾ ਚਾਹਾਂਗੇ। ਮਹਾਤਮਾ ਗਾਂਧੀ
ਦਾ ਕਹਿਣਾ ਹੈ, "ਮਨੁੱਖ ਦੇ ਮਾਨਸਿਕ ਵਿਕਾਸ ਲਈ ਮਾਤਭਾਸ਼ਾ ਉਨੀ ਹੀ ਜ਼ਰੂਰੀ ਹੈ ਜਿਨਾਂ ਬੱਚੇ
ਦੇ ਸਰੀਰਕ ਵਿਕਾਸ ਲਈ ਮਾਂ ਦਾ ਦੁੱਧ। ਬਾਲਕ ਪਹਿਲਾ ਪਾਠ ਆਪਣੀ ਮਾਂ ਤੋਂ ਹੀ ਪੜ੍ਹਦਾ ਹੈ।
ਇਸ ਲਈ ਉਸਦੇ ਮਾਨਸਿਕ ਵਿਕਾਸ ਲਈ ਉਸਦੇ ਉਪਰ ਮਾਤ-ਭਾਸ਼ਾ ਤੋਂ ਇਲਾਵਾ ਕੋਈ ਦੂਸਰੀ
ਭਾਸ਼ਾ ਲੱਦਣਾ ਮੈਂ ਮਾਤ-ਭਾਸ਼ਾ ਦੇ ਵਿਰੁੱਧ ਪਾਪ ਸਮਝਦਾ ਹਾਂ।" ਅਜਿਹੇ ਵਿਚਾਰ ਹੀ 'ਬ੍ਰੇਲਸਫੋਰਡ
ਦੇ ਹਨ। ਉਸਦਾ ਕਥਨ ਹੈ ਕਿ "ਸਿਰਫ਼ ਇਕ ਹੀ ਭਾਸ਼ਾ ਵਿਚ ਸਾਡੇ ਭਾਵਾਂ ਦਾ ਪ੍ਰਗਟਾ ਹੋ ਸਕਦਾ
ਹੈ। ਸਿਰਫ਼ ਇਕ ਹੀ ਭਾਸ਼ਾ ਦੇ ਸ਼ਬਦਾਂ ਦੇ ਸੂਖਮ ਸੰਕੇਤਾਂ ਨੂੰ ਅਸੀਂ ਸਹਿਜ ਤੇ ਨਿਸਚਿਤ ਰੂਪ ਵਿਚ
ਗ੍ਰਹਿਣ ਕਰ ਸਕਦੇ ਹਾਂ। ਇਹ ਭਾਸ਼ਾ ਹੀ ਹੁੰਦੀ ਹੈ ਜਿਸਨੂੰ ਅਸੀਂ ਆਪਣੀਆਂ ਸ਼ੁਰੂਆਤੀ ਪ੍ਰਾਰਥ-
ਨਾਵਾਂ ਅਤੇ ਖੁਸ਼ੀਆਂ-ਗ਼ਮਾਂ ਦੇ ਭਾਵਾਂ ਦਾ ਪ੍ਰਗਟਾ ਕਰਦੇ ਹਾਂ। ਦੂਸਰੀ ਕਿਸੇ ਭਾਸ਼ਾ ਨੂੰ ਸਿਖਿਆ ਦਾ
ਮਾਧਿਅਮ ਬਣਾਉਣਾ, ਵਿਦਿਆਰਥੀ ਦੀ ਮਿਹਨਤ ਨੂੰ ਜ਼ਰੂਰੀ ਤੌਰ ਤੇ ਵਧਾਉਣਾ ਹੀ ਨਹੀਂ ਸਗੋਂ

ਉਸਦੇ ਬੌਧਿਕ ਵਿਕਾਸ ਨੂੰ ਅਪਾਹਜ ਬਣਾਉਣਾ ਹੈ।" ਇਸ ਤਰ੍ਹਾਂ ਦੇ ਸੈਂਕੜੇ ਵਿਦਵਾਨਾਂ ਦੇ ਵਿਚਾਰ ਦਿੱਤੇ ਜਾ ਸਕਦੇ ਹਨ ਤੇ ਸਿਖਿਆ ਸ਼ਾਸਤਰੀਆਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ। ਇਸ ਤੋਂ ਬਾਦ ਡਾ. ਰਘਬੀਰ ਸਿੰਘ ਹੁਰਾਂ ਦੀਆਂ ਸਾਰੀਆਂ ਦਲੀਲਾਂ ਨਿਰਸਤ ਹੋ ਜਾਂਦੀਆਂ ਹਨ ਪਰੰਤੂ ਉਨ੍ਹਾਂ ਨੇ ਜੋ ਦੂਜੇ ਨੁਕਤੇ ਉਠਾਏ ਹਨ ਉਨ੍ਹਾਂ ਨੂੰ ਵਿਚਾਰਨਾ ਜ਼ਰੂਰੀ ਤਾ ਹੈ ਹੀ ਕਿਉਂਕਿ ਉਨ੍ਹਾਂ ਦੇ ਵਿਸ਼ਲੇਸ਼ਣ ਤੋਂ ਹੀ ਅੰਗਰੇਜ਼ੀ-ਪੱਖੀ ਮਾਨਸਿਕਤਾ ਨੂੰ ਠੀਕ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਡਾ. ਰਘਬੀਰ ਸਿੰਘ ਦੇ ਇਹ ਵਿਚਾਰ ਵੀ ਧਿਆਨ ਦੀ ਮੰਗ ਕਰਦੇ ਹਨ ਕਿ, "ਆਪਣੀ ਮਾਤ-ਭਾਸ਼ਾ ਦੀ ਪੜ੍ਹਾਈ ਨੂੰ ਨੁਕਸਾਨ ਪਹੁੰਚਾਏ ਬਗੈਰ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਜ਼ੁਬਾਨ ਦੀ ਪੜ੍ਹਾਈ ਦਾ ਵਿਰੋਧ ਤਰਕ ਸੰਗਤ ਨਹੀਂ।" ਇਹ ਵਿਚਾਰ ਡਾ. ਸਾਹਿਬ ਨੇ ਕਈ ਬਾਰ ਦੁਹਰਾਏ ਹਨ। ਪਰ 'ਨੁਕਸਾਨ' ਉਨ੍ਹਾਂ ਦੀਆਂ ਨਜ਼ਰਾਂ ਵਿਚ ਕੀ ਹੈ ਇਸਦਾ ਕਿਤੇ ਵੀ ਖੁਲਾਸਾ ਨਹੀਂ ਹੋਇਆ ਪਰ ਅਸੀਂ ਮੰਨਦੇ ਹਾਂ ਕਿ ਇਹ 'ਨੁਕਸਾਨ' ਬੱਚੇ ਦਾ ਹੈ, ਸਮੂਹ-ਪੰਜਾਬੀਆ ਦਾ ਹੈ ਤੇ ਪੰਜਾਬੀ ਸਭਿਆਚਾਰ ਦਾ ਹੈ। ਇਨ੍ਹਾਂ ਨੂੰ ਇਕ ਦੂਜੇ ਤੋਂ ਤੋੜ ਕੇ ਨਹੀਂ ਦੇਖਿਆ ਜਾ ਸਕਦਾ। ਬੱਚਾ ਜਦੋਂ ਅਪਣੀ ਮਾਤ-ਭਾਸ਼ਾ ਤੋਂ ਇਲਾਵਾ ਦੂਜੀ ਭਾਸ਼ਾ ਸਿੱਖਣ ਲੱਗਦਾ ਹੈ ਤਾਂ ਉਹ ਪਹਿਲੀ ਭਾਸ਼ਾ ਦਾ ਅੱਧੇ ਤੋਂ ਵੀ ਵੱਧ ਸਮਾਂ ਖਾਂਦੀ ਹੈ ਕਿਉਂਕਿ ਉਸਦਾ ਵਾਤਾਵਰਣ ਵੱਖਰਾ ਹੈ, ਜਿਸਨੂੰ ਬੱਚਾ ਸਮਝਦਾ ਨਹੀਂ, ਸਿਰਫ 'ਰੱਟਾ' ਲਾਉਂਦਾ ਹੈ। ਤੀਸਰੀ ਭਾਸ਼ਾ ਆਉਂਦੀ ਹੈ ਤਾਂ ਉਸਦਾ ਵਾਤਾਵਰਣ 'ਵਿਦੇਸ਼ੀ' ਹੈ। ਉਹ ਉਸਦੀ ਮਾਨਸਿਕਤਾ ਨਾਲ ਇਕ-ਸੁਰ ਹੈ ਹੀ ਨਹੀਂ। ਉਹ ਦੂਜੀ ਭਾਸ਼ਾ ਤੋਂ ਵੀ ਵਧੇਰੇ ਸਮਾਂ ਖਾਂਦੀ ਹੈ। ਸਕੂਲਾਂ ਵਿਚ ਜਿਥੇ ਬੱਚੇ ਪੰਜਾਬੀ, ਹਿੰਦੀ, ਅੰਗਰੇਜ਼ੀ ਨਾਲੋ ਨਾਲ ਪੜ੍ਹਦੇ ਹਨ ਉਥੇ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਇਹ ਦੂਸਰੀ ਤੀਸਰੀ ਭਾਸ਼ਾ ਬੱਚੇ ਦੀ ਮਾਨਸਿਕਤਾ ਉਪਰ ਬੋਝ ਬਣਦੀ ਹੈ ਅਤੇ ਬਹੁਤਾ ਸਮਾਂ ਖਾਂਦੀ ਹੈ। ਇਸਦੇ ਨਤੀਜੇ ਜੋ ਨਿਕਲਣੇ ਹੁੰਦੇ ਹਨ, ਸਾਡੇ ਸਾਹਮਣੇ ਹਨ। ਇਸ ਤੋਂ ਇਲਾਵਾ ਹਿੰਦੀ ਦਾ ਉਚਾਰਣ ਤੇ ਲਿਖਤ ਵੀ ਪੰਜਾਬੀ ਭਾਸ਼ਾ ਤੇ ਲਿਪੀ ਨੂੰ ਪ੍ਰਭਾਵਿਤ ਕਰਦੇ ਹਨ। ਬੱਚਾ 'ਕਿ' 'ਕੀ', ਕੁ, ਕੂ ਆਦਿ ਦਾ ਅੰਤਰ ਹੀ ਭੁੱਲ ਜਾਂਦਾ ਹੈ। ਕੀ ਇਸ ਸਾਰੇ ਨੂੰ ਡਾ. ਸਾਹਿਬ ਨੁਕਸਾਨ ਨਹੀਂ ਸਮਝਣਗੇ? ਖ਼ਿਆਲ ਹੈ ਕਿ ਸਮਝਣਗੇ। ਜੇ ਨਹੀਂ ਸਮਝਣਗੇ ਤਾਂ ਇਹ ਮੰਨਿਆ ਜਾਵੇਗਾ ਕਿ ਉਨ੍ਹਾਂ ਦਾ ਮਕਸਦ ਗੱਲ ਨੂੰ ਸਮਝਣਾ ਸਮਝਾਉਣਾ ਨਹੀਂ ਸਗੋਂ 'ਸੱਤਾਧਾਰੀਆਂ' ਨੂੰ ਖ਼ੁਸ਼ ਕਰਨਾ ਹੀ ਹੋ ਸਕਦਾ ਹੈ।

ਅਗਲਾ ਨੁਕਤਾ ਜੋ ਉਠਾਇਆ ਗਿਆ ਹੈ ਉਹ ਹੈ ਅੰਗਰੇਜ਼ੀ ਗਿਆਨ ਸਦਕਾ, ਉੱਚੀ ਸ਼ਰੇਣੀ ਦੀ ਬਰਾਬਰੀ ਕੀਤੀ ਜਾਏ। ਸਵਾਲ ਹੈ ਕਿ ਕੀ ਕੇਵਲ ਉਪਰਲੀਆਂ ਸ਼ਰੇਣੀਆਂ ਦੀ ਭਾਸ਼ਾ ਜਾਨਣ ਨਾਲ ਹੀ ਉਨ੍ਹਾਂ ਦੀ ਬਰਾਬਰੀ ਕੀਤੀ ਜਾ ਸਕਦੀ ਹੈ? ਤਰਕ ਸੰਗਤ ਜਵਾਬ ਇਹੀ ਹੈ ਕਿ ਨਹੀਂ। ਕਿਉਂ? ਕਿਉਂਕਿ ਸ਼ਰੇਣੀ ਦਾ ਆਧਾਰ ਆਰਥਿਕਤਾ ਹੈ, ਭਾਸ਼ਾ ਨਹੀਂ। ਭਾਸਾ ਤਾਂ ਵਰਤੋਂ ਦੀ ਚੀਜ਼ ਹੈ। ਤੁਸੀਂ ਸਾਰੇ ਅੰਗਰੇਜ਼ੀ ਸਿੱਖ ਲਉ ਉੱਚ-ਸ਼ਰੇਣੀਆਂ 'ਫਰੈਂਚ' 'ਜਰਮਨ' ਸਿੱਖ ਕੇ ਉਚੇਰੀਆਂ ਦਿੱਸਣ ਲਗਣਗੀਆਂ। ਫਿਰ ਤੁਸੀਂ ਇਹ ਭਾਸ਼ਾਵਾਂ ਸਿੱਖੋਗੇ? ਫਿਰ ਦੁਸ਼ਮਣ ਵਰਗ ਦੀ ਭਾਸ਼ਾ ਇਸ ਲਈ ਵੀ ਸਿੱਖੀ ਜਾਂਦੀ ਹੈ ਕਿ ਉਨ੍ਹਾਂ ਦਾ ਸਾਰਾ ਗਿਆਨ ਉਨ੍ਹਾਂ ਦੇ ਖਿਲਾਫ਼ ਵਰਤਿਆ ਜਾਵੇ। ਇਹ ਉੱਚੇ-ਪੱਧਰ ਦੀ ਗੱਲ ਹੈ। ਪਰ ਪਹਿਲੀ ਤੋਂ ਅੰਗਰੇਜ਼ੀ ਪੜ੍ਹਾ ਕੇ ਤਾਂ 'ਮੈਕਾਲੇ' ਲਾਗੂ ਹੁੰਦਾ ਹੈ।



ਅਸਲ ਵਿਚ ਹੇਠਲੇ ਵਰਗ ਆਰਥਿਕ ਨਾ-ਬਰਾਬਰੀ ਦੀ ਲੜਾਈ ਲੜਨ ਦੀ ਬਜਾਇ ਜੋ ਉਪਰ ਉਠਣ ਦਾ ਅਸਲ ਮੁੱਦਾ ਹੈ ਦੂਸਰੇ ਪਾਸਿਆਂ ਵਲ ਧਿਆਨ ਦਿੰਦੇ ਹਨ। ਜਿਵੇਂ ਉਨ੍ਹਾਂ ਦੀ ਭਾਸ਼ਾ ਦੀ ਨਕਲ, ਉਨ੍ਹਾਂ ਦੇ ਪਹਿਰਾਵੇ ਦੀ ਨਕਲ ਆਦਿ। ਮੂਲ ਲੜਾਈ ਲੜਨ ਲਈ ਉਹ ਤਿਆਰ ਨਹੀਂ ਹੁੰਦੇ। ਸੱਤਾਧਾਰੀਆਂ ਦੇ ਵੀ ਇਹ ਕੰਮ ਦੀ ਚੀਜ਼ ਹੈ। ਡਾ. ਰਘਬੀਰ ਸਿੰਘ ਵੀ ਇਸ 'ਭਰਮ' ਦਾ ਸ਼ਿਕਾਰ ਹੋ ਗਏ ਹਨ ਤੇ ਇਸਦੇ ਹੱਕ ਵਿਚ ਦਲੀਲਾਂ ਵੀ ਘੜਨ ਲੱਗਦੇ ਹਨ ਜਿਵੇਂ, "ਉਨ੍ਹਾਂ (ਪੰਜਾਬੀਆਂ) ਨੇ ਇਹ ਜਾਣ ਲਿਆ ਹੈ ਕਿ ਜ਼ਬਾਨ ਦੇ ਮਸਲੇ ਉਤੇ ਜੇ ਉੱਚ ਵਰਗ ਦਾ ਨਿਵੇਕਲਾਪਣ ਖ਼ਤਮ ਨਹੀਂ ਕਰ ਸਕਦੇ ਤਾਂ ਉਸਦਾ ਆਪਣੇ ਹੀ ਢੰਗ ਨਾਲ ਮੁਕਾਬਲਾ ਕਰਨ ਦੇ ਯਤਨ ਤਾਂ ਕਰ ਹੀ ਸਕਦੇ ਹਨ।" ਕੀ ਰਘਬੀਰ ਸਿੰਘ ਹੁਰਾਂ ਵੀ ਇਸ 'ਇਲਹਾਮ' ਨੂੰ ਸੱਚ ਮੰਨ ਲਿਆ ਹੈ। ਇਹ ਤਾਂ ਝੂਠੀ ਚੇਤਨਾ ਹੈ, ਜਿਸਤੋਂ ਪਰਦਾ ਲਾਹੁਣ ਦੀ ਜ਼ਰੂਰਤ ਹੈ। ਡਾ: ਸਾਹਿਬ ਆਪ ਇਸਦਾ ਸ਼ਿਕਾਰ ਹੋ ਗਏ ਹਨ। ਉਨ੍ਹਾਂ ਤਾਂ ਤੋੜਾ ਵੀ ਇਥੇ ਜਾ ਕੇ ਹੀ ਝਾੜਿਆ ਹੈ ਕਿ, "ਸੰਸਾਰ ਨਾਲ ਸੰਚਾਰ ਦੀ ਦ੍ਰਿਸ਼ਟੀ ਤੋਂ ਸੰਪੰਨ ਵਰਗਾਂ ਦੇ ਨਿਵੇਕਲੇਪਣ ਦਾ ਟਾਕਰਾ ਕਰਨ ਦੀ 'ਦ੍ਰਿਸ਼ਟੀ ਤੋਂ ਅਤੇ ਸਭਨਾਂ ਲਈ ਬਰਾਬਰ ਦੇ ਮੌਕੇ ਮੁਹੱਈਆ ਕਰਨ ਦੀ ਦ੍ਰਿਸਟੀ ਤੋਂ ਅੰਗਰੇਜ਼ੀ ਦੀ ਪੜ੍ਹਾਈ ਦਾ ਵਿਰੋਧ ਦਰੁਸਤ ਨਹੀਂ।' ਅੰਗਰੇਜ਼ੀ ਪੜ੍ਹਨ ਨਾਲ ਹੀ ਬਰਾਬਰ ਦੇ ਮੌਕੇ ਮਿਲ ਜਾਣ ਦਾ ਵਿਚਾਰ ਵੀ ਉਪਰੋਕਤ ਝੂਠੀ ਚੇਤਨਾ ਦਾ ਹੀ ਹਿੱਸਾ ਹੈ। ਜਿਥੋਂ ਤਕ ਸੰਬੰਧ ਹੈ ਸੰਸਾਰ ਨਾਲ ਜੁੜਨ ਦਾ ਉਹ ਤਾਂ ਤੀਜੀ, ਪੰਜਵੀਂ ਤੋਂ ਅੰਗਰੇਜ਼ੀ ਪੜ੍ਹ ਕੇ ਵੀ ਹੋ ਜਾਣਾ ਹੈ। 'ਪਹਿਲੀ' ਤੋਂ ਸੰਚਾਰ ਨਾਂ ਬਣਾਈਏ ਤਾਂ ਕੀ ਥੁੜਿਆ ਹੈ? 'ਬਸਤੀਵਾਦੀ ਪਿਛੋਕੜ ਚੋਂ ਉਭਰਿਆ ਇਕ ਠੋਸ ਯਥਾਰਥ ਜੋ ਡਾ: ਸਾਹਿਬ ਨੇ ਪਛਾਣਿਆ ਹੈ ਉਹ ਝੂਠੀ ਚੇਤਨਾ ਹੈ, ਜਿਸਦਾ ਵਿਰੋਧ ਕਰਨਾ ਬਣਦਾ ਹੈ। ਉਸਦੇ ਵਹਾਅ ਨਾਲ ਵਹਿਣ ਦੀ ਜ਼ਰੂਰਤ ਨਹੀਂ।

ਪੰਜਾਬੀ ਦੇ ਹੱਕ ਵਿਚ ਬੋਲਣ ਵਾਲਿਆਂ ਨੂੰ ਚੁੱਪ ਕਰਵਾਉਣ ਲਈ ਇਕ ਹੋਰ ਹਥਿਆਰ ਇਹ ਵਰਤਿਆ ਜਾਂਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਤਾਂ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਾਉਂਦੇ ਹਨ। ਇਸਨੂੰ ਲੋਕ ਸੁਣਦੇ ਵੀ ਧਿਆਨ ਨਾਲ ਹਨ। ਖਾਸ ਤੌਰ ਤੇ ਪ੍ਰਗਤੀਵਾਦੀਆਂ ਖਿਲਾਫ਼ ਇਹ ਹਥਿਆਰ ਤੋਤਾ ਸਿੰਘ ਜੀ ਵੀ ਤੇ ਰਘਬੀਰ ਸਿੰਘ ਹੁਰੀਂ ਵੀ ਇਕੋ ਜਿਹਾ ਵਰਤ ਸਕਦੇ ਹਨ। ਸੱਤਾਧਾਰੀਆਂ ਨੂੰ ਪਤਾ ਹੈ ਕਿ ਪ੍ਰਗਤੀਵਾਦੀ ਅੰਗਰੇਜ਼ੀ ਸ਼ੌਕ ਨੂੰ ਨਹੀਂ ਪੜ੍ਹਦੇ। ਇਹ ਉਨ੍ਹਾਂ ਦੇ ਬਰਾਬਰ ਤੇ ਖੜ ਕੇ ਉਨ੍ਹਾਂ ਦੀ ਭਾਸ਼ਾ ਵਿਚ ਉਨ੍ਹਾਂ ਦੀਆਂ 'ਚੁਤਰ-ਪੁਤਰੀਆਂ' ਦਾ ਹੀਜ-ਪਿਆਜ ਉਖੇੜਨਗੇ। ਪਰ ਸਾਰੇ ਪ੍ਰਗਤੀਵਾਦੀਆਂ ਦੇ ਬੱਚੇ ਇਨ੍ਹਾਂ ਸਕੂਲਾਂ ਵਿਚ ਹੀ ਪੜ੍ਹਦੇ ਹੋਣ, ਜ਼ਰੂਰੀ ਨਹੀਂ। ਜਿਨ੍ਹਾਂ ਦੀ ਮਾਇਕ ਅਵਸਥਾ ਇਜਾਜ਼ਤ ਦਿੰਦੀ ਹੈ, ਉਹ ਪੜ੍ਹਾਉਂਦੇ ਹਨ। ਪਰ ਉਨ੍ਹਾਂ ਨੂੰ ਮਾਤ-ਭਾਸ਼ਾ ਦੇ ਹੱਕ ਵਿਚ ਬੋਲਣ ਤੋਂ ਰੋਕਣਾ, ਹੇਠਲੀ ਸ਼ਰੇਣੀ ਦੇ ਹਮਦਰਦਾਂ ਨੂੰ ਤੋੜਨਾ ਹੈ। ਇਹੀ ਕੁਝ ਹੁੰਦਾ ਹੈ ਉਪਰੋਕਤ ਤੇ ਮਿਹਣਿਆਂ ਨਾਲ। ਕੀ ਪ੍ਰਗਤੀਵਾਦੀਆਂ ਦੇ ਬੱਚੇ ਅੰਗਰੇਜ਼ੀ ਪੜ੍ਹਕੇ ਪੰਜਾਬੀ ਤੋਂ ਮੁਖ ਮੋੜ ਲੈਂਦੇ ਹਨ? ਸਗੋਂ ਕਈ ਵਾਰ ਉਹ ਵਧੇਰੇ ਇਸ ਲਈ ਕੰਮ ਵੀ ਕਰਦੇ ਹਨ। ਇਹ ਹੋਣਾ ਵੀ ਚਾਹੀਦਾ ਹੈ। ਜੋ ਪ੍ਰਗਤੀਵਾਦੀ ਅੰਗਰੇਜ਼ੀ ਸਕੂਲਾਂ ਵਿਚ ਸਿਰਫ ਬੱਚਿਆਂ ਨੂੰ ਇਸ ਲਈ ਪੜ੍ਹਾਉਂਦੇ ਹਨ ਕਿ ਉਹ ਇਸ ਤਰ੍ਹਾਂ ਉਚੇਰੇ ਹੋ ਜਾਣਗੇ ਉਹ ਸੱਚਮੁੱਚ ਹੀ ਗੁਨਾਹਗਾਰ ਹਨ। ਇਸ ਪੱਖ ਤੋਂ ਹੋਰ ਬਹੁਤ ਵਿਚਾਰ ਹੋਣੀ ਬਾਕੀ ਹੈ।

ਅਖੀਰ ਤੇ ਅਸੀਂ ਇਹ ਨੁਕਤਾ ਵੀ ਵਿਚਾਰਨਾ ਚਾਹਾਂਗੇ ਕਿ "ਪੰਜਾਬੀ ਭਾਸ਼ਾ ਅਤੇ ਸਭਿਆ-

ਚਾਰ ਉਸ ਹੱਦ ਤਕ ਹੀ ਸ਼ਕਤੀਸ਼ਾਲੀ ਤੇ ਪ੍ਰਭਾਵਕਾਰੀ ਹੋ ਸਕਦੇ ਹਨ, ਜਿਸ ਹੱਦ ਤਕ ਪੰਜਾਬ ਇਕ ਰਾਜ ਵਜੋਂ ਤਾਕਤਵਰ ਤੇ ਪ੍ਰਭਾਵਕਾਰੀ ਹੈ।" ਡਾ: ਰਘਬੀਰ ਸਿੰਘ ਦੇ ਇਹਨਾਂ ਵਿਚਾਰਾਂ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਪਹਿਲਾਂ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਕੋਈ ਹੋਂਦ ਨਹੀਂ ਸੀ ਜਾਂ ਉਹ ਸ਼ਕਤੀਸ਼ਾਲੀ ਨਹੀਂ ਸਨ ਕਿਉਂਕਿ ਪੰਜਾਬ ਦਾ ਆਪਣਾ ਰਾਜ ਨਹੀਂ ਸੀ। ਪਰ ਫਿਰ ਵੀ ਮੱਧਕਾਲ ਦਾ ਸਾਰਾ ਸਾਹਿਤ ਸਿਰਜਿਆ ਗਿਆ। ਡਾ: ਸਾਹਿਬ ਦੇ ਵਿਚਾਰ ਉਲਟੇ ਹੋ ਗਏ। ਅਸਲ ਵਿਚ ਵਿਰੋਧੀ-ਜਨਸਮੂਹ ਦਾ ਆਪਣਾ ਸਭਿਆਚਾਰ ਤੇ ਭਾਸ਼ਾ ਵੀ ਸ਼ਕਤੀਸ਼ਾਲੀ ਹੁੰਦੇ ਹਨ। ਅਸੀਂ ਅਸਲ ਵਿਚ ਅਨੇਕਾਂ ਹੀਣ-ਭਾਵਨਾਵਾਂ ਵਿਚ ਫਸੇ ਰਹੇ ਹਾਂ। ਇਹਨਾਂ ਵਿਚੋਂ ਇਕ ਭਾਸ਼ਾ ਪ੍ਰਤੀ ਹੀਣ ਭਾਵਨਾ ਹੈ। ਇਸ ਹੀਣ ਭਾਵਨਾ ਨਾਲ ਅਸੀਂ ਨਾ ਤਾਂ ਰਾਜ ਪੱਧਰ ਤੇ ਲੜ ਸਕੇ ਹਾਂ ਅਤੇ ਨਾ ਹੀ ਲੋਕ ਲਹਿਰ ਉਸਾਰ ਕੇ ਇਸਨੂੰ ਕਮਜ਼ੋਰ ਕਰ ਸਕੇ ਹਾਂ। ਇਸੇ ਲਈ ਡਾ: ਰਘਬੀਰ ਸਿੰਘ ਜਿਹੇ ਸਿਆਣੇ ਵੀ ਇਸ 'ਹੀਣ ਭਾਵਨਾ' ਦਾ ਸ਼ਿਕਾਰ ਹੋ ਗਏ ਹਨ ਤੇ ਗੁਲਾਮ ਜ਼ਹਿਨੀਅਤ ਦੇ ਅਧੀਨ 'ਸਿਰਜਣਾ' ਨੂੰ ਵੀ ਵੱਖਰੇ ਪੰਧ ਤੇ ਤੋਰਨ ਲੱਗ ਪਏ ਹਨ। ਸਾਨੂੰ ਇਕ ਸਿਆਣੇ ਸਾਥੀ ਦਾ ਇਓਂ ਦੂਜੇ ਪਾਸੇ ਵਹਿ ਜਾਣਾ ਚੰਗਾ ਨਹੀਂ ਲੱਗਦਾ, ਪਰ ਅਸੀਂ ਉਨ੍ਹਾਂ ਦੇ ਮੁੜ ਪਰਤਣ ਦੀ ਆਸ ਰੱਖਾਂਗੇ।

## 2. ਪੁਰਸਕਾਰਾਂ ਦੀ ਸਿਆਸਤ ਤੇ ਪੰਜਾਬੀ ਲੇਖਕ

ਪੰਜਾਬੀ ਸਾਹਿਤ ਵਿਚ ਵੱਖ ਵੱਖ ਲੇਖਕਾਂ, ਰਿਸ਼ਤੇਦਾਰਾਂ, ਸਾਧਾਂ, ਸੰਤਾਂ ਤੇ ਡੇਰਿਆਂ ਦੇ ਮਾਲਕਾਂ ਦੇ ਨਾਂ ਤੇ ਵੰਨ-ਸਵੰਨੇ ਗੈਰ-ਸਰਕਾਰੀ ਮਾਣ-ਸਨਮਾਨ ਵੰਡੇ, ਵਰਤਾਏ ਜਾ ਰਹੇ ਹਨ। ਇਹਨਾਂ ਸਨਮਾਨਾਂ, ਸ਼ੀਲਡਾਂ ਤੇ ਸਿਮ੍ਰਿਤੀ-ਚਿੰਨ੍ਹਾਂ ਦਾ ਨਿਰਣਾ ਕਰਨ ਵਾਲੇ ਵੀ ਆਮ ਕਰਕੇ ਸਵਰਗੀ ਲੇਖਕਾਂ, ਆਲੇਖਕਾਂ ਦੇ ਗੱਦੀਦਾਰ, ਪ੍ਰਸੰਸਕ ਤੇ ਦੋਸਤ-ਮਿੱਤਰ ਈ ਹੁੰਦੇ ਹਨ। ਹਰ ਰੋਜ਼ ਰੋਜ਼ਾਨਾ ਅਖਬਾਰਾਂ ਤੇ ਰਿਸਾਲਿਆਂ ਵਿਚ ਇਹਨਾਂ ਸਮਾਗਮਾਂ ਦੀਆਂ ਰੰਗਦਾਰ ਤਸਵੀਰਾਂ ਛਪਦੀਆਂ ਰਹਿੰਦੀਆਂ ਹਨ। ਉਦਮੀ ਲੇਖਕਾਂ ਦੇ ਘਰੀਂ ਬੈਠਕਾਂ, ਪੜਛੱਤੀਆਂ, ਸ਼ੋਅ-ਬਾਕਸਾਂ ਤੇ ਪਾਰਦਰਸ਼ੀ ਅਲਮਾਰੀਆਂ ਵਿਚ ਇਹਨਾਂ 'ਜਿੱਤੀਆਂ ਗਈਆਂ ਸ਼ੀਲਡਾਂ ਤੇ ਸਿਮ੍ਰਿਤੀ-ਚਿੰਨ੍ਹਾਂ ਦੀ ਘੜਮੱਸ ਵੇਖ ਕੇ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸਾਹਿਤਕ ਭਲਵਾਨਾਂ ਨੇ ਇਹ ਗੁਰਜਾਂ ਜਿੱਤਣ ਲਈ ਕਿੰਨੀ ਮਿਹਨਤ ਕੀਤੀ ਹੋਵੇਗੀ ਤੇ ਕਿਸ ਤਰ੍ਹਾਂ ਦੇ ਮਹਾਨ ਸ਼ਾਹਕਾਰ ਸਿਰਜੇ ਹੋਣਗੇ।

ਪਰ ਪਿਛਲੇ ਦਸਾਂ-ਪੰਦਰਾਂ ਵਰ੍ਹਿਆਂ ਵਿਚ ਵਧ ਰਹੀ ਇਸ ਸਾਹਿਤਕ ਫੈਸ਼ਨ-ਪ੍ਰਸਤੀ ਦੀ ਲੀਲ੍ਹੀ ਵੀ ਅਜੀਬ ਰੂਪ ਧਾਰਦੀ ਰਹੀ ਹੈ। ਇਨਾਮ 'ਤੇ ਸਨਮਾਨ ਕਿਸੇ ਲੇਖਕ ਦੀ ਸਾਹਿਤਕ ਪ੍ਰਾਪਤੀ, ਘਾਲਣਾ ਤੇ ਵਚਨਬੱਧਤਾ ਨੂੰ ਦੇਣ ਦੀ ਥਾਂ, ਆਮ ਕਰਕੇ ਰਾਜਸੀ ਨੇੜਤਾ, ਸਵਾਰਥ, ਲੱਭ, ਨਿੱਜੀ ਸੰਪਰਕ ਤੇ ਅਹੁਦੇ ਦੇ ਆਧਾਰ ਤੇ ਦਿੱਤੇ ਜਾਂਦੇ ਹਨ, ਜਿਸ ਕਾਰਨ ਕਈ ਵਾਰ ਅਜੀਬ ਤੇ ਵਿਰੋਧਾ-ਭਾਸੀ ਸਥਿਤੀਆਂ ਉਤਪੰਨ ਹੋ ਜਾਂਦੀਆਂ ਹਨ ਅਤੇ ਅਖਬਾਰਾਂ, ਰਿਸਾਲਿਆਂ ਦੀ ਚਰਚਾ ਦਾ ਵਿਸ਼ਾ ਬਣਦੀਆਂ ਹਨ। ਮੇਰੀ ਜਾਣਕਾਰੀ ਵਿਚ ਕੁਝ ਅਜੇਹੇ ਲੇਖਕ ਵੀ ਹਨ, ਜਿਹੜੇ ਵੱਡੇ ਵਡੇ ਸਾਹਿਤ ਸਮਾਗਮਾਂ ਉੱਤੇ ਉਚੇਚੇ ਬੁਲਾਇਆਂ ਵੀ ਨਹੀਂ ਅਪੜਦੇ, ਪਰ ਜੇ ਉਹਨਾਂ ਹੀ ਲੇਖਕਾਂ ਦੇ ਸਨਮਾਨ ਦਾ ਪ੍ਰਬੰਧ ਕਰ ਦਿੱਤਾ ਜਾਵੇ ਤਾਂ ਲੋਈਆਂ ਲੁੱਟਣ ਲਈ ਉਹ ਭੱਜੇ ਆਉਂਦੇ ਹਨ।

ਕਈ ਸਾਲ ਪਹਿਲਾਂ ਜਸਵੰਤ ਸਿੰਘ ਕੰਵਲ ਹੁਰਾਂ ਨੇ ਯੂ. ਕੇ. ਤੋਂ ਲੱਖ ਰੁਪਈਆ ਇਕੱਠਾ ਕਰਕੇ ਬਾਵਾ ਬਲਵੰਤ ਤੇ ਸ੍ਰੀ ਬਲਰਾਜ ਸਾਹਨੀ ਦੇ ਨਾਂ ਤੇ ਵਾਰਸ਼ਿਕ ਇਨਾਮ ਰੱਖੇ ਸਨ। ਪਰ ਸਮਾਂ



ਬੀਤਣ ਨਾਲ ਇਹ ਇਨਾਮ ਉਹਨਾਂ ਲੇਖਕਾਂ ਨੂੰ ਵੀ ਵਰਤਾਏ ਗਏ ਨੇ, ਜਿਹਨਾਂ ਦਾ ਕਿ ਦੋਵਾਂ ਸਵਰਗੀ ਲੇਖਕਾਂ ਦੇ ਸਾਰਿਤਕ ਬਿੰਬ ਤੇ ਰਾਜਸੀ ਸੋਚ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਸੀ ਬਣਦਾ। ਕੰਵਲ ਜੀ ਦੀ ਵਾਰਸ਼ਿਕ ਚੋਣ ਦਾ ਆਧਾਰ ਕੀ ਹੁੰਦਾ ਹੈ, ਇਹ ਤਾਂ ਉਹੀ ਦੱਸ ਸਕਦੇ ਹਨ, ਪਰ ਉਹਨਾਂ ਦਾ ਇਹ ਉਦਮ ਇਕ ਆਮ ਜੇਹੀ ਰਸਮੀ ਕਾਰਵਾਈ ਬਣ ਕੇ ਰਹਿ ਗਿਆ ਹੈ ਤੇ ਕੋਈ ਵੀ ਪੰਜਾਬੀ ਲੇਖਕ ਇਸ ਤਮਾਸ਼ੇ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ।

ਕੁਝ ਸਾਲ ਪਹਿਲਾਂ ਕੁਲਵੰਤ ਸਿੰਘ ਵਿਰਕ ਦੇ ਪ੍ਰੀਵਾਰ ਨੇ ਵਿਰਕ-ਅਵਾਰਡ ਚਾਲੂ ਕੀਤਾ ਸੀ, ਪਰ ਤੀਜੇ ਜਾਂ ਚੌਥੇ ਵਰ੍ਹੇ ਤੀਕ ਅੱਪੜਦੇ-ਅੱਪੜਦੇ ਘਰਦਿਆਂ ਤੇ ਪ੍ਰਬੰਧਕਾਂ ਦਾ ਜੋਸ਼ ਤੇ ਉਤਸ਼ਾਹ ਖਤਮ ਹੋ ਗਿਆ। ਰਘਬੀਰ ਢੰਡ ਦੇ ਨਾਂ ਤੇ ਯੂ.ਕੇ. ਦੇ ਕੁਝ ਢੰਡ-ਪ੍ਰਸੰਸਕਾਂ ਨੇ ਅਵਾਰਡ ਚਾਲੂ ਕੀਤਾ ਸੀ, ਪਰ ਦੋ ਤਿੰਨ ਲੇਖਕਾਂ ਨੂੰ ਦੇਣ ਤੋਂ ਬਾਅਦ ਗੱਲ ਖਤਮ ਹੋ ਗਈ। ਹੁਣ ਹਾਲਤ ਇਹ ਹੈ ਕਿ ਇਕੱਲੇ ਸੋਹਣ ਢੰਡ ਨੇ ਹੀ ਉਹ ਸਨਮਾਨ ਪਹਿਲੀ ਚੋਣ ਕਮੇਟੀ ਦੇ ਇਕ ਸਾਬਕਾ ਮੈਂਬਰ ਨੂੰ ਦੇ ਦਿੱਤਾ ਹੈ। ਇਆਪਾ ਤੇ ਮਨਜੀਤ ਅਵਾਰਡ ਤਾਂ ਖ਼ੈਰ ਹੈਨ ਈ ਨਿੱਜੀ ਅਥਵਾ ਪ੍ਰੀਵਾਰਕ ਭਾਂਤ ਦੇ ਅਤੇ ਇਹ ਸੰਚਾਲਕਾਂ ਦੀ ਨਿੱਜੀ ਪਸੰਦ, ਲੋੜ ਜਾਂ ਸੰਪਰਕ ਤੇ ਨਿਰਭਰ ਹਨ। ਸੁਣਿਆ ਹੈ ਕਿ ਐਤਕੀਂ ਇਆਪਾ ਦਾ ਅਵਾਰਡ ਨੌਜਵਾਨ ਪੰਜਾਬੀ ਕਵੀ ਅਮਰਜੀਤ ਕੋਂਕੇ ਨੂੰ ਦਿੱਤਾ ਗਿਆ ਹੈ, ਕਿਉਂਕਿ ਉਸ ਨੇ ਰਵਿੰਦਰ ਰਵੀ ਦੀਆਂ ਚੋਣਵੀਆਂ ਪੰਜਾਬੀ ਕਵਿਤਾਵਾਂ ਚਾ ਹਿੰਦੀ ਅਨੁਵਾਦ ਕੀਤਾ ਹੈ। ਸਾਡੇ ਆਪਣੇ ਜ਼ਿਲੇ ਵਿਚ ਮੀਸ਼ਾ ਅਵਾਰਡ ਚਾਲੂ ਹੋਇਆ ਸੀ, ਪਰ ਸਾਹਿਤਕਾਰ ਡੀ.ਸੀ. ਬੱਲ ਸਾਹਿਬ ਦੇ ਰੀਟਾਇਰ ਹੋਣ ਕਾਰਨ ਬੰਦ ਕਰ ਦਿੱਤਾ ਗਿਆ ਹੈ। ਕੁਝ ਵਰ੍ਹੇ ਪਹਿਲਾਂ ਕਰਨੈਲ ਬਾਗ਼ੀ ਅਵਾਰਡ ਵੀ ਚਾਲੂ ਹੋਇਆ ਸੀ, ਪਰ ਛੇਤੀ ਹੀ ਬੰਦ ਹੋ ਗਿਆ। ਡਾ: ਰਵਿੰਦਰ ਰਵੀ ਦੇ ਨਾਂ ਤੇ ਚੱਲ ਰਹੇ ਦੋ ਅਵਾਰਡ ਲੰਝੇ ਡੰਗ ਨਾਲ ਚਲ ਰਹੇ ਹਨ। ਪਰ ਹਸ਼ਰ ਇਹਨਾਂ ਦਾ ਵੀ ਹੋਰ ਅਵਾਰਡਾਂ ਵਾਲਾ ਅਵੱਸ਼ ਹੋਣਾ ਹੈ।

ਪਾਸ਼ ਅਵਾਰਡ ਹਾਲੀ ਤੀਕ ਚਾਲੂ ਹੈ ਪਰ ਹਰ ਸਾਲ ਚੋਣ ਬਾਰੇ ਕਿੰਤੂ-ਪ੍ਰੰਤੂ ਉੱਠਣੇ ਆਮ ਜੇਹੀ ਗੱਲ ਬਣ ਗਈ ਹੈ। ਕਦੇ ਕਵੀ, ਕਦੇ ਕਹਾਣੀਕਾਰ ਤੇ ਕਦੇ ਕਿਸੇ ਸਿਆਸੀ ਆਗੂ ਨੂੰ ਦਿੱਤਾ ਜਾ ਰਿਹਾ ਇਹ ਪੁਰਸਕਾਰ ਹੌਲੀ ਹੌਲੀ ਆਪਣੀ ਭਰੋਸੇ-ਯੋਗਤਾ ਤੇ ਪ੍ਰਸੰਗਤਾ ਗਵਾਈ ਜਾ ਰਿਹਾ ਹੈ। ਮਾਨਵਵਾਦੀ ਰਚਨਾ ਮੰਚ ਨੇ ਪ੍ਰਗਤੀਵਾਦੀ ਲੋਕ-ਕਵੀ ਗੁਰਦਾਸ ਰਾਮ ਆਲਮ ਨੂੰ ਹਰੀਜਨ ਕਵੀ ਬਣਾ ਧਰਿਆ ਹੈ, ਨਹੀਂ ਤਾਂ ਭਲਾ ਆਲਮ-ਕਾਵਿ ਦਾ ਕਹਾਣੀਕਾਰ ਪ੍ਰੇਮ ਗੋਰਖੀ ਨਾਲ ਕੀ ਰਿਸ਼ਤਾ ਬਣਦਾ ਹੈ। ਪ੍ਰਿੰ. ਸੰਤ ਸਿੰਘ ਸੇਖੋਂ ਦੇ ਨਾਂ ਤੇ ਸ਼ੁਰੂ ਹੋਣ ਵਾਲੇ ਨਿੱਕੇ-ਵੱਡੇ ਪੁਰਸਕਾਰਾਂ ਦਾ ਹਸ਼ਰ ਹਾਲੀ ਪਾਠਕਾਂ ਨੇ ਵੇਖਣਾ ਹੈ। ਰੱਬ ਖ਼ੈਰ ਕਰੇ।

ਕਿਸੇ ਵੀ ਨਿੱਕੇ ਵੱਡੇ ਕਵੀ ਜਾਂ ਲੇਖਕ ਦੇ ਨਾਂ ਉੱਤੇ ਭਾਵਕਤਾ-ਵੱਸ ਕੋਈ ਪੁਰਸਕਾਰ ਚਾਲੂ ਕਰ ਦੇਣਾ ਔਖਾ ਕੰਮ ਨਹੀਂ ਹੁੰਦਾ। ਐਪਰ ਚੋਣ-ਵਿਧੀ ਨੂੰ ਪਾਰਦਰਸ਼ੀ ਬਣਾਈ ਰੱਖਣਾ, ਪੁਰਸ-ਕਾਰ ਦੀ ਨਿਰੰਤਰਤਾ ਯਕੀਨੀ ਬਣਾਉਣੀ, ਸੰਕਰੀਣਤਾ ਤੋਂ ਬਚਣਾ ਤੇ ਭਾਈ ਭਤੀਜਾਵਾਦ ਤੋਂ ਬਚਾਉਣਾ ਕਾਫੀ ਜ਼ੁੰਮੇਵਾਰੀ ਵਾਲੇ ਔਖੇ ਕਾਰਜ ਹਨ।

ਸਾਡੇ ਖਿਆਲ ਵਿਚ ਵਾਰਸਾਂ ਦਾ ਅਸਲ ਕਾਰਜ ਇਸ ਤੋਂ ਵੱਖਰਾ ਹੈ। ਕਿਸੇ ਵੀ ਉੱਘੇ ਲੇਖਕ ਦੀ ਕੁਦਰਤੀ ਜਾਂ ਅਚਾਨਕ ਹੋਈ ਮੌਤ ਸਮੇਂ, ਉਸ ਦੀਆਂ ਬਹੁਤ ਸਾਰੀਆਂ ਮਹੱਤਵਪੂਰਨ ਲਿਖਤਾਂ ਛਪਣੀਆਂ ਰਹਿ ਜਾਂਦੀਆਂ ਹਨ। ਪ੍ਰਬੰਧਕਾਂ ਦਾ ਮੁੱਖ ਕੰਮ ਇਹਨਾਂ ਦੀ ਸੁਘੜ ਸੰਪਾਦਨਾ ਤੇ

ਪ੍ਰਕਾਸ਼ਨਾ ਹੋਣਾ ਚਾਹੀਦਾ ਹੈ। ਇਸ ਖੇਤਰ ਵਿਚ, ਪਾਸ਼ ਮੈਮੋਰੀਅਲ ਟਰੱਸਟ ਦਾ ਕੀਤਾ ਕੰਮ ਭਰਪੂਰ ਪ੍ਰਸੰਸਾ ਵਾਲਾ ਹੈ। ਟਰੱਸਟ ਨੇ ਪਾਸ਼-ਕਾਵਿ ਅਤੇ ਸਾਹਿਤ ਨੂੰ ਸਮੁੱਚੇ ਰੂਪ ਵਿਚ ਛਾਪ ਦਿੱਤਾ ਹੈ। ਇਸ ਸਾਹਿਤ ਦਾ ਸੰਕਲਨ, ਸੰਪਾਦਨ, ਪ੍ਰਕਾਸ਼ਨ, ਵਿਸ਼ਲੇਸ਼ਣ ਤੇ ਮੁਲਾਂਕਣ ਵੀ ਕਾਫੀ ਹੱਦ ਤੀਕ ਚੁੱਕਾ ਹੈ। ਹੁਣ ਲੱਸੀ ਰਿੜਕੀ ਜਾਣ ਦਾ ਕੋਈ ਲਾਭ ਨਹੀਂ ਹੈ। ਨਾ ਹੀ ਪਾਸ਼ ਨੂੰ ਸ਼ਹੀਦ ਭਗਤ ਸਿੰਘ ਦੇ ਬਰਾਬਰ, ਖੜਾ ਕਰਨ ਵਿਚ ਕੋਈ ਤਰਕ ਹੈ। ਭਗਤ ਸਿੰਘ ਸ਼ਹੀਦ ਦਾ ਆਪਣਾ ਖੇਤਰ ਹੈ, ਚਿੰਤਨ, ਕੁਰਬਾਨੀ ਤੇ ਆਜ਼ਾਦੀ ਸੰਗਰਾਮ ਦਾ। ਪਾਸ਼ ਦਾ ਖੇਤਰ ਕਵਿਤਾ ਹੈ, ਜਿਸ ਵਿਚ ਉਹ ਵਿਲੱਖਣ ਹੈ। ਨਿਰਾ 23 ਮਾਰਚ ਨੂੰ ਸ਼ਹੀਦ ਹੋਣ ਨਾਲ ਹਰ ਕੋਈ ਭਗਤ ਸਿੰਘ ਨਹੀਂ ਬਣ ਜਾਂਦਾ।

ਇੰਞ ਹੀ ਜੇ ਡਾ. ਢੰਡ ਪੁਰਸਕਾਰ ਬੰਦ ਕਰਨਾ ਪੈ ਗਿਆ ਹੈ, ਤਾਂ ਇਸ ਨਾਲ ਡਾ: ਰਘਬੀਰ ਢੰਡ ਦੀ ਕਹਾਣੀ-ਖੇਤਰ ਵਿਚ ਕੀਤੀ ਪ੍ਰਾਪਤੀ ਘਟ ਨਹੀਂ ਜਾਂਦੀ। ਰਘਬੀਰ ਢੰਡ ਦੇ ਅਣਛਪੇ ਸਾਹਿਤ ਦੀ ਸੰਪਾਦਨਾ, ਸੰਕਲਨ ਅਤੇ ਪ੍ਰਕਾਸ਼ਨ ਦਾ ਕਾਰਜ ਇਕੱਲਾ ਸੋਹਣ ਢੰਡ ਬੜੀ ਸੁਘੜਤਾ ਤੇ ਵਿਦਵਤਾ-ਪੂਰਨ ਢੰਗ ਨਾਲ ਕਰੀ ਜਾ ਰਿਹਾ ਹੈ।

ਸ. ਸ. ਮੀਸ਼ਾ ਬਾਰੇ ਕਰਨ ਵਾਲਾ ਕੰਮ ਇਹ ਸੀ ਕਿ ਉਸ ਦੀ ਸਮੁੱਚੀ ਕਵਿਤਾ (ਛਪੀ ਤੇ ਅਣਛਪੀ) ਨੂੰ ਦੁਬਾਰਾ ਇਕੋ ਜਿਲਦ ਵਿਚ ਛਾਪਣ ਦਾ ਉਪਰਾਲਾ, ਉਸ ਦੇ ਪ੍ਰੀਵਾਰ ਜਾਂ ਪ੍ਰਸੰਸਕਾਂ ਵਲੋਂ ਕੀਤਾ ਜਾਂਦਾ। ਇਹੀ ਕੰਮ ਅਮਰ-ਚਿਤਰਕਾਰ ਤੇ ਹੋਰ ਗੁਜ਼ਰ ਗਏ ਅਨੇਕ ਲੇਖਕਾਂ ਬਾਰੇ ਵੀ ਕਰਨ ਦੀ ਲੋੜ ਹੈ।

ਮੈਂ ਆਪਣੀ ਟਿਪਣੀ ਨੂੰ ਸਿਰਫ ਗੈਰ-ਸਰਕਾਰੀ ਪੁਰਸਕਾਰਾਂ ਤੀਕ ਸੀਮਤ ਰੱਖ ਰਿਹਾ ਹਾਂ। ਸਰਕਾਰੀ ਪੁਰਸਕਾਰਾਂ ਵਿਸ਼ੇਸ਼ ਤੌਰ ਤੇ ਭਾਸ਼ਾ ਵਿਭਾਗ ਦੇ ਪੁਰਸਕਾਰਾਂ ਦੀ ਜਿਵੇਂ ਹਰ ਸਾਲ ਚੋਣ ਹੁੰਦੀ ਹੈ, ਉਸ ਬਾਰੇ ਵਾਦ-ਵਿਵਾਦ ਤਾਂ ਅਕਸਰ ਹੀ ਚੱਲਦਾ ਰਹਿੰਦਾ ਹੈ ਤੇ ਪੁਰਸਕਾਰ-ਪ੍ਰਾਪਤੀ ਲਈ ਕੀਤੇ ਜਾਂਦੇ ਨਿੱਜੀ ਉਪਰਾਲਿਆਂ ਬਾਰੇ ਕੰਨਸੋਆਂ ਵੀ ਮਿਲਦੀਆਂ ਰਹਿੰਦੀਆ ਹਨ।

ਅਣ-ਉਚਿਤ ਪੁਰਸਕਾਰ ਚਾਲੂ ਕਰਨਾ ਤੇ ਫਿਰ ਮਨ-ਮਰਜ਼ੀ ਨਾਲ ਯਾਰਾ-ਬਾਸ਼ਾਂ ਨੂੰ ਦੇਣਾ ਭਰਿਸ਼ਟਾਚਾਰ ਦੀ ਹੀ ਹਿੱਸਾ ਹੈ, ਪਰ ਅਜੇਹੇ ਪੁਰਸਕਾਰ ਲੇਖਕਾਂ ਵੱਲੋਂ ਸਵੀਕਾਰ ਕਰਨੇ ਵੀ, ਠੀਕ ਨਹੀਂ ਹਨ। ਪੰਜਾਬੀ ਵਿਚ ਗਲਤ, ਨਗੂਣੇ ਅਖੌਤੀ ਪੁਰਸਕਾਰ ਠੁਕਰਾਉਣ ਦੀ ਸ਼ੁੱਭ-ਰੀਤ ਪ੍ਰਚਲਤ ਨਹੀਂ ਹੋਈ। ਸ਼ਾਇਦ ਏਸੇ ਕਾਰਨ ਹਰ ਜਣਾ ਖਣਾ ਆਪਣੇ ਬਾਪੂ ਦੇ ਗੁਜ਼ਰ ਜਾਣ ਉੱਤੇ ਪੁਰਸਕਾਰ ਚਾਲੂ ਕਰਨ ਤੁਰ ਪੈਂਦਾ ਹੈ। ਮੇਰੀ ਜਾਣਕਾਰੀ ਅਨੁਸਾਰ ਇਕੱਲਾ-ਕਾਰਾ ਸੁਖਬੀਰ ਹੀ ਹੈ, ਜਿਸ ਅਜੇਹੇ ਪੁਰਸਕਾਰ ਨੂੰ ਠੁਕਰਾਇਆ ਸੀ।

ਪੁਰਸਕਾਰਾ ਮਗਰ ਭੱਜਣ ਦੀ ਥਾ ਸਿਰਜਣਾਤਮਿਕ ਲੇਖਕ ਨੂੰ ਆਪਣੀ ਰਚਨਾ ਪ੍ਰਤੀ ਸੁਹਿਰਦ ਹੋਣ ਦੀ ਲੋੜ ਹੈ, ਕਿਉਂਕਿ ਸੌਖੀ ਤਰ੍ਹਾਂ ਜਾਂ ਜੋੜ ਤੋੜ ਕਰਕੇ ਪ੍ਰਾਪਤ ਕੀਤੇ ਅਖੌਤੀ ਪੁਰਸਕਾਰ ਲੇਖਕ ਦਾ ਸਵਾਰਦੇ ਕੁਝ ਨਹੀਂ, ਪਰ ਵਿਗਾੜਦੇ ਬਹੁਤ ਕੁਝ ਹਨ। ਸਵੈ-ਮਾਣ ਨੂੰ ਕਾਇਮ ਰੱਖਣਾ ਬੜੀ ਵੱਡੀ ਪਰ ਔਖੀ ਗੱਲ ਹੁੰਦੀ ਹੈ। ਯਾਦ ਰੱਖਣਾ ਚਾਹੀਦਾ ਹੈ ਕਿ ਕਦੇ ਫਰਾਂਸੀਸੀ ਚਿੰਤਕ ਤੇ ਸੰਸਾਰ ਪ੍ਰਸਿੱਧ ਲੇਖਕ ਜਾਂ ਪਾਲ ਸਾਰਤਰ ਨੇ ਨੋਬਲ ਪੁਰਸਕਾਰ ਨੂੰ 'ਆਲੂਆਂ ਦੀ ਬੋਰੀ' ਕਹਿ ਕੇ ਠੁਕਰਾ ਦਿੱਤਾ ਸੀ ਤੇ ਕਿਹਾ ਸੀ 'ਜੇ ਇਹੀ ਪੁਰਸਕਾਰ ਮੈਨੂੰ, ਅਫਰੀਕੀ ਆਜ਼ਾਦੀ ਸੰਘਰਸ਼ ਵਿਚ ਮੇਰੀ ਸ਼ਮੂਲੀਅਤ ਕਾਰਨ ਦਿੱਤਾ ਜਾਂਦਾ ਤਾਂ ਇਸ ਨਾਲ ਉਸ ਮੁਕਤੀ-ਸੰਗਰਾਮ ਨੂੰ ਬਲ ਮਿਲਣਾ ਸੀ।"



ਕਾਸ਼! ਸਵੈਮਾਣ ਦੀ ਇਹ ਬੁਲੰਦੀ ਸਾਡੇ ਵਿਚ ਵੀ ਆ ਜਾਵੇ।

ਇਸ ਟਿੱਪਣੀ ਨੂੰ ਮੈਂ ਇਕ ਘਟਨਾ ਨਾਲ ਖਤਮ ਕਰਨਾ ਚਾਹਾਂਗਾ। ਕੁਝ ਸਾਲ ਪਹਿਲਾਂ ਜਦੋਂ ਪੰਜਾਬੀ ਕਵੀ ਰਵਿੰਦਰ ਰਵੀ ਪੰਜਾਬ ਆਇਆ ਤਾਂ ਉਸ ਦੇ ਮਾਣ ਵਿਚ ਇਕ ਡਾ: ਮਿੱਤਰ ਨੇ ਆਪਣੀ ਸਭਾ ਵੱਲੋਂ, ਉਸ ਨੂੰ 'ਬਾਵਾ ਬਲਵੰਤ ਪੁਰਸਕਾਰ' ਪ੍ਰਦਾਨ ਕੀਤਾ ਸੀ। ਭਲਾ ਬਾਵੇ ਦੀ ਕਵਿਤਾ ਦੀ ਰਵੀ ਦੀ ਕਵਿਤਾ ਨਾਲ ਕਿਸ ਭਾਂਤ ਦੀ ਨੇੜਤਾ ਸੀ। ਮੇਰੇ ਪੁੱਛਣ ਉੱਤੇ ਉਹ ਡਾ: ਸਾਹਿਬ ਕਹਿਣ ਲੱਗੇ, "ਲੈ:, ਆਪਣਾ ਯਾਰ ਹੈ ਰਵੀ। ਕਿਉਂ ਨਾ ਕਰੀਏ ਉਸ ਦਾ ਸਨਮਾਨ।"

ਹਾਲ ਦੀ ਘੜੀ ਏਨਾ ਹੀ। ਅਜੇ ਵੀ ਢੇਰ ਸਾਰੇ ਪੁਰਸਕਾਰਾਂ ਦਾ ਜ਼ਿਕਰ ਹੋਣੋ ਰਹਿ ਗਿਆ ਹੋਵੇਗਾ। ਆਓ ਇਸ ਵਿਸ਼ੇ ਤੇ ਆਪਣੇ ਆਪਣੇ ਤਜਰਬਿਆਂ ਨੂੰ ਚਿਰਾਗ਼ ਦੇ ਪਾਠਕਾਂ ਨਾਲ ਸਾਂਝੇ ਕਰੀਏ।

## 3. ਆਪਣੀ ਗੱਲ

'ਚਿਰਾਗ, ਛੇ ਸਾਲ ਪੂਰੇ ਕਰਕੇ ਸਤਵੇਂ ਸਾਲ ਵਿਚ ਦਾਖਲ ਹੋ ਰਿਹਾ ਹੈ। ਕਿਸੇ ਪੰਜਾਬੀ ਪਰਚੇ ਲਈ ਜਿਸ ਕੋਲ ਮਾਲੀ ਸਾਧਨ ਸੀਮਤ ਹੋਣ, ਇਕ ਅਹਿਮ ਗੱਲ ਹੈ। ਚਿਰਾਗ ਨੇ ਦੇਸ਼ ਅੰਦਰ ਤੇ ਬਾਹਰ ਖਾਸ ਕਰਕੇ, ਪੱਛਮੀ ਪੰਜਾਬ ਵਿਚ ਆਪਣਾ ਨਾਂ ਬਣਾ ਲਿਆ ਹੈ। ਇਸ ਵੱਲੋਂ ਕੱਢੇ ਗਏ ਵਿਸ਼ੇਸ਼ ਨੰਬਰ, ਮਾਰਕਸਵਾਦੀ ਸੁਹਜ ਸ਼ਾਸ਼ਤਰ, ਤੁਰਕੀ ਦੇ ਲੋਕ-ਕਵੀ ਨਾਜ਼ਿਮ ਹਿਕਮਤ ਯਾਦਗਾਰੀ ਹੋ ਨਿਬੜੇ ਹਨ। ਇਹਨਾਂ ਦਾ ਭਰਵਾਂ ਸਵਾਗਤ ਹੋਇਆ ਹੈ। ਕੁਝ ਹੋਰ ਨੰਬਰ ਜਿਵੇਂ ਗੁਰਬਖਸ਼ ਸਿੰਘ ਨੰਬਰ ਤੇ ਅਲੋਚਨਾ ਨੰਬਰ ਵੀ ਠੀਕ ਰਹੇ ਹਨ।

ਅਸੀਂ ਪਰਚਾ ਕਿਸੇ ਨਿੱਜੀ ਲਾਲਸਾ ਦੀ ਪੂਰਤੀ ਲਈ ਨਹੀਂ ਕੱਢ ਰਹੇ। ਸਾਡੇ ਸਾਹਮਣੇ ਸਪੱਸ਼ਟ ਤੇ ਨਿਸਚਤ ਉਦੇਸ਼ ਹਨ। ਅਸੀਂ ਸੰਸਾਰ ਪੱਧਰ ਤੇ ਚਲ ਰਹੀ ਪਰਗਤੀਸ਼ੀਲ ਲੋਕ-ਲਹਿਰ ਦੇ ਸਾਹਿਤਕ ਪੱਖ ਦਾ ਅੰਗ ਬਣਨ ਦੀ ਤਾਂਘ ਰਖਦੇ ਹਾਂ। ਅਸੀਂ ਮੋਟੇ ਤੌਰ ਤੇ ਜਨਵਾਦ, ਧਰਮ ਨਿਰਪੱਖਤਾ ਤੇ ਪ੍ਰਗਤੀਸ਼ੀਲ ਸਾਹਿਤਕ ਨਿਸ਼ਾਨਿਆਂ ਨੂੰ ਲੈ ਕੇ ਤੁਰੇ ਸੀ ਤੇ ਇਹਨਾਂ ਹੀ ਮੰਤਵਾਂ ਦੀ ਪੂਰਤੀ ਲਈ ਸਾਹਿਤਕ ਉਪਰਾਲੇ ਕਰਨ ਲਈ ਤਤਪਰ ਰਹਿਣ ਲਈ ਦ੍ਰਿੜ ਸੰਕਲਪ ਹਾਂ। ਅਸੀਂ ਇਕ ਸੰਸਥਾ ਦੇ ਅਧੀਨ ਹਾਂ। ਬੇਸ਼ਕ ਇਹ ਸੰਸਥਾ, ਸਾਡੇ ਸਾਹਿਤਕ ਕਾਰਜਾਂ ਵਿਚ ਕੋਈ ਦਖਲ ਨਹੀਂ ਦਿੰਦੀ, ਫਿਰ ਵੀ ਲੋੜ ਪੈਣ ਤੇ ਸਾਨੂੰ ਸੇਧ ਤੇ ਦਿਸ਼ਾ ਨਿਰਦੇਸ਼ਨ ਦਿੰਦੀ ਹੈ। ਅਸੀਂ ਆਪਣੇ ਆਪ ਨੂੰ ਉਸ ਸੰਸਥਾ ਦੇ ਅਧੀਨ ਮੰਨਦੇ ਹਾਂ ਅਤੇ ਯਤਨ ਕਰਦੇ ਹਾਂ ਕਿ ਪਰਚੇ ਵਿਚ ਛਪਣ ਵਾਲੀ ਕੋਈ ਲਿਖਤ ਸੰਸਥਾ ਦੇ ਆਸ਼ਿਆਂ ਨਾਲ ਟਕਰਾ ਨਾ ਜਾਵੇ।

'ਚਿਰਾਗ, ਦੀਆਂ ਦੋ ਹੋਰ ਵਿਸ਼ੇਸ਼ਤਾਵਾਂ ਵੀ ਹਨ। ਇਸ ਨੇ ਪੱਛਮੀ ਪੰਜਾਬ ਦੇ ਪੰਜਾਬੀ ਲੇਖਕਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਿਆ ਹੈ ਤੇ ਉਹਨਾਂ ਦੀਆਂ ਲਿਖਤਾਂ ਛਾਪੀਆਂ ਹਨ। ਦੂਜੇ ਉੱਤਰ ਆਧੁਨਿਕਤਾਵਾਦ ਦੇ ਕੁਰਾਹੇ ਵਿਰੁੱਧ ਸਭ ਤੋਂ ਪਹਿਲਾ ਲੋਹਾ ਲਿਆ ਹੈ। ਇਸ ਦੇ ਗੈਰ-ਜਮਾਤੀ ਕਿਰਦਾਰ ਨੂੰ ਨੰਗਾ ਕੀਤਾ ਹੈ। ਅਸੀਂ ਚਿਰਾਗ ਵਿਚ ਪੁਸਤਕਾਂ ਦੇ ਸੰਤੁਲਤ ਰੀਵੀਊ ਛਾਪਣ ਦਾ ਯਤਨ ਕੀਤਾ ਹੈ। ਇਹ ਸਾਡੀਆ ਪ੍ਰਾਪਤੀਆਂ ਦੇ ਬਾਵਜੂਦ ਅਸੀਂ ਏਨਾ ਕੁਝ ਕਰਕੇ ਸੰਤੁਸ਼ਟ ਨਹੀਂ ਹਾਂ, ਸਾਡੀ ਮਿੱਥੀ ਮੰਜ਼ਲ ਹਾਲੇ ਦੂਰ ਹੈ। ਅਸੀਂ ਚਿਰਾਗ਼ ਨੂੰ ਪੰਜਾਬੀ ਦੇ ਪ੍ਰਗਤੀਸ਼ੀਲ ਤੇ ਲੋਕ ਸਾਹਿਤ ਦਾ ਮੋਹਰੀ ਪਰਚਾ ਦੇਖਣਾ ਚਾਹੁੰਦੇ ਹਾਂ ਤੇ ਉਸੇ ਲਈ ਯਤਨਸ਼ੀਲ ਹਾਂ।

ਅਸੀਂ ਮੁੜ ਇਕੱਠੇ ਬੈਠਕੇ ਚਿਰਾਗ ਦੇ ਪਿਛੋਕੜ, ਬਣਦੇ ਰੋਲ ਤੇ ਨਜ਼ਰ ਮਾਰੀ ਹੈ। ਪ੍ਰਾਪਤੀਆਂ ਦੇ ਨਾਲ ਘਾਟਾਂ ਵੀ ਦੇਖੀਆਂ ਹਨ। ਅਸੀਂ ਇਹ ਘਾਟਾਂ ਆਉਣ ਵਾਲੇ ਸਮੇਂ ਵਿਚ ਦੂਰ

ਕਰਾਂਗੇ। ਸਭ ਤੋਂ ਪਹਿਲੀ ਗੱਲ ਇਸ ਦੀ ਛਪਾਈ ਤੇ ਦਿੱਖ ਹੈ। ਅੱਜ ਦੇ ਕੰਪਿਊਟਰ ਯੁੱਗ ਵਿਚ ਚੰਗੇ ਪਰਚੇ ਲਈ ਇਸ ਦੀ ਛਪਾਈ ਜ਼ਰੂਰੀ ਹੈ। ਅਸੀਂ ਸੁਰਜਵਾਦੀ ਪੱਖ ਤੋਂ ਪਰਚੇ ਨੂੰ ਸੋਹਣਾ ਬਨਾਉਣ ਲਈ ਚਿੰਤਤ ਹਾਂ ਇਸ ਪੱਖੋਂ ਅਸੀਂ ਕੁਝ ਫੈਸਲੇ ਲਏ ਹਨ। ਤੇ ਛੇਤੀ ਹੀ ਉਹਨਾਂ ਤੇ ਅਮਲ ਕਰਾਂਗੇ।

ਅਸੀਂ ਚਿਰਾਗ ਨੂੰ ਕੇਵਲ ਪੰਜਾਬੀ ਸਾਹਿਤ ਤੱਕ ਸੀਮਤ ਨਾ ਰੱਖਦੇ ਹੋਏ ਪੰਜਾਬੀ ਸਭਿਆਚਾਰ ਤੇ ਹੋਰ ਕਲਾਵਾਂ ਦੀ ਗੱਲ ਕਰਨ ਵਾਲਾ ਪਰਚਾ ਬਨਾਉਣ ਦਾ ਉਦੇਸ਼ ਵੀ ਮਿਥਿਆ ਹੈ—

ਚਿਰਾਗ ਦਾ ਦਾਇਰਾ ਵਿਸ਼ਾਲ ਕਰਨ ਲਈ ਅਸੀਂ ਹੋਰ ਅੱਗੇ ਵਧੂ ਲੇਖਕਾਂ ਤੇ ਬੁਧੀਜੀਵੀਆਂ ਦਾ ਸਹਿਯੋਗ ਪ੍ਰਾਪਤ ਕਰਨ ਦਾ ਯਤਨ ਕਰਾਂਗੇ। ਇਸਦੇ ਨਾਲ ਹੀ ਦੇਸ਼ ਤੇ ਵਿਦੇਸ਼ਾਂ ਵਿਚ ਪ੍ਰਤੀਨਿਧ ਬਨਾਉਣ ਦਾ ਫੈਸਲਾ ਕੀਤਾ ਹੈ। ਸਾਰੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਪਰਚੇ ਦਾ ਚੰਦਾ ਤ੍ਰੀਹ ਰੁਪੈ ਤੋਂ ਚਾਲੀ ਰੁਪੈ ਕਰ ਰਹੇ ਹਾਂ। ਪਹਿਲ ਚੰਦੇ ਉਸੇ ਤਰ੍ਹਾਂ ਚੱਲਣਗੇ—

ਸਾਡਾ ਉਦੇਸ਼ ਚਿਰਾਗ ਨੂੰ ਇਕ ਸੰਸਥਾ ਬਨਾਉਣਾ ਹੈ। ਚਿਰਾਗ ਦੇ ਨਾਲ ਹੀ ਪੁਸਤਕਾਂ ਛਪਾਣ ਦਾ ਕੰਮ ਅਰੰਭਣ ਦਾ ਵੀ ਹੈ। ਇਸ ਸਬੰਧੀ ਅਸੀਂ ਸੋਚ ਵਿਚਾਰ ਕਰ ਲਈ ਹੈ। ਨਵੇਂ ਸਾਲ ਵਿਚ ਇਸ ਦਾ ਆਰੰਭ ਕਰਾਂਗੇ।

ਅਸੀਂ ਆਪਣੇ ਸਹਿਯੋਗੀਆਂ, ਪਾਠਕਾਂ ਤੇ ਪੱਛਮੀ ਪੰਜਾਬ ਦੇ ਲੇਖਕਾਂ ਤੇ ਵਿਸ਼ੇਸ਼ ਕਰਕੇ ਬਦੇਸ਼ੀ ਮਿੱਤਰਾਂ ਦੇ ਧੰਨਵਾਦੀ ਹਾਂ, ਜਿਨ੍ਹਾਂ ਦੇ ਸਿਰ ਤੇ ਅਸੀਂ ਏਥੋਂ ਤੀਕ ਪੁੱਜੇ ਹਾਂ ਤੇ ਅੱਗੇ ਪੁੱਜਣ ਦੇ ਇੱਛਕ ਹਾਂ। ਅਸੀਂ ਆਸ ਕਰਦੇ ਹਾਂ ਕਿ ਲੇਖਕ ਤੇ ਪਾਠਕ ਪਹਿਲਾਂ ਵਾਂਗ ਹੀ ਸਾਡੇ ਅੰਗ ਸੰਗ ਰਹਿਣਗੇ।

—ਸੰਪਾਦਕੀ ਮੰਡਲ

### ਗ਼ਜ਼ਲ/ਡਾ. ਸਿਕੰਦਰ ਭੱਟੀ

ਬਗਾਵਤ ਬਣਨ ਦੇ ਇਲਜ਼ਾਮ ਕੋਲੋਂ ਡਰ ਰਹੀ ਇਕ ਚੀਕ।
ਮੇਰੇ ਹੋਠਾਂ ਦੀ ਚੁੱਪ ਤੋੜਨ ਦੀ ਕੋਸ਼ਿਸ਼ ਕਰ ਰਹੀ ਇਕ ਚੀਕ।

ਕੋਈ ਨਗਮਾ ਕਹੇ, ਝਾਂਜਰ ਕਹੇ, ਸਰਗਮ ਕਹੇ, ਐਪਰ,
ਮੈਂ ਕਹਿਨਾਂ ਸਾਜ਼ ਦੀ ਲੈਅ ਤੇ ਹੈ ਕੇਵਲ ਤਰ ਰਹੀ ਇਕ ਚੀਕ।

ਮੇਰੇ ਤੁਰ ਜਾਨ ਪਿਛੋਂ ਕਬਰ ਦਾ ਦੀਵਾ ਬਣੇ ਇਹ ਸ਼ਾਇਦ,
ਅਜੇ ਤਾਂ ਜ਼ਿੰਦਗੀ ਦੀ ਠੰਡ ਵਿਚ ਹੀ ਠਰ ਰਹੀ ਇਕ ਚੀਕ।

ਬਦਨ ਵਿਚਲੇ ਖਲਾਅ ਅੰਦਰ ਭਟਕਦੀ ਹੈ, ਤੜਪਦੀ ਹੈ,
ਬਦਨ ਤੋਂ ਬਾਹਰ ਫੈਲੇ ਸ਼ੋਰ ਕੋਲੋਂ ਡਰ ਰਹੀ ਇਕ ਚੀਕ।

ਕਿਸੇ ਨੇ ਨਾ ਸੁਣੀ ਸ਼ਾਇਦ ਇਹ ਬਸਤੀ ਬੋਲਿਆਂ ਦੀ ਸੀ,
ਕਿ ਜਿਸ ਵਿਚ ਦਰਦ ਲੈ ਕੇ ਭਟਕਦੀ ਦਰ ਦਰ ਰਹੀ ਇਕ ਚੀਕ।

ਲਿਖੇਗਾ ਵੇਦਨਾ ਇਸ ਦੀ ਕੋਈ 'ਭੱਟੀ' ਜਿਹਾ ਸ਼ਾਇਰ,
ਸੁਣੇਗਾ ਜਦ ਸਿਸਕਦੀ, ਛਟਪਟਾਉਂਦੀ ਮਰ ਰਹੀ ਇਕ ਚੀਕ।

ਸੈਦਪੁਰ ਰੋਡ, ਸ਼ਾਹਕੋਟ (ਜਲੰਧਰ)।



ਇਸ ਵਾਰ ਦਾ ਵਿਸ਼ੇਸ਼ ਕਵੀ

## ਨਿਰਮਲ ਦੱਤ—ਪੰਜ ਨਜ਼ਮਾਂ

**ਨਿਰਮਲ ਦੱਤ ਨਵਾਂ ਨਾਂ ਤਾਂ ਭਾਵੇਂ ਨਹੀਂ, ਪਰ ਉਸਦੀ ਸ਼ਾਇਰੀ ਵਿਚ ਨਵਾਂ ਪਨ ਤੇ ਵੱਖਰਾ ਰੰਗ ਜ਼ਰੂਰ ਹੈ। ਨਿਰਮਲ ਦਾ ਅਜੇ ਤੀਕ ਕੋਈ ਸੰਗ੍ਰਹਿ ਨਹੀਂ ਛਪਿਆ, ਕਦੇ ਕਦੇ ਉਹ ਲੜੀ ਨੰਬਰਾਂ ਰਾਹੀਂ, ਆਪਣੀਆਂ ਸੱਜਰੀਆਂ ਤੇ ਨਰੋਈਆਂ ਕਵਿਤਾਵਾਂ ਮਿੱਤਰਾਂ ਦੇ ਇਕ ਸੀਮਤ ਦਾਇਰੇ ਤੀਕ ਪਹੁੰਚਾਣ ਦਾ ਹੀਲਾ ਕਰਦਾ ਰਹਿੰਦਾ ਹੈ। ਦੱਤ, ਡੀ. ਏ. ਵੀ ਚੰਡੀਗੜ੍ਹ ਵਿਚ ਲੈਕਚਰਾਰ ਹੈ।** (ਸੰਪਾਦਕ)

### 1. ਸਧਾਰਣ ਬੰਦਾ

ਮੈਂ ਹਾਂ
ਬੇ-ਨਾਮ ਤੇ ਬੇ-ਨਕਸ਼ ਸਧਾਰਣ ਬੰਦਾ
ਕੌਣ ਕਰਦਾ ਹੈ
ਮੇਰੀ ਹੋਂਦ ਦੇ ਅਰਥਾਂ ਦੀ ਤਲਾਸ਼?
ਨਾਂ ਮੇਰਾ ਜਨਮ
ਗ੍ਰਹਿਾਂ ਦਾ ਸੰਜੋਗੀ ਸੰਗਮ
ਨਾਂ ਮੇਰੀ ਮੌਤ ਹੈ ਸਰਕਾਰੀ ਸੋਗ,
ਮੈਂ ਤਾਂ ਇਕ ਹਿੰਦਸਾ ਹਾਂ ਬੱਸ
ਜਨਮ-ਤੇ-ਮੌਤ ਦੇ ਖਾਤੇ ਦੇ ਕਿਸੇ ਖਾਨੇ ਵਿਚ।
ਅੱਜ ਵੀ ਜਰਵਾਣਿਆਂ ਦੇ
ਘੋੜਿਆਂ ਦੇ ਸੁੰਮਾਂ 'ਤੇ
ਵੇਖ ਸਕਦੇ ਹੋ ਮੇਰੇ ਖੂਨ ਦੇ ਦਾਗ,
ਅੱਜ ਵੀ ਜ਼ੁਲਮ ਦੀ ਛਾਤੀ 'ਤੇ
ਚਮਕਦੇ ਹੋਏ ਤਮਗੇ ਅੰਦਰ
ਕੈਦ ਹੈ
ਮੇਰੀਆਂ ਅੱਖਾਂ 'ਚੋਂ
ਚੁਰਾਈ ਗਈ ਲੋ।
ਅੱਜ ਵੀ ਮੇਰੀਆਂ ਬੱਚਿਆਂ ਦੇ ਕੁਆਰੇ ਹਾਸੇ
ਹਵਸ ਦੀ ਮੰਡੀ 'ਚ ਵਿਕਦੇ ਨੇ
ਰੋਟੀਆਂ ਬਦਲੇ.
ਅੱਜ ਵੀ ਮੀਂਹਾਂ ਨੂੰ ਤਰਸਦੀ ਹੋਈ
ਸੁੱਕੀ ਖੇਤੀ
ਮੂੰਹ ਚਿੜ੍ਹਾਉਂਦੀ ਹੈ

ਮੇਰੇ ਬੇ-ਉਮੀਦ ਬੱਚਿਆਂ ਦਾ ।
ਮੇਰੀ ਮਿਹਨਤ ਦੀ ਕਮਾਈ ਹੈ
ਸ਼ਾਹਾਂ ਦੀ ਸੌਗਾਤ,
ਮੈਂ ਤਰਸਦਾ ਹਾਂ
ਆਪਣੇ ਹੀ ਹੱਥਾਂ ਦੇ ਸਿਰਜੇ ਸੁੱਖ ਲਈ,
ਇੱਕ ਗੁਮਨਾਮੀ 'ਚ ਜੰਮਦਾ ਹਾਂ
ਉਵੇਂ ਮਰ ਜਾਨਾਂ
ਮੰਗਦਾ ਤਾਰਿਆਂ ਤੋਂ ਰਹਿਮ ਦੀ ਭੀਖ ।
ਮੈਂ ਹਾਂ
ਬੇ-ਨਾਮ ਤੇ ਬੇ-ਨਕਸ਼ ਸਧਾਰਣ ਬੰਦਾ
ਕੌਣ ਕਰਦਾ ਹੈ
ਮੇਰੀ ਹੋਂਦ ਦੇ ਅਰਥਾਂ ਦੀ ਤਲਾਸ਼ ?

## 2. ਮੇਰੀ ਸੀਮਾ

ਮੈਂ
ਇੱਕ ਆਦਮੀਂ ਹਾਂ
ਸੁੱਖ ਵਿੱਚ ਹੱਸ ਪੈਂਦਾ ਹਾਂ
ਦੁੱਖ ਵਿੱਚ ਰੋਣ ਲੱਗ ਪੈਨਾਂ,
ਜੋ ਮੈਨੂੰ ਪਿਆਰ ਕਰਦੇ ਨੇ
ਉਨ੍ਹਾਂ ਦੇ ਪੈਰ ਚੁੰਮਦਾ ਹਾਂ
ਜੋ ਮੈਨੂੰ ਕੁਝ ਨਹੀਂ ਮੰਨਦੇ
ਉਨ੍ਹਾਂ ਨੂੰ ਕੁਝ ਨਹੀਂ ਮੰਨਦਾ।
ਮੈਨੂੰ ਸ਼ੌਕ ਹੈ
ਗੋਰੀਆਂ ਗੱਲ੍ਹਾਂ 'ਚ ਪੈਂਦੇ
ਹਾਸਿਆਂ ਦੇ ਡੂੰਘ ਵੇਖਣ ਦਾ,
ਮੈਂ
ਕਿਸੇ ਗੋਰੀ ਜਿਹੀ ਗਰਦਨ 'ਚ ਪਈ
ਕਾਲੀ ਜਿਹੀ ਗਾਨੀਂ ਨੂੰ
ਛੂਹ ਕੇ ਵੇਖਣਾ ਚਾਹੁੰਨਾਂ ।
ਮੇਰੇ ਸੁਪਨਿਆਂ ਵਿੱਚ
ਤਾਰਿਆਂ ਦੇ ਸਿਲਸਿਲੇ ਹੀ ਸਿਲਸਿਲੇ ਨੇਂ,
ਕਈ ਵਿਸਥਾਰ ਨੇਂ
ਮਹਿਕੇ ਹੋਏ, ਬੇ-ਮੇਲ ਫੁੱਲਾਂ ਦੇ।



ਮੇਰੀ
ਗੀਤਾਂ ਤੇ ਗਾਲਾਂ ਨਾਲ ਲਿੱਬੜੀ ਜੀਭ ਨੂੰ
ਇਲਮ ਨਹੀਂ
ਚੁੱਪ ਦੇ ਸੁਆਦਾਂ ਦਾ,
ਮੇਰੇ ਨੈਣਾਂ 'ਚ, ਕੰਨਾਂ ਵਿੱਚ
ਮੇਰੇ ਮਨ ਵਿੱਚ, ਪ੍ਰਾਣਾਂ ਵਿੱਚ
ਮੇਰੀ ਜਾਗ ਵਿੱਚ ਤੇ ਨੀਂਦ ਵਿੱਚ
ਅਕਾਰਾਂ ਦੇ ਨਮੂਨੇਂ ਨੇਂ,
ਮੈਨੂੰ 'ਸੁੰਨ' ਦੀ. 'ਨਿਰਵਾਣ' ਦੀ
ਕੁਝ ਸਮਝ ਨਹੀਂ ਲੱਗਦੀ ।

## 3. ਕਾਲੇ ਮੇਂਦੇ ਕੱਪੜੇ......

ਇਹ ਮੇਰੀ ਕਾਲੀ ਜਿਹੀ ਕੰਬਲੀ
ਮੇਰਾ ਕਾਲਾ ਵੇਸ
ਇਹ ਤਾਂ ਇਕ ਨਾਟਕ ਹੈ,
ਇਹ ਅਦਾਕਾਰਾਂ ਦੇ ਇਸ ਸ਼ਹਿਰ ਦਾ
ਇਕ ਫੈਸ਼ਨ ਹੈ,
ਜਾਹ,
ਕਿਸੇ ਸੱਚੇ ਦਰਵੇਸ਼ ਦੇ ਬੂਹੇ ਤੇ ਜਾਹ,
ਮੈਂ ਤਾਂ ਇਕ ਤਿਣਕਾ ਹਾਂ
ਆਪਣੇ ਮਨ ਦੇ ਤੂਫ਼ਾਨਾਂ ਅੰਦਰ,
ਮੈਂ ਭਲਾ ਕਿੰਝ ਜਾਣ ਸਕਦਾ ਹਾਂ
ਤੇਰੇ ਨੈਣਾਂ 'ਚ
ਜਗਦੇ ਬੁਝਦੇ ਭੇਦ,
ਮੈਂ ਭਲਾ ਕਿਸ ਤਰ੍ਹਾਂ ਸੁਝਾ ਸਕਦਾ
ਤੇਰੇ ਮੱਥੇ 'ਤੇ ਲਿਖੇ
ਚੁੱਪ ਸਵਾਲਾਂ ਦੇ ਜਵਾਬ,
ਮੈਂ ਭਲਾ ਕਿੰਝ ਦੱਸ ਸਕਦਾ ਹਾਂ
ਕਿੰਨੀ ਕਰਨੀ ਹੈ
ਕਿਨਾਰੇ 'ਤੇ ਜਹਾਜ਼ਾਂ ਦੀ ਉਡੀਕ,
ਮੈਂ ਭਲਾ ਕਿੰਝ ਲੱਭ ਸਕਦਾ ਹਾਂ
ਰੁੱਸ ਕੇ ਤੁਰ ਗਏ
ਸੂਰਜ ਦਾ ਪਤਾ,

ਵੇਖ, ਆਵਾਰਾ ਜਿਹੇ ਬੱਦਲ ਤੋਂ
ਐਂਵੇ ਬਰਸਾਤ ਦਾ ਤੂੰ ਭਰਮ ਨਾ ਪਾਲ,
ਵੇਖ, ਇਕ ਬੇ-ਸੁਰੇ ਜਿਹੇ ਮੌਸਮ ਤੋਂ
ਐਂਵੇ ਤੂੰ ਆਸ ਨਾ ਲਾ ਗੀਤਾਂ ਦੀ।

## 4. ਇਹ ਵੀ ਸੱਚ ਹੈ

ਵੇਖ
ਮੈਥੋਂ ਅੱਜ ਕੋਈ ਗੱਲ ਨਹੀਂ ਹੋਣੀ
ਮੈਂ ਤੇਰੇ ਨਾਲ ਹਾਂ
ਮਹਿਫ਼ਲ 'ਚ ਰੌਣਕ ਹੈ
ਕਈ ਰੌਚਕ ਜਿਹੇ ਮਸਲੇ
ਕਈ ਵਿਦਵਾਨ ਚਰਚੇ ਨੇਂ
ਪਰ ਮੈਂ ਕੁਝ ਨਹੀਂ ਕਹਿਣਾ
ਹਾਂ ਇਹ ਸੱਚ ਹੈ
ਬਾਹਰ ਮੇਰੇ ਹਾਲਾਤ ਵਿੱਚ
ਕੁਝ ਵੀ ਨਹੀਂ ਐਸਾ
ਕਿ ਮੈਥੋਂ ਗੱਲ ਨਾ ਹੋਵੇ,
ਪਰ ਇਹ ਵੀ ਸੱਚ ਹੈ
ਮੈਂ ਜਿੰਨਾਂ ਬਾਹਰ ਹਾਂ
ਅੰਦਰ ਵੀ ਹਾਂ ਓਨਾ,
ਮੇਰੇ ਖ਼ੌਫ਼ ਦੇ ਖ਼ਤਰੇ
ਜਿੰਨੇ ਬਾਹਰ ਨੇਂ
ਅੰਦਰ ਵੀ ਨੇਂ ਓਨੇਂ।
ਮੈਂ ਜਿਸ ਦਿਨ
ਸਮਝ ਵਿੱਚੋਂ ਝਾਕਦੇ ਲੰਗਾਰ ਤੱਕ ਲੈਨਾਂ
ਜਾਂ ਵਿਸ਼ਵਾਸ ਦੀ ਧਰਤੀ ਦੇ ਅੰਨ੍ਹੇਂ ਗਾਰ ਤੱਕ ਲੈਨਾਂ
ਮੈਂ ਉਸ ਦਿਨ ਬੋਲ ਨਹੀਂ ਸਕਦਾ।
ਮੈਂ ਆਪਣੀ ਸੋਚ ਵਿੱਚੋਂ ਉੱਠ ਰਹੇ ਆਤੰਕ ਦੇ
ਫ਼ਿਰ ਰੂਬਰੂ ਹਾਂ
ਤੇਰੀ ਮਹਿਫ਼ਲ 'ਚ ਮੇਰਾ ਜਿਸਮ ਹੈ
ਪਰ ਮੈਂ ਨਹੀਂ ਹਾਂ,
ਤੇਰੇ ਨਾਲ ਹੋ ਕੇ ਵੀ



ਮੈਂ ਤੇਰੇ ਕੋਲ ਨਹੀਂ ਹਾਂ,
ਮੈਨੂੰ ਮਾਫ਼ ਕਰਨਾਂ
ਅੱਜ ਮੈਥੋਂ ਗੱਲ ਨਹੀਂ ਹੋਣੀ।

## 5. ਚੁੱਪ

ਉਂਝ ਤਾਂ ਚੁੱਪ ਬਹੁਤ ਚੰਗੀ ਹੈ,
ਚੁੱਪ ਚੰਗੀ ਹੈ ਉਨ੍ਹਾਂ ਬੋਲਾਂ ਤੋਂ
ਜੋ ਕਿ ਬੱਸ ਰੇਤ-ਕਿਣਕਿਆਂ ਵਾਂਗੂੰ
ਕੰਨ ਦੇ ਪਰਦੇ 'ਤੇ
ਲੜਦੇ ਨੇਂ ਕੀੜੀਆਂ ਬਣਕੇ,
ਚੁੱਪ ਚੰਗੀ ਹੈ ਉਨ੍ਹਾਂ ਬੋਲਾਂ ਤੋਂ
ਜੋ ਕਿ ਬੱਸ ਮੈਲੇ ਅਤੇ ਮੁਸ਼ਕੇ ਹੋਏ ਅਰਥਾਂ ਨੂੰ
ਵੇਚਦੇ ਫਿਰਦੇ ਨੇਂ ਰੰਡੀਆਂ ਦੀ ਤਰ੍ਹਾਂ,
ਉਂਝ ਤਾਂ ਚੁੱਪ ਬਹੁਤ ਚੰਗੀ ਹੈ,
ਪਰ ਚੁੱਪ ਕਦੇ ਤੋੜਨੀ ਵੀ ਪੈਂਦੀ ਹੈ
ਰੂਹ ਦੇ ਜ਼ਖ਼ਮਾਂ ਲਈ
ਗੀਤਾਂ ਦੇ ਮੱਲ੍ਹਮ ਦੀ ਤਰ੍ਹਾਂ,
ਯੁੱਧ-ਭੂਮੀਂ 'ਚ ਘਿਰੇ
ਸਹਿਮੇਂ ਹੋਏ ਯੋਧੇ ਲਈ
'ਸਾਂਵਲੇ' ਦੇ ਬੋਲਾਂ ਵਾਂਗ। (3060—47-D ਚੰਡੀਗੜ੍ਹ)

**ਦਸਤਖਤ/ਇਕਾਂਤ ਸ੍ਰੀ ਵਾਸਤਵ**

ਸਿਰਫ਼ ਇਕ ਦਸਤਖਤ ਕੀਤਾ ਜਾਂਦਾ ਹੈ
ਤੇ ਨੀਲੀ ਪੈ ਜਾਂਦੀ ਹੈ ਧਰਤੀ ਦੀ ਦੇਹ
ਬੁੱਝ ਜਾਂਦਾ ਹੈ ਚੰਦ
ਸੁੱਕ ਜਾਂਦੀਆਂ ਨੇ ਨਦੀਆਂ
ਅਲੋਪ ਹੋ ਜਾਂਦੇ ਨੇ ਹਰੇ ਭਰੇ ਖੇਤ।
ਸਿਰਫ਼ ਇਕ ਦਸਤਖਤ ਕੀਤਾ ਜਾਂਦਾ ਹੈ
ਤੇ ਇੱਕ ਬਘਿਆੜ ਦੀ ਦਹਾੜ ਸੁਣਾਈ ਦਿੰਦੀ ਹੈ
ਉੱਡ ਜਾਂਦੇ ਹਨ ਸਾਰੇ ਭੋਲੇ ਪੰਛੀ।
ਸਿਰਫ਼ ਇੱਕ ਹਸਤਾਖਰ ਕੀਤਾ ਜਾਂਦਾ ਹੈ
ਤੇ ਗਵਾਚ ਜਾਂਦੀਆਂ ਹਨ ਸਾਡੀਆਂ ਅੱਖਾਂ
ਕੱਟੇ ਜਾਂਦੇ ਨੇ ਸਾਡੇ ਹੱਥ।
ਸਿਰਫ਼ ਇਕ ਹਸਤਾਖਰ ਕੀਤਾ ਜਾਂਦਾ ਹੈ
ਤੇ ਗਵਾ ਬਹਿੰਦੇ ਹਾਂ ਅਸੀਂ
ਆਪਣਾ ਦੇਸ਼ (ਗੈਟ ਸਮਝੌਤੇ ਦੇ ਪ੍ਰਸੰਗ ਵਿੱਚ ਇੱਕ ਹਿੰਦੀ ਕਵਿਤਾ)

## ਵਿਸ਼ਾਲ ਦੀਆਂ ਨਵੀਆਂ ਨਜ਼ਮਾਂ

(ਵਿਸ਼ਾਲ ਨੌਜਵਾਨ ਪੀੜ੍ਹੀ ਦਾ ਪ੍ਰਤੀਨਿਧ ਕਵੀ ਹੈ, ਜਿਸ ਕੋਲ ਪ੍ਰਤਿਭਾ ਵੀ ਹੈ ਤੇ ਆਜ਼ਾਦ ਨਜ਼ਮ ਵਾਲੀਆਂ ਸ਼ਿਲਪੀ-ਕਾਵਿ-ਜੁਗਤਾਂ ਵੀ। 'ਕਾਲੀ ਹਵਾ ਤੇ ਤਿਤਲੀ' ਕਾਵਿ-ਸੰਗ੍ਰਹਿ ਤੋਂ ਬਾਅਦ ਉਸ ਦੇ ਨਵੇਂ ਸੰਗ੍ਰਹਿ ਦੀ ਪ੍ਰਕਾਸ਼ਨਾ ਤਿਆਰੀ ਅਧੀਨ ਹੈ। ਉਹ ਜਟਿਲ, ਸਜਿੰਦ ਤੇ ਕੋਮਲ ਰਿਸ਼ਤਿਆਂ, ਪਾਤਰਾਂ ਤੇ ਸਥਿਤੀਆਂ ਨੂੰ ਅਛੂਤੇ ਕਾਵਿ- ਅੰਦਾਜ਼ ਵਿਚ ਪੇਸ਼ ਕਰਦਾ, ਕਦੇ ਵੀ ਝਿੜਕਦਾ ਨਹੀਂ। ਚਿਰਾਗ ਨੂੰ ਇਸ ਗੱਲ ਦਾ ਫਖਰ ਹੈ ਕਿ ਵਿਸ਼ਾਲ ਸ਼ੁਰੂ ਤੋਂ ਹੀ ਇਸ ਨਾਲ ਪੂਰੀ ਸੁਹਿਰਦਤਾ ਨਾਲ ਜੁੜਿਆ ਹੋਇਆ ਹੈ। (ਸੰਪਾਦਕ)

### 1. ਬੇਟਾ

ਬੜਾ ਸ਼ਰਾਰਤੀ ਹੋ ਗਿਆ ਹੈ ਮੇਰਾ ਬੇਟਾ
ਸਭ ਨੂੰ ਟਿੱਚ ਸਮਝਦਾ ਹੈ
ਅਜੀਬ ਜਿਹੀਆਂ ਹਰਕਤਾਂ ਕਰਕੇ
ਬੜੀ ਬੇਤਰਤੀਬੀ ਨਾਲ ਕਮਰੇ 'ਚ ਦੌੜਦਾ ਹੈ
ਪਾਣੀਆਂ 'ਚ ਉਤਾਰ ਕੇ
ਕਾਗਜ਼ ਦੀਆਂ ਬੇੜੀਆਂ
ਘੋੜੇ ਵਾਂਗ ਜਿਸਮ ਅਕੜਾਉਂਦਾ ਹੈ
ਕਮਰੇ 'ਚ ਲੱਗੇ ਪੋਰਟਰੇਟ
ਉਤਾਰ ਕੇ ਸੁੱਟਦਾ ਹੈ
ਤਾਂ ਮੇਰੀ ਪਤਨੀ ਆਖਦੀ ਹੈ
ਤੁਸੀਂ ਹੀ ਇਸ ਨੂੰ ਝਿੜਕੋ
ਸਮਝਾਇਆ ਕਰੋ ਕੁੱਝ
......ਤੇ ਠੀਕ ਉਸ ਵੇਲੇ
ਮੇਰੇ ਬਾਪ ਵਲੋਂ ਮੈਨੂੰ
ਮਾਰੀਆਂ ਝਿੜਕਾਂ ਯਾਦ ਆਉਂਦੀਆਂ ਹਨ
...ਤੇ ਮੈਂ ਅਦਨਾ ਜਿਹਾ
ਕਮਰੇ ਦੇ ਕੋਨੇ 'ਚ
ਚੁੱਪ ਚਾਪ ਬੈਠ ਜਾਂਦਾ ਹਾਂ

ਬੇਟਾ! ਅਜੀਬ ਹਰਕਤਾਂ ਕਰਦਾ ਹੈ
ਵਿਸਫੋਟਕ ਜਿਹਾ ਉਹ ਲੱਗਦਾ
ਮਨ ਨੂੰ ਭਾਉਂਦਾ ਹੈ
ਭਰ ਸਰਦੀਆਂ 'ਚ ਆਏ
ਪਸੀਨੇ ਨੂੰ ਸੁਕਾਉਣ ਲਈ
ਪੱਖੇ ਦੀ ਰਫਤਾਰ ਤੇਜ਼ ਕਰਕੇ



ਮੂੰਹ 'ਤੇ ਰਜਾਈ ਓੜ ਲੈਂਦਾ ਹੈ
ਕਾਗਜ਼ ਦੇ ਜਹਾਜ਼ ਬਣਾ ਕੇ
ਕਮਰੇ 'ਚ ਉੜਾਉਂਦਾ ਹੈ
ਜਦ ਥੱਕ ਕੇ ਸੌਂਦਾ ਹੈ
ਤਾਂ ਉਹ ਕਾਗਜ਼ ਦਾ ਜਹਾਜ਼ ਵੀ
ਉਸ ਦੀ ਛਾਤੀ 'ਤੇ ਪਿਆ ਹੁੰਦਾ ਹੈ
ਤੇ ਮੈਨੂੰ ਲੱਗਦਾ ਹੈ
ਇਕ ਉਮਰ ਤੋਂ ਮੈਂ ਉਥੇ ਹੀ
ਖੜ੍ਹਾ ਹਾਂ
ਜਿਥੇ ਕਿਤੇ ਮੇਰੇ ਪੁਰਖੇ ....
ਪਰ ਉਹ ਦੋਵੇਂ ਉੱਡ ਰਹੇ ਨੇ
ਮੇਰਾ ਬੇਟਾ......
......ਤੇ ਜਹਾਜ਼ ਵੀ

### 2. ਕੁੜੀਆਂ

ਕੁੜੀਆਂ ਨੂੰ ਰੋਣ ਦਿਓ
...ਇਨ੍ਹਾਂ ਨੂੰ ਨਾ ਰੋਕੋ
ਆਪੇ ਸਮਝ ਜਾਣਗੀਆਂ
ਜਾਚ ਆ ਜਾਏਗੀ ਇਨ੍ਹਾਂ ਨੂੰ ਹੌਲੀ-ਹੌਲੀ
ਮੁਸਕਰਾਉਣ ਦੇ ਭਰਮ ਦੀ
ਰੋਣਾ ਹੀ ਹੁੰਦਾ ਹੈ ਇਹਨਾਂ ਉਦੋਂ
ਜਦੋਂ ਚਾਦਰ ਦੇ ਕੱਢੇ ਮੋਰ
ਤੇ ਕੱਚੀਆਂ ਅੰਗੂਠੀਆਂ 'ਤੇ ਬਣਾਏ ਮਿੱਟੀ ਦੇ ਤੋਤੇ
ਉੱਡ ਜਾਂਦੇ ਨੇ ਦੂਰ ਕਿਤੇ......
ਹੱਥਾਂ 'ਤੇ ਲੱਗੀ ਮਹਿੰਦੀ
ਨੱਕ 'ਚ ਪਈ ਨੱਥ
ਚੀਰ 'ਚ ਭਰੇ ਸੰਧੂਰੀ ਰੰਗ ਦੇ
ਅਰਥਾਂ ਤੋਂ ਬਹੁਤ ਉਰੇ ਨੇ ਇਹ ਰੋਂਦੀਆਂ ਕੁੜੀਆਂ

ਸਮਝ ਜਾਣਗੀਆਂ ਆਪੇ
ਜਦੋਂ ਨੱਥ ਭਾਰੀ ਲੱਗੀ
ਮਹਿੰਦੀ ਦਾ ਰੰਗ ਹੋਇਆ ਉਦਾਸ
ਪਾਜ਼ੇਬਾ ਨੇ ਜਦੋਂ ਪੈਰ ਬੰਨੇ
ਪਾਣੀ ਦੇ ਜਦ ਡੁੱਲ ਗਏ ਛੰਨੇ

ਉਦੋਂ ਇਨ੍ਹਾਂ ਦੀ ਹਿਦਕੀ ਆਪੇ ਰੁੱਕ ਜਾਏਗੀ ਹੌਲੀ-ਹੌਲੀ
ਰੋਣ ਦਿਓ ਅਜੇ ਇਨ੍ਹਾਂ ਭੋਲੀਆਂ ਕੁੜੀਆਂ ਨੂੰ
ਰੋਣਾ ਹੀ ਹੁੰਦਾ ਹੈ ਇਨ੍ਹਾਂ ਧੀਆਂ ਧਿਆਣੀਆਂ ਨੇ
ਜਦੋਂ ਕਿਸੇ ਅਜਨਬੀ ਪੱਲ੍ਹੇ ਨਾਲ ਬੱਝਦੀ ਹੈ ਚੁੰਨੀ ਦੀ ਗੰਢ

ਉਦੋਂ ਕੋਈ ਨਹੀਂ ਲੱਗਦਾ ਆਪਣਾ
ਨਾ ਕੋਈ ਸਕਾ ਸਬੰਧੀ
ਘਰ ਬੇਗਾਨਾ
ਹੱਥ ਬੇਗਾਨਾ
ਅੰਨ੍ਹਾ ਸਫ਼ਰ ਤੇ ਅੰਨੀਆਂ ਗਲੀਆਂ
ਹੁੱਬਕੀ ਰੋਂਦੀਆਂ ਵਿਚਾਰੀਆਂ ਕੁੜੀਆਂ

ਇਕੱਲੀ ਜਿੰਦ
ਕਿੰਨੇ ਰਿਸ਼ਤਿਆਂ 'ਚ ਹੋ ਗਈ ਤਬਦੀਲ
ਕਿੰਨੇ ਅਰਥਾਂ 'ਚ ਵੰਡੀਆਂ ਗਈਆਂ ਇਹ ਕੁੜੀਆ

ਹੁਣ ਆਪੇ ਸਮਝ ਜਾਣਗੀਆਂ ਹੌਲੀ-ਹੌਲੀ
ਰੋਣੋ ਹੱਟ ਜਾਣਗੀਆਂ
ਪਰਾਤ 'ਚ ਖੇਡੇ ਗਾਨੇ
ਜਦੋਂ ਪਰਾਤ ਸਮੇਤ ਬੂਹਿਓਂ ਬਾਹਰ ਡਿੱਗੇ
ਫਿਰ ਇਹ ਧੀਆਂ ਬਣ ਜਾਣੀਆਂ ਮਾਵਾਂ
ਇਕ ਉਮਰ ਬਾਅਦ
...ਤੇ ਰੋਣ ਦੇਣਗੀਆਂ ਕੁੜੀਆਂ ਨੂੰ
ਇਸ ਆਸ ਨਾਲ
ਕਿ ਇਨ੍ਹਾਂ ਨੂੰ ਆਪੇ ਸਮਝ ਆ ਜਾਵੇਗੀ ਹੌਲੀ-ਹੌਲੀ
ਆਪੇ ਸਮਝ ਜਾਣਗੀਆਂ ਇਹ ਕੁੜੀਆਂ

## 3. ਸੈਨਿਕ

ਪਹਾੜੀ ਝਰਨਿਆਂ...ਰੇਗਿਸਤਾਨਾਂ
ਤੇ ਜੰਗਲੀ ਪਗਡੰਡੀਆਂ ਦਾ ਸਫ਼ਰ ਤਹਿ ਕਰਕੇ
ਆਪਦਾ ਓਵਰਕੋਟ
ਬੂਟ-ਸਲੂਟ-ਰਾਈਫ਼ਲ
ਤੇ ਢੇਰ ਸਾਰੀਆਂ ਫ਼ਾਈਲਾਂ
ਛੱਡ ਕੇ ਕਿਸੇ ਸਰਹੱਦ 'ਤੇ
ਗੱਡੀ ਦੇ ਸਫ਼ਰ 'ਚ



ਆਪਦੀ ਉਮਰ ਦੇ ਵਰ੍ਹੇ
ਤੇ ਸਿਰ 'ਚ ਆਏ ਧੌਲਿਆਂ ਦਾ ਲੇਖਾ-ਜੋਖਾ ਕਰਦਾ
ਸੈਨਿਕ ਪਰਤ ਆਇਆ ਹੈ
...ਤੇ ਯਾਦ ਕਰ ਰਿਹਾ ਹੈ
ਬਰਫ਼ੀਲੀਆਂ ਪਹਾੜੀਆਂ 'ਤੇ ਕੱਟੀਆਂ ਖ਼ੌਫ਼ਨਾਕ ਰਾਤਾਂ
ਬਾਰੂਦ ਦੇ ਢੇਰ 'ਤੇ ਪਈਆਂ ਉਹਦੇ ਸਾਥੀਆਂ ਦੀਆਂ ਲਾਸ਼ਾਂ
ਸੱਜਰੀਆਂ ਚੂੜੀਆਂ ਦੀਆਂ
ਅੱਧ ਵਿਚਾਲੇ ਰਹਿ ਗਈਆਂ ਬਾਤਾਂ
ਜੰਮ ਚੁੱਕੇ ਲਹੂ ਨੂੰ ਪਿਘਲਾਉਣ ਲਈ
ਬੁੱਢੀ ਮਾਂ ਫੌਜਣ
ਤੇ ਬੱਚਿਆਂ ਦੀ ਯਾਦ ਭੁਲਾਉਣ ਲਈ
ਕਾਹਲੀ ਨਾਲ ਅੰਦਰ ਸੁੱਟੇ ਰੰਮ ਦੇ ਪੈਗ
ਸਭ ਕੁੱਝ ਭੁੱਲ ਆਇਆ ਹੈ
ਆਪਣਾ ਬਾਕੀ ਬਚਦਾ ਬਚਾਉਣ ਲਈ
ਸੈਨਿਕ ਪਰਤ ਆਇਆ ਹੈ
ਉਸ ਕੋਲ ਬਚਿਆ ਹੈ ਇੱਕ ਫੌਜ਼ੀ ਟਰੰਕ
ਜਿਸ 'ਚ ਪਿੰਡੋਂ ਆਈ ਬਾਪੂ ਦੇ ਗੁਜ਼ਰਨ ਦੀ ਤਾਰ
ਮਾਂ ਦੇ ਬਿਮਾਰ ਹੋਣ ਦੀ ਚਿੱਠੀ
...ਤੇ ਉਸ ਅਣਲਿਖੇ ਖ਼ਤ ਵਰਗੇ ਕਈ ਖ਼ਤ
ਕਿ ਤੇਰੇ ਆਉਣ ਦੀ ਚਿੱਠੀ ਨਾ ਆਈ
ਕਾਗਜ਼ਾਂ ਦਾ ਰੁੱਗ ਆ ਗਿਆ,
ਉਨ੍ਹਾਂ ਸਾਰੀਆਂ ਗੰਢਾਂ ਸਮੇਤ ਸੈਨਿਕ ਪਰਤ ਆਇਆ ਹੈ
ਹੁਣ ਇਸ਼ਤਿਹਾਰ ਪੜ੍ਹੇਗਾ ਅਖ਼ਬਾਰਾਂ 'ਚ
ਕਿ ਫੈਕਟਰੀ ਲਈ ਗੇਟਮੈਨਾਂ ਦੀ ਲੋੜ
ਬੈਂਕ 'ਚ ਸੁਰੱਖਿਆ ਗਾਰਡਾਂ ਦੀ ਲੋੜ
"ਸਾਬਕਾ ਫੌਜੀਆਂ ਨੂੰ ਪਹਿਲ"
ਤੇ ਜਾਂ ਫਿਰ ਕਲਰਕੀ ਲਈ ਫਿਰ ਕਿਤੇ ਭਰੇਗਾ ਫ਼ਾਰਮ
ਮਹੀਨੇ ਬਾਅਦ ਲੈ ਆਇਆ ਕਰੇਗਾ ਪੈਨਸ਼ਨ
ਤੇ ਸਸਤੇ ਭਾਅ ਖ਼ਰੀਦੇਗਾ ਰਾਸ਼ਨ ਫ਼ੌਜੀ ਕੰਟੀਨ 'ਚੋਂ
ਤੇ ਬਚਾ ਹੀ ਲਵੇਗਾ ਕੁੱਝ ਸਿੱਕੇ
ਰੰਮ ਦੀ ਬੋਤਲ ਲਈ
ਡੁੱਬ ਜਾਵੇਗਾ ਨਿੱਕੇ-ਨਿੱਕੇ ਫ਼ਿਕਰਾਂ 'ਚ

ਮੁੰਡੇ ਨੂੰ ਭਰਤੀ ਕਰਾਉਣ ਬਾਰੇ ਸੋਚੇਗਾ
ਵੇਲ ਵਾਂਗੂ ਵੱਧਦੀਆਂ ਧੀਆਂ ਦੇ ਫ਼ਿਕਰ 'ਚ ਵੀ ਡੁੱਬੇਗਾ
ਫੌਜਣ ਕੋਲ ਬਹਿ ਕੇ ਝੂਰੇਗਾ
ਤੇ ਲਾ ਕੇ ਬਰਾਂਡੀ ਦੇ ਪੈਗ
ਦੱਸੇਗਾ ਕਿ ਉਹ ਜੰਗਲਾਂ 'ਚ
ਕਿੰਝ ਮਿੱਧਦੇ ਸਨ ਸੱਪਾਂ ਦੀਆਂ ਸਿਰੀਆਂ
ਤੇ ਲੜੇਗਾ ਉਹ ਯੁੱਧ
ਜੋ ਕਿਸੇ ਸਰਹੱਦ 'ਤੇ ਭੁੱਲ ਆਇਆ ਸੀ :
ਸੈਨਿਕ ਪਰਤ ਆਇਆ ਹੈ ।

## 4. ਮਾਂ

ਮਾਂ ਆਈ ਹੈ ਅੱਜ ਪਿੰਡੋਂ
ਘਰ ਦੇ ਅਰਥ ਹੀ ਬਦਲ ਗਏ ਨੇ
ਕੰਧਾਂ ਨੇ ਵੀ ਕਲਾਵਾ ਭਰਿਆ ਹੈ
ਕਿੰਨਾਂ ਚਾਅ ਕਰਦੀ ਹੈ ਮਾਂ
ਕਿੰਨੇ ਖੁਸ਼ ਹੋ ਗਏ ਨੇ ਬੱਚੇ
ਗਮਲਿਆਂ ਵਿਚਲੇ ਫੁੱਲਾਂ ਨੇ ਵੀ ਪੱਬ ਚੁੱਕੇ ਨੇ
ਮਹਿਕ ਨਾਲ ਭਰ ਗਿਆ ਹੈ ਮੇਰਾ ਕਮਰਾ
ਕਿੰਨਾ ਚੰਗਾ ਲੱਗਣ ਲੱਗ ਪਿਆ ਹੈ ਸਾਰਾ ਕੁਝ

ਗਲੀ 'ਚ ਖੇਡਦੇ
ਖੰਡ ਦੇ ਖਿਡਾਉਣੇ ਖਾਂਦੇ
ਗੁਬਾਰੇ......ਛਣਕਣੇ
ਨੀਲੀਆਂ ਐਨਕਾਂ ਖਰੀਦਦੇ ਬੱਚੇ
ਕਿੰਨੀ ਤਾਜ਼ਗੀ ਭਰ ਗਈ ਹੈ ਮਾਹੌਲ 'ਚ

ਮਾਂ ਦੱਸਦੀ ਹੈ
ਪਿੰਡ ਬਾਰੇ, ਮੇਰੇ ਬੇਲੀਆਂ ਬਾਰੇ
ਉਨ੍ਹਾਂ ਦੀਆਂ ਤੰਗੀਆਂ ਖੁਸ਼ੀਆਂ ਬਾਰੇ
ਬੜਾ ਕੁੱਝ ਲੁਕੋ ਲੈਂਦੀ ਹੈ ਐਨਕਾਂ ਪਿੱਛੇ
ਕੁੱਝ ਵੀ ਦੱਸਦਿਆਂ ਆਪਣੇ ਬਾਰੇ
ਕਿੰਨੀ ਖਿੜੀ-ਖਿੜੀ ਲੱਗਦੀ ਹੈ ਧੁੱਪ
ਰੁਮਕਦੀ ਹਵਾ ਨੇ ਸੰਗੀਤ ਛੇੜਿਆ ਹੈ
ਮੇਰਾ ਅੰਦਰ ਨੱਚਿਆ ਹੈ ਅੱਜ



ਤੂੰਬੀ ਦੀ ਤਾਰ ਨੇ ਕੁਝ ਬੋਲ ਕਹੇ ਨੇ
ਮੈਂ ਗੁਨਗੁਣਾ ਪਿਆ ਹਾਂ ਅੱਜ
ਕੱਸੀਆਂ ਤਿਊੜੀਆਂ ਵਾਲਾ ਮੇਰਾ ਮੱਥਾ
ਕਿੰਨਾ ਸੌਖਾ ਹੈ
ਕਿੰਨਾ ਹੌਲਾ ਜਿਹਾ ਹੋ ਗਿਆ ਹਾਂ ਮੈਂ
ਚਾਰ ਦੀਵਾਰੀ ਕਿੰਨੀ ਚੰਗੀ ਲੱਗਣ ਲੱਗ ਪਈ ਹੈ
ਕਿੰਨਾ ਚੰਗਾ ਲੱਗਣ ਲੱਗ ਪਿਆ ਹੈ ਘਰ
ਖਿੱਝ ਨਾਲ ਭਰਿਆ ਰਹਿੰਦਾ ਸੀ ਸਾਰਾ ਕੁੱਝ
ਪਤਨੀ ਵੀ ਚੰਗੀ ਲੱਗੀ ਹੈ ਅੱਜ
ਬਹੁਤ ਚੰਗੀ ਲੱਗੀ ਹੈ ਅੱਜ ਦੀ ਸ਼ਾਮ
ਰੁੱਖਾਂ ਵੱਲ ਪਰਤਦੇ ਪੰਛੀ
ਮੰਦਰ ਦੀਆਂ ਘੰਟੀਆਂ
ਦੂਰ ਕਿਤੇ ਵੱਜਦਾ ਸੰਖ
ਭਰ ਲਿਆ ਹੈ ਮੈਂ ਆਪਣੇ ਅੰਦਰ ਸਾਰਾ ਕੁੱਝ
ਮਾਂ ਨੇ ਤਲੇ ਨੇ ਪਕੌੜੇ
ਨਾਲ ਬਣੀ ਹੈ ਅਦਰਕ ਵਾਲੀ ਚਾਹ
ਜਿਉਣ ਨੂੰ ਦਿਲ ਕਰ ਆਇਆ ਹੈ
ਬਹੁਤ ਦਿਲ ਹੈ ਮਾਂ ਨਾਲ ਗੱਲਾਂ ਕਰਨ ਨੂੰ
ਅੱਜ ਨੀਂਦ ਵੀ ਆ ਜਾਵੇਗੀ
ਕਿੰਨੇ ਅਰਥ ਬਦਲ ਗਏ ਨੇ ਮੇਰੇ
ਮੇਰੇ ਨਾਲ ਜੁੜੀ ਹਰ ਵਸਤੂ ਦੇ
ਮੇਰੇ ਦਿਲ ਦੇ
ਮੇਰੀ ਰਾਤ ਦੇ
ਕਿੰਨੀ ਠੰਢ ਜਿਹੀ ਵਰਤ ਗਈ ਹੈ ਅੱਜ
ਕਿ ਮਾਂ ਪਿੰਡੋਂ ਆਈ ਹੈ ।

o—o

## ਦਸਤਕ/ਦਰਸ਼ਨ ਬੁਲੰਦਵੀ

ਮੈਂ ਦਸਤਕ ਦੇ ਰਿਹਾ ਹਾਂ
ਉਨ੍ਹਾਂ ਬੰਦ ਬੂਹੇ ਬਾਰੀਆਂ ਤੇ
ਜੋ ਸਿੱਖਰ ਦੁਪਹਿਰ ਵੇਲੇ ਵੀ
ਆਪਣੇ ਬੰਦ ਜਿੰਦਰਿਆਂ ਚੋਂ ਝਾਕਦੇ
ਉਨ੍ਹਾਂ ਸੁੱਕ ਗਏ ਦਰਿਆਵਾਂ ਨੂੰ
ਬਰਸਾਤਾਂ ਦੀ ਝੜੀ ਵਿਚ ਵੀ
ਜਿਨ੍ਹਾਂ ਚੋਂ ਪਾਣੀ ਦੀ ਲਹਿਰ ਨਹੀਂ ਉਠਦੀ
ਧਰਤੀ ਹੇਠ ਸ਼ੁੱਕਦੀਆ ਜੜ੍ਹਾਂ ਨੂੰ
ਬਹਾਰ ਦੇ ਚੁੰਮਣ ਨਾਲ ਵੀ
ਜਿਨ੍ਹਾਂ 'ਚੋਂ ਕੋਈ ਕਰੂੰਬਲ ਨਹੀਂ ਫੁੱਟਦੀ
ਸੁੱਤੀ ਹੋਈ ਉਸ ਚੇਤਨਾਂ ਨੂੰ
ਜੋ ਆਪਣੀ ਅੰਗੜਾਈ ਚੋਂ
ਫੇਰ ਨੀਂਦਰ ਵਲ ਤੁਰ ਪੈਂਦੀ ਏ
ਮੱਧਮ ਹੋਏ ਉਨ੍ਹਾਂ ਸਭ ਤਾਰਿਆਂ ਨੂੰ
ਜੋ ਨਿੱਖਰੀ ਸਿਆਹ ਰਾਤ ਵਿਚ ਵੀ
ਟਿਮਟਿਮਾਣਾ ਭੁੱਲ ਗਏ ਹਨ
ਆਪਣੇ ਵੇਗ ਵਿਚ ਖੜ ਗਏ
ਉਨ੍ਹਾਂ ਸਭ ਪਾਣੀਆਂ ਨੂੰ
ਉਤਰਾਈਆਂ ਵਿਚ ਵੀ ਜਿਨ੍ਹਾਂ ਦਾ ਸਫ਼ਰ
ਬਰਫ ਦੀ ਝੀਲ ਵਾਂਗ ਜੰਮਦਾ ਪਿਆ
ਦਿਲ ਛੱਡ ਗਏ
ਉਨ੍ਹਾਂ ਸਭ ਮਲਾਹਾਂ ਨੂੰ
ਜਿਨ੍ਹਾਂ ਦੀਆਂ ਕਿਸ਼ਤੀਆਂ ਕੰਢੇ ਤੇ
ਉੱਡਦੀ ਰੇਤਾ ਨਾਲ ਭਰਦੀਆਂ ਪਈਆਂ
ਕੱਲ ਤੱਕ ਪਾਣੀ ਵਿਚ ਭੱਖਦੀ
ਉਸ ਸੂਹੀ ਚਿੰਗਿਆੜੀ ਨੂੰ
ਜੋ ਅੱਜ ਸਰਕੰਡਿਆਂ 'ਚ ਮੱਘਦੀ ਵੀ
ਆਪਣੀ ਲਾਟ ਚੋਂ ਗਾਇਬ ਏ
ਕੱਲ ਤਕ ਖੰਭਾਂ ਤੋਂ ਬਗੈਰ
ਉੱਡਦੇ ਉਸ ਪਰਿੰਦੇ ਨੂੰ



ਜੋ ਅੱਜ ਆਪਣੇ ਕੱਖਾਂ ਦੇ
ਆਲ੍ਹਣੇ 'ਚ ਉਲਝ ਗਿਆ ਏ
ਕੱਲ ਤੱਕ ਚੌਰਾਹੇ 'ਚ
ਆਪਣੀ ਹੀ ਰੱਤ ਨਾਲ ਜੱਗਦੀ
ਉਸ ਬੱਤੀ ਨੂੰ
ਜਿਸ ਦੀ ਲਾਟ ਅੱਜ
ਸੌਤ ਉਹਲਿਆਂ 'ਚ ਕੰਬਦੀ ਪਈ
ਮੈਂ ਦਸਤਕ ਦੇ ਰਿਹਾ ਹਾਂ ।

## ਕਠਪੁਤਲੀਏ ਪੀਰ/ਭਗਵਾਨ ਢਿੱਲੋਂ

ਮੈਂ ਪਾਤਰ ਦੀ ਸਹੁੰ ਖਾ ਕੇ
ਤੁਹਾਨੂੰ ਹੁਸ਼ਿਆਰ ਤੇ ਖਬਰਦਾਰ ਕਰਦਾ ਹਾਂ
ਕਿ ਕੁਝ ਕੰਡੇ ਕੰਡੇਰਨੇ
ਆਪਣੇ ਸਿਰਾਂ ਤੇ ਮੋਮ ਬੱਤੀਆਂ ਚਿਪਕਾ ਕੇ
ਤੇ ਚਕਾਚੌਂਧ ਸ਼ਬਦਗਿਰੀ ਦੇ ਅਨਾਰ ਚਲਾ ਕੇ
ਤੁਹਾਡੇ ਸਿਰਹਾਣਿਆਂ 'ਚ
ਉੱਤਰ-ਆਧੁਨਿਕਤਾ ਦਾ ਅਜਿਹਾ ਖਟਮਲ ਛੱਡਦੇ ਨੇ
ਕਿ ਤੁਹਾਡੇ ਅਦਬੀ ਦਾਇਰਿਆਂ ਦੀ ਵਿਆਕਰਨ
ਏਸ ਕਦਰ ਵਿਗੜ ਜਾਵੇ
ਕਿ ਸਿੱਪੀਆਂ ਦੇ ਖੁਰੇ ਨੱਪਦਾ
ਸ਼ਬਦਾਂ ਦੇ ਸਰਵਰ 'ਚ ਤੈਰਦਾ ਹੰਸ
ਇਹਨਾਂ ਦੇ ਉਕਾਬੀ ਪੰਜਿਆਂ 'ਚ ਅੜ ਜਾਵੇ
ਜਦੋਂ ਕੋਈ ਅਪੂਰਨ ਪੂਰਨ ਬਨਣ ਦੀ ਤਲਬ ਲੈ ਕੇ
ਇਹਨਾਂ ਦੇ ਮੱਠ ਤੇ ਜਾਂਦਾ ਹੈ
ਤਾਂ ਇਹ ਮੁਸ਼ਕੇ ਦਸਤਾਨਿਆਂ ਨਾਲ
ਉਸਦੇ ਪਿੰਡੇ ਤੇ ਵਿਭੂਤੀ ਮਲਦੇ ਨੇ
ਤੇ ਨਾਲ ਹੀ ਤਾਂਬੇ ਰੰਗੀਆਂ ਅੱਖਾਂ ਨਾਲ ਤਾੜਨਾ ਕਰਦੇ ਨੇ
ਕਿ ਦੇਖ ਬੱਚਾ ਤੂੰ ਸਾਡੀ ਕਰੋਪੀ ਨਹੀਂ ਜਾਣਦਾ
ਅੱਜ ਤੋਂ ਤੂੰ ਅਸਾਡੀ ਰਾਮ-ਕਾਰ ਨਾ ਉਲੰਘੀਂ
ਨਹੀਂ ਤਾਂ ਤੈਨੂੰ ਏਥੇ ਹੀ ਧੂਣੇ 'ਚ ਭਸਮ ਕਰ ਦਿਆਂਗੇ
ਤੇ ਅੱਖਰਾਂ ਦੇ ਕੱਫ਼ਨ ਤੋਂ ਬਿਨਾ ਹੀ
ਏਥੇ ਹੀ ਦਫ਼ਨ ਕਰ ਦਿਆਂਗੇ
ਪਰ ਦਿਸ ਪਏ ਸਹੀ ਕਿਤੇ ਕੋਈ ਰਾਣੀ ਸੁੰਦਰਾਂ

ਤਾਂ ਏਹਨਾਂ ਦੀ ਨਜ਼ਰ ਬੜੀ ਹੀ ਸਵੱਲੀ ਹੋ ਜਾਂਦੀ ਹੈ
ਪਹੁੰਚ ਜਾਂਦੇ ਨੇ ਆਪ ਖੜਾਵਾਂ ਖੜਕਾਉਂਦੇ ਮਹਿਲਾਂ ਦੇ ਸਿੰਘ-ਦਵਾਰ ਉਤੇ
ਤੇ ਬੜੇ ਹੀ ਆਜ਼ਿਜ ਜੇਹੇ ਹੋ ਕੇ
ਚਰਨਾਮਤ ਦਾ ਕਰਮੰਡਲ ਹਵਾ 'ਚ ਲਹਿਰਾਉਂਦੇ ਨੇ
ਫੇਰ ਇਹ ਗਿਰਗਿਟੀ ਨਾਥ ਬੜੀ ਹੀ ਸੁਰੀਲੀ ਸੁਰ 'ਚ
ਰਾਣੀ ਸੁੰਦਰਾਂ ਦੀ ਉਸਤਤ 'ਚ ਮੰਗਲਾਚਰਨ ਗਾਂਦੇ ਨੇ
ਨੱਚਦੇ ਨੇ, ਟੱਪਦੇ ਨੇ, ਅਤੇ ਚਿਮਟਾ ਵਜਾਂਦੇ ਨੇ
ਉਹਨਾਂ ਦੇ ਤਾਂ ਆਕਾ ਦਾ ਹੁਕਮ ਹੈ
ਕਿ ਸੁਰੋਦੀ ਵੀਣਾਂ ਦਾ ਤਾਰ ਤਾਰ ਕਰਕੇ
ਸਰਸਵਤੀ ਦੇ ਹੱਥਾਂ 'ਚ ਨਾਰਦੀ ਡੌਰੂ ਫੜਾਓ
ਵੰਝਲੀ ਦੀ ਸੁਰ ਨਾ ਉਭਰੇ ਏਸ ਲਈ ਧੂਤੂ ਵਜਾਓ
ਵਗਦੇ ਦਰਿਆਵਾਂ ਨੂੰ ਬੰਨ੍ਹ ਮਾਰੋ
ਹਵਾ ਦਾ ਰੁਖ ਬਦਲੋ
ਸੁੱਤੇ ਪਏ ਮਿਰਜ਼ੇ ਦਾ ਤਰਕਸ਼ ਚੁਰਾਓ
ਅਤੇ ਸਾਹਿਬਾਂ ਤੇ ਕਬਜ਼ਾ ਕਰੋ
ਜੇ ਹੋਰ ਕੁਛ ਚਾਹੀਦਾ ਤਾਂ ਉਹ ਵੀ ਹਾਜ਼ਿਰ ਹੈ
ਪਰ ਸਿੰਗ ਕਟਾਓ ਅਤੇ ਮੀਣੇ ਬਣੋ
ਫੇਰ ਜਿਵੇਂ ਮਰਜ਼ੀ ਕੋਹ ਕਾਫ਼ ਦੀਆਂ ਪਰੀਆਂ ਨਚਾਓ
ਸ਼ੀਸ਼ੇ ਨਾਲ ਸ਼ੀਸ਼ਾ ਟਕਰਾ ਕੇ ਚੂਰੋ ਚੂਰ ਕਰੋ
ਪਰ ਨਾਲ ਦੀ ਨਾਲ ਬੜੀ ਰੀਝ ਨਾਲ
ਤਖਤੇ ਤਾਊਸ ਦੇ ਪਾਵੇ ਸਜਾਓ
ਹੇ ਬਾਈ ਏਕਲੱਵਿਆ
ਤੇਰੇ ਗੁਰੂਦੇਵ ਭਰਾਂਤੀਆਂ ਦੇ ਚੱਕਰਵਿਊ ਚੋਂ
ਢੋਲ ਵਜਾ ਵਜਾ ਕੇ ਆਖਣਗੇ ਕਿ ਅਸਵਥਾਮਾ ਮਰ ਗਿਆ
ਪਰ ਤੂੰ ਦੇਖੀਂ ਹੌਸਲਾ ਰੱਖੀਂ, ਵੇਰੀ ਨਾ ਵਿਾਹ ਬੈਠੀਂ
ਬਸ ਸਮੇਂ ਦਾ ਅਰਜਨ ਬਣਿਆ ਰਹੀਂ
ਐਵੇਂ ਨਾ ਗੁਰੂ ਦੱਛਣਾਂ 'ਚ ਅੰਗੂਠੇ ਦੀ ਬਲੀ ਦੇ ਦੇਵੀਂ
ਐਵੇਂ ਨਾ ਕਿਤੇ ਹਿਪਨੋਟਾਈਜ਼ ਹੋ ਜਾਵੀਂ
ਅਜੇ ਤਾਂ ਤੂੰ ਮੱਛੀ ਦੀ ਪੁਤਲੀ 'ਚ ਤੀਰ ਮਾਰਨਾ ਹੈ
ਤੂੰ ਨਿਸਚੇ ਹੀ ਜਿੱਤਣਾ ਹੈ
ਉਹਨਾ ਨੇ ਨਿਸਚੇ ਹੀ ਹਾਰਨਾ ਹੈ

(ਹਲਵਾਰਾ, ਲੁਧਿਆਣਾ)





## ਅਬਦੁੱਲ ਬਿਸਮਿੱਲਾ ਨਾਲ ਜਾਣ ਪਛਾਣ

(ਅਬਦੁੱਲ ਬਿਸਮਿੱਲਾ ਨਵੀਂ ਪੀੜ੍ਹੀ ਦਾ ਬਹੁਚਰਚਿਤੱ ਕਥਾਕਾਰ ਹੈ । ਅਜ ਕਲ, ਉਹ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਨਵੀਂ ਦਿੱਲੀ ਵਿਚ ਅਧਿਆਪਕ ਹੈ । ਉਸਦੇ, ਸਮਰ ਸ਼ੇਸ਼ ਹੈ (ਆਤਮ ਕਥਾਤਮਕ ਨਾਵਲ), ਟੂਟਾ ਹੂਆ ਪੰਖ, ਕਿਤਨੇ-ਕਿਤਨੇ ਸਵਾਲ, ਰੈਨ ਬਸੇਰਾ ਅਤੇ ਅਤਿਥੀ ਦੇਵੋ ਭਵ (ਕਹਾਣੀ ਸੰਗ੍ਰਹਿ), ਮੁਝੇ ਬੋਲਨੇ ਦੋ, ਛੋਟੇ ਬੁੱਤੋਂ ਕਾ ਬਿਆਨ ਅਤੇ ਵਲੀ ਮੁਹੰਮਦ ਤੇ ਕਟੀਮਨ ਬੀ ਕੀ ਕਵਿਤਾਏਂ (ਕਾਵਿ-ਸੰਗ੍ਰਹਿ) ਕਿਸੇ ਨਾ ਕਿਸੇ ਰੂਪ ਵਿਚ ਚਰਚਿਤ ਰਹੇ ਹਨ। ਝੀਨੀ ਝੀਨੀ ਬੀਨੀ ਚਦਰੀਆ ਨਾਵਲ ਬਨਾਰਸ ਦੇ ਸਾੜ੍ਹੀ ਬੁਨਕਰਾਂ ਦੇ ਜੀਵਨ ਉਪਰ ਲਿਖਿਆ ਬਹੁਤ ਹੀ ਮਹੱਤਵਪੂਰਣ ਨਾਵਲ ਹੈ।

ਅਬਦੁੱਲ ਬਿਸਮਿੱਲਾ ਦੀਆਂ ਕਹਾਣੀ ਵਰਤਮਾਨ ਨਾਲ ਸਿੱਧਾ ਸੰਵਾਦ ਰਚਾਉਂਦੀਆਂ ਹਨ । ਜਿਨੀ ਸਹਿਜਤਾ ਨਾਲ ਇਹ ਲਿਖੀਆਂ ਗਈਆਂ ਹਨ ਓਨੀ ਸਹਿਜਤਾ ਨਾਲ ਇਹ ਗ੍ਰਹਿਣ ਕੀਤੀਆਂ ਜਾ ਸਕਦੀਆਂ ਹਨ ।) —ਸੰਪਾਦਕ

## ਅਤਿਥੀ ਦੇਵੋ ਭਵ/ਅਬਦੁੱਲ ਬਿਸਮਿੱਲਾ

ਬੜੀ ਤੇਜ਼ ਗਰਮੀ ਸੀ । ਤਿੰਨ ਚਾਰ ਦਿਨਾਂ ਤੋਂ ਲੋਅ ਲਗਾਤਾਰ ਚਲ ਰਹੀ ਸੀ । ਥਾਂ ਥਾਂ ਮੌਤਾਂ ਵੀ ਹੋ ਰਹੀਆਂ ਸਨ । ਸ਼ਹਿਰ ਦੀਆਂ ਸੜਕਾਂ ਚੁਲ੍ਹੇ ਤੇ ਚੜ੍ਹੇ ਤਵੇ ਵਾਂਗ ਤਪ ਰਹੀਆਂ ਸਨ । ਵੱਡੇ ਲੋਕਾਂ ਨੇ ਦਰਵਾਜ਼ਿਆਂ ਉਪਰ ਖੱਸ ਦੀਆਂ ਚਿੱਕਾਂ ਲਵਾ ਲਈਆਂ ਸਨ । ਨੌਕਰ ਇਨ੍ਹਾਂ ਨੂੰ ਪਾਣੀ ਨਾਲ ਤਰ ਕਰ ਰਹੇ ਸਨ । ਦੁਕਾਨਾਂ ਦੇ ਪਰਦੇ ਕੀਤੇ ਹੋਏ ਸਨ । ਫੜ੍ਹੀ ਵਾਲੇ, ਨਾਈ, ਰੇਹੜੀ ਵਾਲੇ ਅਤੇ ਲਾਟਰੀ ਦਾ ਟਿਕਟ ਵੇਚਣ ਵਾਲੇ ਓਵਰਬ੍ਰਿਜ ਦੇ ਹੇਠਾਂ ਪਹੁੰਚ ਗਏ ਸਨ । ਉਹ ਸ਼ਾਮਾਂ ਪੈਣ ਦਾ ਇੰਤਜ਼ਾਰ ਕਰ ਰਹੇ ਸਨ । ਰਿਕਸ਼ੇ ਵਿਚ ਲੋਕ ਇਉਂ ਇਕੱਠੇ ਹੋ ਕੇ ਬੈਠਦੇ ਸਨ ਜਿਵੇਂ ਉਨ੍ਹਾਂ ਦਾ ਕੋਈ ਅੰਗ ਬਾਹਰ ਨਿਕਲੇਗਾ ਤਾਂ ਝੁਲਸ ਜਾਵੇਗਾ । ਸਾਰਿਆਂ ਦੇ ਰੁਮਾਲ ਪਸੀਨਾ ਪੂੰਝ ਪੂੰਝ ਕੇ ਕਾਲੇ ਹੋ ਰਹੇ ਸਨ । ਪਿੰਡ ਦੇ ਲੋਕਾਂ ਨੇ ਆਪਣੇ ਚਿਹਰਿਆਂ ਨੂੰ ਮੋਟੇ ਤੌਲੀਏ ਜਾਂ ਪਰਨੇ ਨਾਲ ਇਉਂ ਢੱਕ ਰੱਖਿਆ ਸੀ ਕਿ ਉਹ ਦੇਖਣ ਨੂੰ ਡਾਕੂ ਲਗ ਰਹੇ ਸਨ । ਪੈਦਲ ਲੋਕਾਂ ਨੇ ਛਤਰੀਆਂ ਫੜੀਆਂ ਹੋਈਆ ਸਨ ਜਾਂ ਫਿਰ ਬੈਗ ਨੂੰ ਹੀ ਸਿਰ ਉਪਰ ਰੱਖਿਆ ਸੀ । ਠੇਲ੍ਹਿਆਂ ਤੇ ਵਿਕਣ ਵਾਲਾ ਪਾਣੀ ਪੰਜ ਪੈਸੇ ਦੀ ਥਾਂ ਦਸ ਪੈਸੇ ਦਾ ਗਿਲਾਸ ਹੋ ਗਿਆ ਸੀ ।

ਇਉਂ ਗਰਮੀ ਨੇ ਉਸ ਸ਼ਹਿਰ ਦੀ ਸਮਾਜਿਕ ਅਤੇ ਅਰਥ-ਵਿਵਸਥਾ ਨੂੰ ਪੂਰੀ ਤਰ੍ਹਾਂ ਜਕੜ ਲਿਆ ਸੀ । ਲੋਕ ਆਜ਼ਾਦ ਹੁੰਦੇ ਹੋਏ ਵੀ ਗ਼ੁਲਾਮ ਸਨ । ਮਜ਼ੇ ਦੀ ਗੱਲ ਇਹ ਹੈ ਕਿ ਉਹ ਗਰਮੀ ਦਾ ਕੁਝ ਵੀ ਵਿਗਾੜ ਨਹੀਂ ਸਨ ਸਕਦੇ । ਇਸ ਲਈ ਉਨ੍ਹਾਂ ਨੇ ਲੋਅ ਤੋਂ ਬਚਣ ਲਈ ਆਪਣੀਆਂ ਜੇਬ੍ਹਾਂ ਵਿਚ ਛੋਟੇ ਛੋਟੇ ਗੰਢੇ ਰੱਖ ਲਏ ਸਨ ਤੇ ਸ਼ੁਕਰ ਮਨਾ ਰਹੇ ਸਨ।

ਸਲਮਾਨ ਸਾਹਿਬ ਦੀ ਜੇਬ੍ਹ ਵਿਚ ਵੀ ਇਕ ਛੋਟਾ ਜਿਹਾ ਗੰਢਾ ਪਿਆ ਹੋਇਆ ਸੀ । ਇਹ ਉਨ੍ਹਾਂ ਦੀ ਬੀਵੀ ਨੇ ਚੁਪਕੇ ਜਿਹੇ ਧਰ ਦਿੱਤਾ ਸੀ । ਸਲਮਾਨ ਸਾਹਿਬ ਨੂੰ ਇਸ ਗੱਲ ਦਾ ਪੂਰਾ ਪਤਾ ਸੀ ਪਰੰਤੂ ਉਹ ਇਹ ਮੰਨ ਕੇ ਚੱਲ ਰਹੇ ਸਨ ਕਿ ਗੰਢੇ ਬਾਰੇ ਉਨ੍ਹਾਂ ਨੂੰ ਕੁਝ ਵੀ ਨਹੀਂ ਪਤਾ

ਉਹ ਆਪਣੇ ਇਸ ਵਿਸ਼ਵਾਸ ਉਪਰ ਪੂਰੀ ਤਰ੍ਹਾਂ ਅਟੱਲ ਸਨ ਕਿ ਲੋਅ ਦਾ ਗੰਢੇ ਨਾਲ ਕੋਈ ਸੰਬੰਧ ਨਹੀਂ ।

ਸਲਮਾਨ ਸਾਹਿਬ ਸੂਟਕੇਸ ਚੁੱਕੀ ਛਨ-ਛਨ ਕਰਦੀ ਸੜਕ ਉਪਰ ਤੁਰੇ ਜਾ ਰਹੇ ਸਨ, ਭਾਵੇਂ ਉਨ੍ਹਾਂ ਦੀ ਇਹ ਇੱਛਾ ਸੀ ਕਿ ਉਹ ਹੋਰਨਾਂ ਦੀ ਤਰ੍ਹਾਂ ਸਿਰ ਉਪਰ ਰੁਮਾਲ ਬੰਨ੍ਹ ਲੈਣ ਜਾਂ ਤੌਲੀਆ ਕੱਢ ਕੇ ਚੇਹਰੇ ਦੁਆਲੇ ਲਪੇਟ ਲੈਣ ਪਰੰਤੂ ਔਖ ਹੋਣ ਦੇ ਡਰੋਂ ਉਹ ਅਜਿਹਾਂ ਕਰ ਨਹੀਂ ਪਾ ਰਹੇ ਸਨ । ਇਸ ਤੋਂ ਇਲਾਵਾ ਉਨ੍ਹਾਂ ਨੂੰ ਇਸ ਗੱਲ ਦੀ ਉਤਾਵਲੀ ਵੀ ਸੀ ਕਿ ਕਦੋਂ ਉਹ ਮਿਸ਼ਰੀ ਲਾਲ ਗੁਪਤਾ ਦੇ ਘਰ ਪਹੁੰਚਣ । ਰਿਕਸ਼ਾ ਉਨ੍ਹਾ ਨੂੰ ਮਿਲਿਆ ਨਹੀਂ । ਇਸ ਲਈ ਉਹ ਮਨ ਨੂੰ ਸਮਝਾਉਣੀਆਂ ਦਿੰਦੇ ਜਾ ਰਹੇ ਸਨ ਕਿ ਸਟੇਸ਼ਨ ਤੋਂ ਉਸਦਾ ਕਮਰਾ ਦੂਰ ਨਹੀਂ ਹੈ । ਇਹ ਗੱਲ ਮਿਸ਼ਰੀ ਲਾਲ ਨੇ ਵੀ ਉਨ੍ਹਾਂ ਨੂੰ ਦੱਸੀ ਹੋਈ ਸੀ ।

ਸਲਮਾਨ ਸਾਹਿਬ ਪਹਿਲੀ ਬਾਰ ਮਿਸ਼ਰੀ ਲਾਲ ਗੁਪਤਾ ਨੂੰ ਮਿਲਣ ਉਸ ਸ਼ਹਿਰ ਵਿਚ ਆਏ ਸਨ । ਇਸ ਲਈ ਸਿਚੂਏਸ਼ਨ ਦਾ ਪਤਾ ਨਹੀਂ ਸੀ । ਫਿਰ ਵੀ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਸੀ ਕਿ ਉਹ ਮਿਸ਼ਰੀ ਲਾਲ ਗੁਪਤਾ ਨੂੰ ਜ਼ਰੂਰ ਬਰ ਜ਼ਰੂਰ ਹੀ ਲੱਭ ਲੈਣਗੇ ।

ਮਿਸ਼ਰੀ ਲਾਲ ਗੁਪਤਾ ਸਲਮਾਨ ਸਾਹਿਬ ਦੇ ਗੁਆਂਢ ਦਾ ਅਜਿਹਾ ਮੁੰਡਾ ਸੀ ਜੋ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਕਰਕੇ ਸਾਰੇ ਕਸਬੇ ਵਿਚ ਮਸ਼ਹੂਰ ਸੀ । ਗੁਪਤਾ ਖਾਨਦਾਨ ਦਾ ਉਹ ਪਹਿਲਾ ਮੁੰਡਾ ਸੀ ਜਿਸਨੇ ਮਾਸ ਖਾਣਾ ਸ਼ੁਰੂ ਕਰ ਦਿੱਤਾ ਸੀ ਅਤੇ ਉਹ ਮੁਸਲਮਾਨ ਹੋਟਲਾਂ ਵਿਚ ਚਾਹ ਪੀਂਦਾ ਸੀ । ਜੀ ਹਾਂ ਜਿਸ ਤਰ੍ਹਾਂ ਬਨਾਰਸ ਦੀ ਯੂਨੀਵਰਸਿਟੀ ਹਿੰਦੂ ਹੈ ਅਤੇ ਅਲੀਗੜ੍ਹ ਦੀ ਯੂਨੀ-ਵਰਸਿਟੀ ਮੁਸਲਮਾਨ, ਠੀਕ ਇਓਂ ਹੀ ਉਨ੍ਹਾਂ ਦੇ ਕਸਬੇ ਵਿਚ ਹੋਟਲ ਵੀ ਹਿੰਦੂ ਅਤੇ ਮੁਸਲਮਾਨੀ ਸਨ । ਇਹ ਵੱਖਰੀ ਗੱਲ ਹੈ ਕਿ ਹਿੰਦੂ ਹੋਟਲਾਂ ਵਿਚ ਮੁਸਲਮਾਨਾਂ ਲਈ ਜਾਂ ਮੁਸਲਮਾਨ ਹੋਟਲਾਂ ਵਿਚ ਹਿੰਦੂਆਂ ਦੇ ਆਉਣ ਦੀ ਕੋਈ ਮਨਾਹੀ ਨਹੀਂ ਸੀ ਪਰੰਤੂ ਫਿਰ ਵੀ ਧਾਰਮਿਕ ਲੋਕ ਇਸ ਗੱਲ ਨੂੰ ਬੁਰਾ ਸਮਝਦੇ ਸਨ । ਸਲਮਾਨ ਸਾਹਿਬ ਦੇ ਗਵਾਂਢੀ ਜਕੀ ਸਾਹਿਬ ਹਮੇਸ਼ਾ ਮੁਸਲਮਾਨ ਹਲਵਾਈ ਤੋਂ ਹੀ ਮਿਠਿਆਈ ਮੰਗਵਾਉਂਦੇ ਸਨ ਕਿਉਂਕਿ ਸ਼ਿਵਚਰਣ ਹਲਵਾਈ ਸਾਫ਼ ਸੁਥਰਾ ਨਹੀਂ ਸੀ ਰਹਿੰਦਾ ।

ਉਨ੍ਹਾਂ ਦਿਨਾਂ ਵਿਚ ਉਸ ਕਸਬੇ 'ਚ ਇਕ ਹੀ ਸਕੂਲ ਸੀ ਤੇ ਇਥੇ ਸਾਰਿਆਂ ਨੂੰ ਲਾਜ਼ਮੀ ਸੰਸਕ੍ਰਿਤ ਪੜ੍ਹਨੀ ਪੈਂਦੀ ਸੀ । ਇਸ ਲਈ ਸਲਮਾਨ ਸਾਹਿਬ ਨੇ ਵੀ 'ਰਾਮ, ਰਾਮੌ, ਰਾਮਾ : ਪੜ੍ਹਿਆ । ਨਤੀਜਾ ਇਹ ਹੋਇਆ ਕਿ ਉਹ ਉਰਦੂ ਨਹੀਂ ਪੜ੍ਹ ਸਕੇ । ਇਸੇ ਤਰ੍ਹਾਂ ਮਿਸ਼ਰੀ ਲਾਲ ਦੇ ਦਾਦਾ ਗਿਰਧਾਰੀ ਲਾਲ ਗੁਪਤਾ ਆਪਣੇ ਜ਼ਮਾਨੇ ਵਿਚ ਉਰਦੂ ਹੀ ਪੜ੍ਹ ਸਕੇ ਸਨ । ਸੰਸਕ੍ਰਿਤ ਸਿੱਖਣ ਦਾ ਮੌਕਾ ਉਨ੍ਹਾਂ ਨੂੰ ਨਾ ਮਿਲਿਆ । ਇਕ ਤਾਂ ਵੈਸ਼ ਤੇ ਦੂਸਰੇ ਮਦਰੱਸੇ ਵਿਚ ਸੰਸਕ੍ਰਿਤ ਪੜ੍ਹਨ ਦਾ ਪ੍ਰਬੰਧ ਨਹੀਂ ਸੀ । ਅਜਿਹੀਆਂ ਹੀ ਮਜਬੂਰੀਆਂ ਨੇ ਸਲਮਾਨ ਸਾਹਿਬ ਤੋਂ ਸੰਸਕ੍ਰਿਤ ਪੜ੍ਹਵਾਈ ਅਤੇ ਜਦੋਂ ਉਹ ਉਚੇਰੀ ਸਿਖਿਆ ਲਈ ਸ਼ਹਿਰ ਪਹੁੰਚੇ ਤਾਂ ਉਨ੍ਹਾਂ ਨੇ ਸੰਸਕ੍ਰਿਤ ਹੀ ਪੜ੍ਹੀ । ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਐਮ. ਏ. ਕਰਨ ਤੋਂ ਬਾਦ ਉਹ ਕਿਤੇ ਨਾ ਕਿਤੇ ਲੈਕਚਰਾਰ ਲੱਗ ਜਾਣਗੇ, ਪਰ ਅਜਿਹਾ ਨਾ ਹੋ ਸਕਿਆ ਅਤੇ ਹੁਣ ਉਹ ਆਪਣੇ ਕਸਬੇ ਵਿਚ ਖੁਲ੍ਹੇ ਨਵੇਂ ਨਵੇਂ ਇਸਲਾਮੀਆ ਮਿਡਲ ਸਕੂਲ ਵਿਚ ਹਿਸਟਰੀ ਪੜ੍ਹਾਉਣ ਲੱਗੇ ਸਨ ।

ਜਿਨ੍ਹਾਂ ਦਿਨਾਂ ਵਿਚ ਮਿਸ਼ਰੀ ਲਾਲ ਇੰਟਰ ਕਰ ਰਿਹਾ ਸੀ ਸਲਮਾਨ ਸਾਹਿਬ ਨੇ ਉਸਨੂੰ



ਸਵੇਰੇ-ਸ਼ਾਮ ਸੰਸਕ੍ਰਿਤ ਪੜ੍ਹਾਈ ਸੀ । ਇਸ ਲਈ ਉਹ ਇਨ੍ਹਾਂ ਨੂੰ ਆਪਣਾ ਗੁਰੂ ਮੰਨਦਾ ਸੀ ਇਨ੍ਹਾਂ ਦੇ ਪੈਰੀਂ ਹੱਥ ਵੀ ਲਾਉਂਦਾ ਸੀ । ਉਹ ਹੁਣ ਬੀ. ਏ. ਕਰ ਚੁੱਕਾ ਸੀ ਤੇ ਕਿਸੇ ਕੰਪੀਟੀਸ਼ਨ ਦੀ ਤਿਆਰੀ ਕਰ ਰਿਹਾ ਸੀ । ਉਸਦੀ ਇਹ ਦਿਲੀ ਇੱਛਾ ਸੀ ਕਿ ਜਦੋਂ ਵੀ ਸਲਮਾਨ ਸਾਹਿਬ ਉਸਦੇ ਸ਼ਹਿਰ ਆਉਣ ਉਸਦੇ ਘਰ ਜ਼ਰੂਰੀ ਆਪਣੇ ਚਰਨ ਪਾਉਣ । ਮਿਸ਼ਰੀ ਲਾਲ ਦੀ ਇਸ ਇੱਛਾ ਨੂੰ ਬਿਨਾਂ ਕਿਸੇ ਉਚੇਚ ਦੇ ਪੂਰਾ ਕਰਨ ਲਈ ਹੀ ਉਹ ਇਸ ਸ਼ਹਿਰ ਪਹੁੰਚ ਗਏ ਸਨ । ਅਤੇ ਅਚਾਨਕ ਉਸਦੇ ਦਰਵਾਜ਼ੇ ਤੇ ਪਹੁੰਚ ਕੇ ਉਸਨੂੰ ਹੈਰਾਨ ਕਰ ਦੇਣਾ ਚਾਹੁੰਦੇ ਸਨ ।

ਸਲਮਾਨ ਸਾਹਿਬ ਨੇ ਮੁਹੱਲੇ ਦਾ ਨਾਮ ਯਾਦ ਕੀਤਾ—ਗੋਪਾਲਗੰਜ । ਹਾਂ ਇਹੀ ਨਾਮ ਹੈ । ਮਕਾਨ ਨੰਬਰ ਬੀ-ਪੰਜ ਸੌ ਬਾਹਟ । ਰਾਮਸ਼ਰਣ ਮਿਸ਼ਰ ਦਾ ਮਕਾਨ ਸਟੇਸ਼ਨ ਤੋਂ ਕੋਈ ਅੱਧਾ ਮੀਲ ਦੂਰ ।

"ਕਿਉਂ ਭਾਈ ਸਾਹਿਬ ਗੋਪਾਲਗੰਜ ਕਿਧਰ ਪਏਗਾ ?" ਉਨ੍ਹਾਂ ਨੇ ਇਕ ਦੁਕਾਨਦਾਰ ਤੋਂ ਪੁੱਛਿਆ ਤਾਂ ਪਾਨ ਦੀ ਲਾਲੀ ਥੁੱਕਣ ਦਾ ਕਸ਼ਟ ਕੀਤੇ ਬਗੈਰ ਹੀ ਉਸਨੇ ਗਰੋਲੀ ਕਰਦਿਆਂ ਦੱਸਿਆ ਕਿ ਜਨਾਬ ਥੋੜ੍ਹਾ ਅਗਾਂਹ ਲੰਘ ਆਏ ਹਨ । ਹੁਣ ਪਿੱਛੇ ਮੁੜਕੇ ਉਸ ਬਿਜਲੀ ਦੇ ਖੰਭੇ ਕੋਲ ਵਾਲੀ ਗਲੀ ਵਿਚ ਅੰਦਰ ਵੜ ਜਾਣ । ਉਸਦੀ ਦੁਕਾਨ ਦੇ ਸ਼ੈੱਡ ਥੱਲਿਉਂ ਜਦੋਂ ਸਲਮਾਨ ਸਾਹਿਬ ਬਾਹਰ ਆਏ ਤਾਂ ਲੋਅ ਦਾ ਇਕ ਥਪੇੜਾ ਠਾਅ ਕਰਦਾ ਉਹਨਾਂ ਦੀ ਗਲ੍ਹ ਤੇ ਆ ਕੇ ਵੱਜਾ । ਉਨ੍ਹਾਂ ਨੇ ਇਕ ਹੱਥ ਦੀ ਹਥਿਆਈ ਪੁੜਪੁੜੀ ਉਪਰ ਰੱਖ ਲਈ । ਠੀਕ ਉਸੇ ਸਮੇਂ ਉਹਨਾਂ ਨੂੰ ਆਪਣੀ ਜੇਬ ਵਿਚ ਪਏ ਗੰਢੇ ਦਾ ਖਿਆਲ ਵੀ ਆਇਆ । ਛਿਣ ਭਰ ਲਈ ਉਹ ਨਿਸਚਿੰਤ ਹੋ ਗਏ । ਹਾਂ ਇਹੀ ਗਲੀ ਤਾਂ ਹੈ । ਉਹਨਾਂ ਨੇ ਬਿਜਲੀ ਦੇ ਖੰਭੇ ਨੂੰ ਧਿਆਨ ਨਾਲ ਦੇਖਿਆ ਅਤੇ ਉਸ ਖੰਭੇ ਕੋਲੋਂ ਗਲੀ ਵਿਚ ਮੁੜ ਗਏ ।

ਸੱਜੇ ਪਾਸੇ 'ਏ' ਬਲਾਕ ਸੀ । ਸਲਮਾਨ ਸਾਹਿਬ ਨੇ ਸੋਚਿਆ ਕਿ ਖੱਬੇ ਪਾਸੇ 'ਬੀ' ਬਲਾਕ ਹੋਵੇਗਾ, ਪਰ ਉਧਰ ਵੀ 'ਏ' ਬਲਾਕ ਸੀ । ਉਹ ਹੋਰ ਅਗਾਂਹ ਵਧੇ ਸ਼ਾਇਦ 'ਏ' ਵਾਲੀ ਸਾਈਡ ਹੀ ਅਗਾਂਹ ਚਲਕੇ 'ਬੀ' ਬਲਾਕ ਪਵੇ । ਪਰ ਨਹੀਂ ਜਿੱਥੋਂ 'ਏ' ਖਤਮ ਹੋਇਆ ਉਥੋਂ 'ਐਮ' ਸ਼ੁਰੂ ਹੋ ਰਿਹਾ ਸੀ । ਖੱਬੇ ਹੱਥ 'ਸੀ' ਬਲਾਕ ਸੀ । ਉਹ ਚਕਰਾ ਗਏ ।

ਇਕ ਸੱਜਣ ਸੜਕ ਉਪਰ ਮੰਜੀ ਕੱਢਕੇ ਉਸਦੀ ਧੁਨਾਈ ਕਰ ਰਹੇ ਸਨ ਅਤੇ ਥੱਲੇ ਡਿਗੇ ਖਟਮਲਾਂ ਨੂੰ ਮਾਰ ਰਹੇ ਸਨ । ਉਹਨਾਂ ਨੇ ਉਹਨਾਂ ਦੀ ਬੇਚੈਨੀ ਨੂੰ ਜਾਣ ਕੇ ਪੁੱਛਿਆ, "ਕਿੱਥੇ ਜਾਣਾ ਹੈ ?" ਸਲਮਾਨ ਸਾਹਿਬ ਨੇ ਖੁਦ ਆਪਣੀ ਜੁੱਤੀ ਨਾਲ ਇਕ ਛੋਟੇ ਜਿਹੇ ਖਟਮਲ ਨੂੰ ਮਾਰਿਆ ਅਤੇ ਪੁੱਛਿਆ, "ਇਹ ਬੀ ਪੰਜ ਸੌ ਬਾਹਟ ਕਿਧਰ ਪਏਗਾ ।"

"ਉਹ ਮਿਸਰ ਜੀ ਦਾ ਮਕਾਨ ? ਉਹ ਪੁਰਾਣੇ ਗੋਪਾਲਗੰਜ ਵਿਚ ਹੈ । ਆਪ ਇਧਰੋਂ ਜਾ ਕੇ ਮੰਦਿਰ ਕੋਲੋਂ ਸੱਜੇ ਹੱਥ ਮੁੜ ਕੇ ਕਿਸੇ ਤੋਂ ਵੀ ਪੁੱਛ ਲਇਓ ।" ਸਲਮਾਨ ਸਾਹਿਬ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਚਲ ਪਏ । ਮੰਦਿਰ ਕੋਲ ਪਹੁੰਚ ਕੇ ਜਦੋਂ ਉਹ ਸੱਜੇ ਪਾਸੇ ਮੁੜੇ ਤਾਂ ਉਨ੍ਹਾਂ ਨੇ ਦੇਖਿਆ ਕਿ ਚਾਰ-ਪੰਜ ਮੱਝਾਂ ਬੱਝੀਆਂ ਹੋਈਆਂ ਹਨ ਅਤੇ ਇਕ ਕੁੜੀ ਆਪਣੇ ਵਰਾਂਡੇ ਵਿਚ ਖੜ੍ਹੀ, ਦੂਰ ਜਾ ਰਹੇ ਚੂੜੀਆਂ ਵਾਲੇ ਨੂੰ ਬੁਲਾ ਰਹੀ ਹੈ ।

"ਕੀ ਪੁਰਾਣਾ ਗੋਪਾਲਗੰਜ ਇਹੋ ਈ ਹੈ ?" ਉਨ੍ਹਾਂ ਨੇ ਕੁੜੀ ਤੋਂ ਹੀ ਜਾਣਕਾਰੀ ਲੈਣੀ ਚਾਹੀ

ਪਰ ਉਸਨੇ ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿੱਤਾ। ਉਸਦਾ ਸਾਰਾ ਧਿਆਨ ਚੂੜੀਆਂ ਵਾਲੇ ਦੀ ਰੇੜ੍ਹੀ ਉਪਰ ਲੱਗਿਆ ਹੋਇਆ ਸੀ। ਸਲਮਾਨ ਸਾਹਿਬ ਅਗਾਂਹ ਲੰਘ ਗਏ।

ਥੋੜ੍ਹਾ ਹੋਰ ਅਗਾਂਹ ਜਾਣ ਤੇ ਉਹਨਾਂ ਨੂੰ ਪੁਰਾਣੇ ਢੰਗ ਦੇ ਉੱਚੇ ਉੱਚੇ ਮਕਾਨ ਦਿਖਾਈ ਦਿਤੇ। ਇਨ੍ਹਾ ਮਕਾਨਾ ਦੀ ਛਾਂ ਹੇਠ ਉਸ ਇਲਾਕੇ ਦੀਆਂ ਸੌੜੀਆਂ ਸੜਕਾਂ ਤੋਂ ਵਧੇਰੇ ਠੰਢ ਸੀ। ਬੱਚੇ ਨੰਗ-ਧੜੰਗੇ ਖੇਲ੍ਹ-ਕੁੱਦ ਰਹੇ ਸਨ। ਸਲਮਾਨ ਸਾਹਿਬ ਦਾ ਮਨ ਉਥੇ ਪਲ ਭਰ ਖੜੇ ਹੋਣ ਲਈ ਕੀਤਾ ਪਰੰਤੂ ਤੁਰੰਤ ਹੀ ਇਸ ਵਿਚਾਰ ਨੂੰ ਤਿਆਗ ਦਿੱਤਾ ਅਤੇ ਚਲਦੇ ਰਹੇ।

ਸਾਹਮਣਿਉਂ ਇਕ ਮੁੰਡਾ ਦੌੜਿਆ ਆ ਰਿਹਾ ਸੀ। ਉਸਦੇ ਪਿੱਛੇ ਇਕ ਮੋਟਾ ਜਿਹਾ ਚੂਹਾ ਘਿਸਟਦਾ ਹੋਇਆ ਆ ਰਿਹਾ ਸੀ। ਮੁੰਡੇ ਨੇ ਚੂਹੇ ਦੀ ਪੂਛ ਨਾਲ ਸੂਤਲੀ ਬੰਨ੍ਹੀ ਹੋਈ ਸੀ ਤੇ ਦੂਜਾ ਸਿਰਾ ਹੱਥ ਵਿਚ ਫੜਿਆ ਹੋਇਆ ਸੀ। ਜਿਵੇਂ ਕਿ ਸਲਮਾਨ ਸਾਹਿਬ ਨੂੰ ਉਮੀਦ ਸੀ ਉਹ ਮੁੰਡਾ ਉਨ੍ਹਾਂ ਨੂੰ ਵੇਖਕੇ ਰਤਾ ਭਰ ਵੀ ਨਹੀਂ ਅਟਕਿਆ ਅਤੇ ਉਨ੍ਹਾਂ ਦੀ ਬਗਲ ਤੋਂ ਦੌੜਕੇ ਚੱਕਰ ਵਿਚ ਟਕਰਾ ਗਿਆ।

"ਇਹ ਬੀ-ਪੰਜ ਸੌ ਬਾਹਟ ਕਿਧਰ ਹੈ ? ਤੈਨੂੰ ਪਤਾ ਹੈ ਮਿਸ਼ਰ ਜੀ ਦਾ ਮਕਾਨ ?" ਮੁੰਡੇ ਨੇ ਉਹਨਾਂ ਵਲ ਉੜਦੀ ਨਜ਼ਰੇ ਦੇਖਿਆ ਅਤੇ ਇਕ ਮਕਾਨ ਵਲ ਸੰਕੇਤ ਕਰਦਾ ਹੋਇਆ ਦੌੜ ਗਿਅ ਉਸਦੇ ਪਿੱਛੇ ਪਿੱਛੇ ਚੂਹਾ ਵੀ ਘੜੀਸ ਹੁੰਦਾ ਚਲਾ ਗਿਆ।

ਸਲਮਾਨ ਸਾਹਿਬ ਨੇ ਇਕ ਠੰਡਾ ਹੌਕਾ ਭਰਿਆ ਅਤੇ ਉਸ ਵੱਡੀ ਸਾਰੀ ਇਮਾਰਤ ਸਾਹਮਣੇ ਜਾ ਖੜੇ ਹੋਏ। ਉਥੇ ਬਾਹਰ ਹੀ ਦੋ ਔਰਤਾਂ ਮੰਜੇ ਉਪਰ ਬੈਠੀਆਂ ਸਨ ਜੋ ਪੰਜਾਬ ਸਮੱਸਿਆ ਨੂੰ ਆਪਣੇ ਢੰਗ ਨਾਲ ਹੱਲ ਕਰਨ ਵਿਚ ਲੱਗੀਆਂ ਹੋਈਆਂ ਸਨ।

"ਕੀ ਬਿੱਟਨ ਦੀ ਅੰਮਾ, ਸ਼ੁਕਰ ਮਨਾਉ ਕਿ ਅਸੀਂ ਹਿੰਦੁਸਤਾਨ ਵਿਚ ਹਾਂ, ਪੰਜਾਬ ਵਿਚ ਹੁੰਦੀਆਂ ਤਾਂ ਪਤਾ ਨਹੀਂ ਕੀ ਗਤ ਬਣਦੀ...।"

"ਰਾਧਾਚਰਣ ਮਿਸ਼ਰ ਜੀ ਦਾ ਮਕਾਨ ਇਹੀ ਹੈ ?" ਔਰਤਾਂ ਮੰਜੇ ਉਪਰ ਹੀ ਬੈਠੀਆਂ ਰਹੀਆਂ, ਜਦਕਿ ਸਲਮਾਨ ਸਾਹਿਬ ਨੇ ਸੋਚਿਆ ਸੀ ਕਿ ਉਹ ਉਠ ਖੜੋਣਗੀਆਂ, ਜਿਵੇਂ ਕਿ ਉਹਨਾਂ ਦੇ ਕਸਬੇ ਵਿਚ ਹੁੰਦਾ ਹੈ। ਪਰੰਤੂ ਇਹ ਤਾਂ ਸ਼ਹਿਰ ਹੈ।

"ਮਿਸ਼ਰ ਜੀ ਇਥੇ ਨਹੀਂ ਰਹਿੰਦੇ। ਉਹ ਜਵਾਹਰ ਨਗਰ ਰਹਿੰਦੇ ਐ, ਇਥੇ ਉਹਨਾਂ ਦੇ ਕਿਰਾਏਦਾਰ ਹੀ ਰਹਿੰਦੇ ਐ। ਇਕ ਔਰਤ ਉਹਨਾਂ ਨੂੰ ਜਾਣਕਾਰੀ ਦੇ ਕੇ ਖਾਮੋਸ਼ ਹੋ ਗਈ।

"ਕੰਮ ਕੀ ਐ ?" ਦੂਸਰੀ ਨੇ ਪੱਛਿਆ ਤੇ ਸਿਰ ਖੁਰਕਣ ਲੱਗ ਪਈ।"

"ਉਨ੍ਹਾਂ ਦੇ ਮਕਾਨ ਵਿਚ ਇਕ ਮੁੰਡਾ ਰਹਿੰਦੈ ਮਿਸ਼ਰ ਲਾਲ ਗੁਪਤਾ, ਉਸੇ ਨੂੰ ਮਿਲਣਾ ਹੈ ?"

"ਉਪਰ ਚਲੇ ਜਾਉ। ਪੌੜੀਆਂ ਚੜ੍ਹ ਕੇ ਦੂਸਰਾ ਮਕਾਨ ਉਨ੍ਹਾਂ ਦਾ ਹੀ ਹੈ।" ਸਿਰ ਖੁਰਕਣ ਵਾਲੀ ਨੇ ਦੱਸਿਆ ਤੇ ਖੜੀ ਹੋ ਗਈ।

ਸਲਮਾਨ ਸਾਹਿਬ ਅੰਦਰ ਚਲੇ ਗਏ।

ਅੰਦਰ ਹਨੇਰਾ ਸੀ। ਕੋਈ ਪੌੜੀ ਨਜ਼ਰ ਨਹੀਂ ਸੀ ਆ ਰਹੀ। ਥੋੜ੍ਹੀ ਦੇਰ ਖੜੋਣ ਪਿੱਛੋਂ ਉਨ੍ਹਾਂ ਨੂੰ ਇਕ ਟੂਟੀ ਦਿਖਾਈ ਦਿੱਤੀ। ਫਿਰ ਪੌੜੀ ਵੀ ਦਿਖਾਈ ਦੇਣ ਲੱਗੀ। ਉਹ ਸੰਭਲ-ਸੰਭਲ ਕੇ ਉਪਰ ਚੜ੍ਹਨ ਲੱਗੇ।



ਇਸ ਦੌਰਾਨ ਸਲਮਾਨ ਸਾਹਿਬ ਨੇ ਅੰਦਾਜ਼ਾ ਲਗਾਇਆ ਕਿ ਮਿਸ਼ਰੀ ਲਾਲ ਸੌਂ ਰਿਹਾ ਹੋਵੇਗਾ ਤੇ ਉਸਨੂੰ ਦਰਵਾਜ਼ਾ ਖੜਕਾ ਕੇ ਜਗਾਉਣਾ ਪਵੇਗਾ। ਉਹ ਹੜਬੜਾ ਕੇ ਉਠੇਗਾ ਤੇ ਚਿਟ-ਕਣੀ ਖੋਲ੍ਹ ਕੇ ਅੱਖਾਂ ਮਲਦੇ ਹੋਏ ਬਾਹਰ ਤੱਕੇਗਾ। ਫਿਰ ਸਾਹਮਣੇ ਉਸਨੂੰ ਦੇਖ ਕੇ ਪੈਰੀਂ ਪੈਣਾ ਕਹੇਗਾ।

"ਕੌਣ :" ਪੌੜੀਆਂ ਖਤਮ ਹੁੰਦਿਆ ਹੀ ਉਸ ਪਾਰੋਂ ਕਿਸੇ ਔਰਤ ਦਾ ਸਵਾਲ ਕੰਨੀਂ ਪਿਆ ਤਾਂ ਉਹ ਠਿਠਕ ਗਏ।

"ਮਿਸ਼ਰੀ ਲਾਲ ਜੀ ਹੈਨ ਕਿ ?"

"ਜ਼ਰਾ ਠਹਿਰੋ।"

ਉਸ ਔਰਤ ਨੇ ਜ਼ਰਾ ਸਖਤੀ ਨਾਲ ਕਿਹਾ ਤਾਂ ਸਲਮਾਨ ਸਾਹਿਬ ਨੂੰ ਲੱਗਾ ਕਿ ਉਹ ਕਿਸੇ ਜ਼ਰੂਰੀ ਕੰਮ ਵਿਚ ਲੱਗੀ ਹੋਈ ਹੈ। ਉਹ ਬਿਨ੍ਹਾਂ ਤਖਤਿਆਂ ਵਾਲੇ ਦਰਵਾਜ਼ੇ ਦੇ ਉਰੇ ਹੀ ਖੜੇ ਹੋ ਗਏ ਤੇ ਕੁਝ ਸੋਚਣ ਲੱਗੇ। ਤਾਂ ਹੀ ਉਹਨਾਂ ਦੇਖਿਆ ਕਿ ਇਕ ਅਧੇੜ ਉਮਰ ਦੀ ਗੋਰੀ ਜਿਹੀ ਔਰਤ ਸਿਰਫ਼ ਪੇਟੀਕੋਟ ਤੇ ਬਰੇਜ਼ੀਅਰ ਵਿਚ ਵਰਾਂਡੇ ਚੋਂ ਦੌੜਕੇ ਸਾਹਮਣੇ ਵਾਲੀ ਕੋਠੜੀ ਵਿਚ ਦਾਖਲ ਹੋਈ ਅਤੇ ਛੇਤੀ ਨਾਲ ਸਾੜ੍ਹੀ ਲਪੇਟ ਕੇ ਬਲਾਊਜ਼ ਦਾ ਹੁੱਕ ਲਾਉਂਦੀ ਹੋਈ ਬਾਹਰ ਆ ਗਈ।

"ਆਉ !" ਉਸਨੇ ਸਲਮਾਨ ਸਾਹਿਬ ਨੂੰ ਬੁਲਾਇਆ। ਉਹ ਅੰਦਰ ਇਉਂ ਦਾਖਲ ਹੋਏ ਕਿ ਜਿਵੇਂ ਉਹਨਾਂ ਨੇ ਉਸ ਔਰਤ ਨੂੰ ਥੋੜ੍ਹੀ ਦੇਰ ਪਹਿਲਾਂ ਅੰਦਰ ਜਾਂਦਿਆਂ ਦੇਖਿਆ ਹੀ ਨਾਂ ਹੋਵੇ। ਔਰਤ ਨੇ ਵੀ ਸ਼ਾਇਦ ਇਹੀ ਸੋਚਿਆ ਤੇ ਉਹ ਖੜੀ ਰਹੀ।

ਸਲਮਾਨ ਸਾਹਿਬ ਨੇ ਦੇਖਿਆ ਕਿ ਵਰਾਂਡੇ ਵਿਚ ਬਣੇ ਪਰਨਾਲੇ ਦੇ ਮੂਹਰੇ ਇਕ ਲਾਹੀ ਹੋਈ ਸਾੜ੍ਹੀ ਪਈ ਹੈ ਜਿਸ ਵਿਚੋਂ ਜੋ ਸਾਬਣ ਦੀ ਖੁਸ਼ਬੂ ਪੂਰੇ ਮਾਹੌਲ ਵਿਚ ਬਿਖਰੀ ਹੋਈ ਹੈ।

"ਮਿਸ਼ਰੀ ਲਾਲ ਜੀ ਨਾਲ ਵਾਲੇ ਕਮਰੇ ਵਿਚ ਰਹਿੰਦੇ ਹਨ। ਪਰ ਉਹ ਇਥੇ ਨਹੀਂ। ਸਵੇਰ ਤੋਂ ਹੀ ਕਿਤੇ ਗਏ ਹੋਏ ਹਨ। ਤੁਸੀਂ ਕਿੱਥੋਂ ਆਏ ਹੋ ? ਬੈਠੋ।"

ਔਰਤ ਨੇ ਬੇਹੱਦ ਨਿਰਮਾਣਤਾ ਨਾਲ ਕਿਹਾ ਅਤੇ ਇਕ ਮੰਜਾ ਡਾਹ ਕੇ ਅੰਦਰ ਚਲੀ ਗਈ। ਥੋੜ੍ਹੀ ਦੇਰ ਵਿਚ ਉਹ ਇਕ ਪਲੇਟ ਵਿਚ ਗੁੜ ਅਤੇ ਗਿਲਾਸ ਵਿਚ ਪਾਣੀ ਦਾ ਗਿਲਾਸ ਲੈ ਕੇ ਬਾਹਰ ਆਈ। ਉਸਨੇ ਮੰਜੇ ਤੇ ਪਲੇਟ ਰੱਖੀ ਤੇ ਖੜੀ ਹੋ ਗਈ।

"ਪਾਣੀ ਪੀਉ ਅੱਜ ਗਰਮੀ ਬਹੁਤ ਹੈ।" ਏਨਾ ਕਹਿਕੇ ਉਸਨੇ ਉਤਾਰੀ ਹੋਈ ਸਾੜ੍ਹੀ ਵਲ ਦੇਖਿਆ ਤੇ ਪਤਾ ਨਹੀਂ ਕੀ ਸੋਚ ਕੇ ਪਾਣੀ ਥੱਲੇ ਰੱਖ ਕੇ ਫਿਰ ਅੰਦਰ ਜਾ ਵੜੀ। ਹੁਣ ਉਹ ਇਕ ਪੱਖੀ ਲੈ ਆਈ ਤੇ ਇਸਨੂੰ ਮੰਜੇ ਤੇ ਰੱਖ ਦਿੱਤਾ।

ਸਲਮਾਨ ਸਾਹਿਬ ਨੇ ਗੁੜ ਖਾਧਾ, ਪਾਣੀ ਪੀਤਾ ਅਤੇ ਪੱਖੀ ਲੈ ਕੇ ਹੌਲੀ ਹੌਲੀ ਝੱਲਣ ਲੱਗੇ। "ਮਿਸ਼ਰੀ ਲਾਲ ਕਿਤੇ ਬਾਹਰ ਤਾਂ ਨਹੀਂ ਚਲਿਆ ਗਿਆ ?"

"ਬਾਹਰ ਤਾਂ ਨਹੀਂ ਗਏ ਸ਼ਹਿਰ ਵਿਚ ਹੀ ਹੋਣਗੇ ਕਿਤੇ। ਫਿਲਮ-ਫੂਲਮ ਦੇਖਣ ਗਏ

ਹੋਣਗੇ ਜਾਂ ਕਿਸੇ ਦੋਸਤ ਵਲ ਚਲੇ ਗਏ ਹੋਣਗੇ। ਰੋਜ਼ ਤਾਂ ਕਮਰੇ ਵਿਚ ਹੀ ਰਹਿੰਦੇ ਸਨ, ਅੱਜ ਹੀ ਕਿਤੇ ਬਾਹਰ ਨਿਕਲ ਗਏ ਐ ।"

ਸਲਮਾਨ ਸਾਹਿਬ ਨੇ ਘੜੀ ਦੇਖੀ । ਤਿੰਨ ਵੱਜ ਰਹੇ ਸਨ । ਉਨ੍ਹਾਂ ਨੇ ਥਕਾਵਟ ਮਹਿਸੂਸ ਕੀਤੀ । ਉਹ ਮੰਜੇ ਉਪਰ ਪਸਰ ਗਏ ।

ਔਰਤ ਦੁਬਾਰਾ ਅੰਦਰੋਂ ਸਿਰਹਾਣਾ ਲੈ ਆਈ ।

"ਤੁਸੀਂ ਥੋੜ੍ਹਾ ਆਰਾਮ ਕਰ ਲਉ, ਗੁਪਤਾ ਜੀ ਸ਼ਾਮ ਤਕ ਤਾਂ ਆ ਹੀ ਜਾਣਗੇ ।" ਔਰਤ ਨੇ ਉਨ੍ਹਾਂ ਸਿਰਹਾਣਾ, ਸਿਰਾਹਣਾ ਰਖਿਆ ਅਤੇ ਆਪ ਗਿੱਲੀ ਸਾੜ੍ਹੀ ਬਾਲਟੀ ਵਿਚ ਰੱਖ ਕੇ ਥੱਲੇ ਉੱਤਰ ਗਈ ।

ਸਲਮਾਨ ਸਾਹਿਬ ਜਦੋਂ ਲੇਟ ਤਾਂ ਉਨ੍ਹਾਂ ਦੀ ਜੇਬ੍ਹ ਦਾ ਗੰਢਾ ਉਨ੍ਹਾਂ ਨੂੰ ਰੜਕਣ ਲੱਗਾ । ਉਹਨਾਂ ਨੇ ਉਸਨੂੰ ਬਾਹਰ ਕੱਢ ਕੇ ਮੰਜੇ ਹੇਠ ਸੁੱਟ ਦਿੱਤਾ । ਥੋੜ੍ਹੀ ਦੇਰ ਬਾਦ ਉਹਨਾਂ ਨੂੰ ਨੀਂਦ ਆ ਗਈ ।

ਨੀਂਦ ਵਿਚ ਉਹਨਾਂ ਨੇ ਸੁਪਨਾ ਦੇਖਿਆ ਕਿ ਉਹਨਾਂ ਦੇ ਸਕੂਲ ਵਿਚ ਮਾਸਟਰਾਂ ਵਿਚਕਾਰ ਝਗੜਾ ਹੋ ਗਿਆ ਹੈ । ਹੈੱਡ ਮਾਸਟਰ ਸਾਹਿਬ ਪੀ. ਟੀ. ਟੀਚਰ ਸਤਨਾਰਾਇਣ ਯਾਦਵ ਨੂੰ ਬੁਰੀ ਤਰ੍ਹਾਂ ਡਾਂਟ ਰਹੇ ਹਨ । ਸਲਮਾਨ ਸਾਹਿਬ ਉਹਨਾਂ ਦਾ ਪੱਖ ਲੈ ਕੇ ਅਗਾਂਹ ਹੁੰਦੇ ਹਨ ਤਾਂ ਸਾਰੇ ਮਾਸਟਰ ਉਸ ਉਪਰ ਟੁੱਟ ਪੈਂਦੇ ਹਨ । ਉਹਨਾਂ ਦੀ ਨੀਂਦ ਉੜ ਜਾਂਦੀ ਹੈ ।

ਉਹ ਉੱਠ ਕੇ ਬੈਠ ਜਾਂਦੇ ਹਨ ।

ਲਗਦਾ ਹੈ ਰਾਤ ਹੋ ਗਈ ਹੈ । ਅੰਦਰ ਇਕ ਘਸਮੈਲਾ ਜਿਹਾ ਬਲਬ ਜਗ ਰਿਹਾ ਹੈ । ਇਸਦੀ ਰੌਸ਼ਨੀ ਵਰਾਂਡੇ ਵਿਚ ਵੀ ਆ ਰਹੀ ਹੈ । ਵਰਾਂਡੇ ਵਿਚ ਕੋਈ ਬਲਬ ਨਹੀਂ । ਅੰਦਰੋਂ ਆਉਣ ਵਾਲੀ ਰੌਸ਼ਨੀ ਨੇ ਜੋ ਚੌਕੋਣ ਬਣਾਈ ਹੈ ਉਸ ਵਿਚਕਾਰ ਇਕ ਸਟੋਵ ਜਲ ਰਿਹਾ ਹੈ । ਔਰਤ ਸਬਜ਼ੀ ਨੂੰ ਤੜਕਾ ਲਗਾ ਰਹੀ ਹੈ । ਜਿੱਥੇ ਦੁਪਹਿਰੇ ਜੋ ਸਾਬਣ ਦੀ ਖੁਸ਼ਬੋ ਫੈਲ ਰਹੀ ਸੀ ਉਥੇ ਹੁਣ ਜੀਰੇ ਦੀ ਮਹਿਕ ਉੱਡ ਰਹੀ ਹੈ ।

"ਮਿਸ਼ਰੀ ਲਾਲ ਨਹੀਂ ਆਇਆ, ਅਜੇ ?"

"ਜੀ ਅਸੀਂ ਕੀ ਦੱਸੀਏ ਕਿ ਅੱਜ ਉਹ ਕਿੱਥੇ ਚਲੇ ਗਏ ਹਨ। ਰੋਜ਼ ਤਾਂ ਕਮਰੇ ਵਿਚ ਹੀ ਵੜੇ ਰਹਿੰਦੇ ਸਨ ।"

ਉਸ ਔਰਤ ਨੇ ਚਿੰਤਾ ਕਰਦਿਆਂ ਕਿਹਾ ਅਤੇ ਪਹਿਲਾਂ ਤੋਂ ਹੀ ਤਿਆਰ, ਸਟੀਲ ਦੇ ਗਿਲਾਸ ਵਿਚ ਚਾਹ ਲੈ ਕੇ ਸਾਹਮਣੇ ਖੜ੍ਹੀ ਹੋ ਗਈ ।

"ਉਹ ਤਸੀਂ ਕਿਉਂ ਖੇਚਲ ਕੀਤੀ ?"

"ਖੇਚਲ ਦੀ ਇਸ ਵਿਚ ਕੀ ਗੱਲ ਐ ? ਚਾਹ ਤਾਂ ਰੋਜ਼ ਸ਼ਾਮ ਨੂੰ ਬਣਦੀ ਹੈ ।"

ਸਲਮਾਨ ਸਾਹਿਬ ਨੇ ਗਿਲਾਸ ਫੜ ਲਿਆ । ਔਰਤ ਸਟੋਵ ਵਲ ਚਲੀ ਗਈ ।

ਤਾਂ ਹੀ ਇਕ ਸੱਜਣ ਪੁਰਸ਼ ਕਮਰ ਦੁਆਲੇ ਪਰਨਾ ਲਪੇਟੀ ਜਨੇਊ ਮਲਦੇ ਹੋਈ ਪੌੜੀਆਂ



ਚੜ੍ਹਕੇ ਉਪਰ ਆਏ ਅਤੇ ਕਮਰੇ ਵਿਚ ਜਾ ਕੇ ਹਨੂਮਾਨ ਚਾਲੀਸਾ ਦਾ ਪਾਠ ਕਰਨ ਲੱਗੇ । ਜ਼ੀਰੇ ਦੀ ਮਹਿਕ ਦੇ ਨਾਲ ਨਾਲ ਹੁਣ ਅਗਰਬੱਤੀ ਦੀ ਖੁਸ਼ਬੋ ਵੀ ਆਲੇ ਦੁਆਲੇ ਵਿਚ ਤਰਨ ਲੱਗੀ ।

ਸਲਮਾਨ ਸਾਹਿਬ ਨੇ ਅੰਦਰ ਝਾਤੀ ਮਾਰੀ ਤਾਂ ਉਹਨਾਂ ਨੇ ਦੇਖਿਆ ਕਿ ਕਮਰੇ ਵਿਚ ਪੂਰੀ ਗ੍ਰਹਿਸਥੀ ਸਲੀਕੇ ਨਾਲ ਸੱਜੀ ਹੋਈ ਸੀ । ਕੰਧਾਂ ਉਪਰ ਰਾਮ, ਕ੍ਰਿਸ਼ਨ, ਹਨੂਮਾਨ, ਸ਼ੰਕਰ, ਪਾਰਵਤੀ ਲਕਸ਼ਮੀ ਅਤੇ ਗਣੇਸ਼ ਆਦਿ ਕਈ ਦੇਵੀ ਦੇਵਤਿਆਂ ਦੀਆਂ ਫੋਟੋਆਂ ਟੰਗੀਆਂ ਹੋਈਆਂ ਸਨ । ਉਥੇ ਹੀ ਲੱਗੀ ਇਕ ਲੱਕੜੀ ਦੀ ਤਖਤੀ ਉਪਰ, ਰਾਮਮਨੋਹਰ ਪਾਂਡੇ, ਅਸਿਸਟੈਂਟ ਟੈਲੀਫੋਨ ਅਪਰੇਟਰ ਲਿਖਿਆ ਹੋਇਆ ਸੀ । ਉਹ ਸੱਜਣ ਸੱਜੇ ਹੱਥ ਵਿਚ ਅਗਰਬੱਤੀਆਂ ਫੜੀ, ਖੱਬੇ ਹੱਥ ਨਾਲ ਸੱਜੇ ਹੱਥ ਦੀ ਕੂਹਨੀ ਫੜ ਕੇ ਸਾਰੀਆਂ ਤਸਵੀਰਾਂ ਨੂੰ ਧੂਪ ਨਾਲ ਸੁਗੰਧਿਤ ਕਰ ਰਹੇ ਸਨ । ਅੰਤ ਵਿਚ ਸਹੀ-ਗਲਤ ਉਚਾਰਣ ਨਾਲ ਗੀਤਾ ਦੇ ਕੁਝ ਸ਼ਲੋਕ ਬੋਲੀ ਜਾ ਰਹੇ ਸਨ । ਛੱਤ ਉੱਤੇ ਇਕ ਗੰਦਾ ਜਿਹਾ ਪੱਖਾ ਬੇਹੱਦ ਹੌਲੀ ਚਾਲ ਨਾਲ ਹਿਚਕੋਲੇ ਖਾ ਰਿਹਾ ਸੀ ।

ਔਰਤ ਨੇ ਸਬਜ਼ੀ ਬਣਾ ਲਈ ਸੀ ਅਤੇ ਹੁਣ ਉਹ ਰੋਟੀਆਂ ਲਾਹ ਰਹੀ ਸੀ । ਸਲਮਾਨ ਸਾਹਿਬ ਦੀ ਇੱਛਾ ਹੋਈ ਕਿ ਹੁਣ ਉਹ ਉਥੋਂ ਚਲੇ ਜਾਂਣ ਅਤੇ ਕਿਸੇ ਹੋਟਲ ਵਿਚ ਠਹਿਰ ਜਾਣ । ਸਵੇਰੇ ਆ ਤੇ ਮਿਸ਼ਰੀ ਲਾਲ ਨੂੰ ਮਿਲ ਲੈਣਗੇ ਕਿਉਂਕਿ ਰਾਤ ਕਾਫ਼ੀ ਹੋਈ ਜਾ ਰਹੀ ਸੀ ਅਤੇ ਉਸਦਾ ਅਜੇ ਕੋਈ ਪਤਾ ਨਹੀਂ ਸੀ । ਉਹ ਖੜੇ ਹੋ ਗਏ ।

"ਮੈਂ ਹੁਣ ਚਲਦਾ ਹਾਂ, ਕਲ੍ਹ ਸਵੇਰੇ ਆਕੇ ਮਿਲਾਂਗਾ ।"

ਉਹਨਾਂ ਨੇ ਆਪਣਾ ਬੈਗ ਚੁੱਕ ਲਿਆ ।

"ਕਿੱਥੇ ਜਾਉਗੇ ?" ਔਰਤ ਨੇ ਸਿੱਧਾ ਸਵਾਲ ਕੀਤਾ ਅਤੇ ਪਿੱਛੇ ਮੁੜਕੇ ਉਹਨਾਂ ਵਲ ਤੱਕਣ ਲੱਗੀ ।

"ਕਿਸੇ ਹੋਟਲ ਵਿਚ ਠਹਿਰਾਂਗਾ ।"

"ਕਿਉਂ ਭਾਈ ਸਾਹਿਬ, ਹੋਟਲ ਵਿਚ ਕਿਉਂ ਰੁਕੋਗੇ ? ਕੀ ਇਥੇ ਜਗਾਹ ਨਹੀਂ ਹੈ ? ਖਾਣਾ ਤਿਆਰ ਹੋ ਗਿਆ ਹੈ । ਖਾਉ ਤੇ ਛੱਤ ਤੇ ਜਾ ਕੇ ਆਰਾਮ ਕਰੋ । ਗੁਪਤਾ ਜੀ ਰਾਤ ਨੂੰ ਆ ਹੀ ਜਾਣਗੇ । ਨਾਂ ਵੀ ਆਏ ਤਾਂ ਸਵੇਰੇ ਚਲੇ ਜਾਣਾ । ਇਸ ਟਾਇਮ ਤਾਂ ਮੈਂ ਤੁਹਾਨੂੰ ਜਾਣ ਨਹੀਂ ਦਿਆਂਗੀ । ਆਉ ਜੁੱਤੀ ਲਾਹੋ, ਹੱਥ-ਮੂੰਹ ਧੋ ਕੇ ਖਾਣਾ ਖਾਉ ।

"ਨਹੀਂ ਭਾਬੀ ਜੀ, ਤੁਸੀਂ ਕਿਉਂ ਖੇਚਲ ਕਰਦੇ ਹੋ ?"

ਉਸ ਔਰਤ ਨੂੰ ਹੁਣ ਭਾਬੀ ਕਹਿੰਦਿਆਂ ਸਲਮਾਨ ਸਾਹਿਬ ਨੂੰ ਕੋਈ ਹਰਜ਼ ਨਾ ਲੱਗਾ ।

"ਖੇਚਲ ਦੀ ਕੋਈ ਗੱਲ ਨਹੀਂ । ਆਉ ਖਾਣਾ ਖਾਉ ।"

ਸਲਮਾਨ ਸਾਹਿਬ ਬੇਬਸ ਹੋ ਗਏ । ਉਹਨਾਂ ਨੇ ਜੁੱਤੀ ਲਾਹੀ ਅਤੇ ਹੱਥ-ਮੂੰਹ ਧੋ ਕੇ ਖੜੇ ਹੋ ਗਏ । ਹੁਣ ਤਕ ਪਾਂਡੇ ਜੀ ਆਪਣੇ ਪੂਜਾ-ਪਾਠ ਤੋਂ ਵਿਹਲੇ ਹੋ ਗਏ ਸਨ । ਉਹ ਅੰਦਰ ਡੱਠੀ ਚੌਕੀ ਤੇ ਬੈਠ ਕੇ ਕਾਗਜ਼-ਪੱਤਰ ਦੇਖ ਰਹੇ ਸਨ । ਉਹਨਾਂ ਨੂੰ ਨਮਸਕਾਰ ਕਰਨ ਤਕ ਦਾ ਮੌਕਾ ਨਹੀਂ ਸੀ ਮਿਲਿਆ ਸਲਮਾਨ ਸਾਹਿਬ ਨੂੰ । ਇਹ ਗੱਲ ਉਹਨਾ ਨੂੰ ਚੁੱਭ ਰਹੀ ਸੀ । ਪਰ ਹੁਣ ਏਨੀ ਦੇਰ ਬਾਦ ਨਮਸਕਾਰ ਕਰਨ ਦਾ ਕੋਈ ਤੁਕ ਵੀ ਨਹੀਂ ਸੀ । ਇਸ ਲਈ ਉਹਨਾਂ ਨੇ ਸਿਧਿਆਂ ਗੱਲ ਕਰਨ ਦੀ ਕੋਸ਼ਿਸ਼ ਕੀਤੀ ।

"ਭਾਈ ਸਾਹਿਬ ਆਪ ਵੀ ਆਉ।"

"ਨਹੀਂ ਤੁਸੀਂ ਖਾਉ, ਮੈਂ ਥੋੜ੍ਹੀ ਦੇਰ ਬਾਦ ਖਾਵਾਂਗਾ।"

ਉਹਨਾਂ ਨੇ ਕੁਝ ਖੁਸ਼ਕ ਲਹਿਜ਼ੇ ਵਿਚ ਜਵਾਬ ਦਿੱਤਾ ਅਤੇ ਬਗੈਰ ਸਲਮਾਨ ਸਾਹਿਬ ਵਲ ਵੇਖੇ ਆਪਣੇ ਕਾਗਜ਼ਾਂ ਪੱਤਰਾਂ ਵਿਚ ਉਲਝ ਗਏ।

"ਤੁਸੀਂ ਬੈਠੋ, ਦਿਨ ਭਰ ਦੇ ਭੁੱਖੇ-ਤਿਹਾਏ ਹੋਵੋਗੇ। ਉਹ ਬਾਦ ਵਿਚ ਖਾ ਲੈਣਗੇ। ਦਫਤਰੋਂ ਆ ਕੇ ਉਹਨਾਂ ਨੇ ਥੋੜ੍ਹਾ ਨਾਸ਼ਤਾ ਵੀ ਕਰ ਲਿਆ ਹੈ। ਤੁਸੀਂ ਸੁੱਤੇ ਪਏ ਸੀ।"

ਔਰਤ ਨੇ ਇਕ ਬਾਰ ਫਿਰ ਜ਼ੋਰ ਪਾਇਆ ਅਤੇ ਪੀੜ੍ਹੀ ਰੱਖ ਕੇ ਥਾਲੀ ਲਾ ਦਿੱਤੀ। ਗੜਵੀ ਵਿਚ ਪਾਣੀ ਤੇ ਗਿਲਾਸ ਵੀ ਰੱਖ ਦਿੱਤਾ।

ਸਲਮਾਨ ਸਾਹਿਬ ਬੈਠ ਗਏ।

ਉਹ ਅੰਦਰੋਂ ਬੇਹੱਦ ਖੁਸ਼ ਸਨ: ਉਹਨਾਂ ਦੇ ਕਸਬੇ ਵਿਚ ਅਜਿਹਾ ਨਹੀਂ ਹੋ ਸਕਦਾ ਕਿ ਕੋਈ ਬ੍ਰਾਹਮਣ ਬਗੈਰ ਕਿਸੇ ਦੀ ਜਾਤ-ਧਰਮ ਪੁੱਛੇ ਆਪਣੇ ਚੌਂਕੇ ਵਿਚ ਕਿਸੇ ਨੂੰ ਖਾਣਾ ਪਰੋਸੇ। ਪਰੰਤੂ ਸ਼ਹਿਰ ਵਿਚ ਅਜਿਹਾ ਹੋ ਸਕਦਾ ਹੈ। ਭਾਵੇਂ ਇਹ ਕੋਈ ਵੱਡਾ ਸ਼ਹਿਰ ਨਹੀਂ ਹੈ। ਇਥੋਂ ਦੇ ਲੋਕ ਵੀ ਪੇਂਡੂ ਸੰਸਕਾਰਾਂ ਵਾਲੇ ਹਨ। ਪਰ ਹੈ ਤਾਂ ਆਖਿਰ ਸ਼ਹਿਰ ਹੀ। ਇਥੋਂ ਦੇ ਪੜ੍ਹੇ ਲਿਖੇ ਲੋਕ ਪ੍ਰਗਤੀਸ਼ੀਲ ਵਿਚਾਰਾਂ ਦੇ ਹੁੰਦੇ ਹਨ। ਉਹਨਾਂ ਵਿਚ ਸੌੜਾਪਣ ਨਹੀਂ ਹੁੰਦਾ। ਉਹ ਧਾਰਮਿਕ ਹੁੰਦੇ ਹੋਏ ਵੀ ਰੂੜ੍ਹ ਧਾਰਨਾਵਾਂ ਤੋਂ ਮੁਕਤ ਹੁੰਦੇ ਹਨ...

ਸਲਮਾਨ ਸਾਹਿਬ ਸੋਚ ਰਹੇ ਸਨ ਅਤੇ ਖਾਣਾ ਖਾ ਰਹੇ ਸਨ। ਉਹਨਾਂ ਨੂੰ ਬਤਾਊਆਂ ਦੀ ਸਬਜ਼ੀ ਖੂਬ ਸੁਆਦ ਲੱਗ ਰਹੀ ਸੀ। ਅੰਬ ਦਾ ਤਾਜ਼ਾ ਅਚਾਰ ਭਾਵੇਂ ਪੂਰਾ ਗਲਿਆ ਨਹੀਂ ਸੀ ਪਰ ਸੀ ਸੁਆਦ। ਰੋਟੀਆਂ ਚੋਪੜੀਆਂ ਹੋਈਆਂ ਸਨ। ਅਜਿਹੀਆਂ ਰੋਟੀਆਂ ਉਹਨਾਂ ਦੇ ਘਰਾਂ ਵਿਚ ਨਹੀਂ ਬਣਦੀਆਂ। ਉਥੇ ਤਾਂ ਪੁੱਠੇ ਤਵੇ ਤੇ ਪਕਾਈਆਂ ਵੱਡੀਆਂ ਵੱਡੀਆਂ, ਅੱਧ-ਪੱਕੀਆਂ ਰੋਟੀਆਂ ਪੁਰਾਣੇ ਕਪੜੇ ਵਿਚ ਲਪੇਟ ਕੇ ਰੱਖੀਆਂ ਹੁੰਦੀਆਂ......।

ਔਰਤ ਨੇ ਇਕ ਫੁੱਲੀ ਰੋਟੀ, ਭਾਫ਼ ਛੱਡਦੀ ਰੋਟੀ ਥਾਲੀ ਵਿਚ ਰੱਖ ਦਿੱਤੀ ਸੀ।

"ਤੁਸੀਂ ਗੁਪਤਾ ਜੀ ਦੇ ਪਿੰਡੋਂ ਆਏ ਹੋ?"

ਸਲਮਾਨ ਸਾਹਿਬ ਨੇ ਸਿਰ ਚੁੱਕਿਆ। ਪਾਂਡੇ ਜੀ ਹੁਣ ਕਾਗਜ਼ਾਂ ਪੱਤਰਾਂ ਤੋਂ ਵਿਹਲੇ ਹੋ ਗਏ ਸਨ। ਹੁਣ ਉਹ ਅੰਬ ਕੱਟ ਰਹੇ ਸਨ। ਉਹਨਾਂ ਦੀ ਆਵਾਜ਼ ਵਿਚ ਉਸੇ ਤਰ੍ਹਾਂ ਦੀ ਖੁਸ਼ਕੀ ਸੀ।

"ਜੀ ਹਾਂ!" ਸਲਮਾਨ ਸਾਹਿਬ ਨੇ ਜਵਾਬ ਦਿੱਤਾ ਅਤੇ ਆਚਾਰ ਚੁੱਕ ਕੇ ਚੱਟਣ ਲੱਗ ਪਏ।

ਪਾਂਡੇ ਜੀ ਨੇ ਇਸ਼ਾਰੇ ਨਾਲ ਪਤਨੀ ਨੂੰ ਅੰਦਰ ਸੱਦਿਆ ਤੇ ਤਿੰਨ ਅੰਬ ਦੀਆਂ ਫਾੜੀਆਂ ਉਸਨੂੰ ਫੜਾ ਦਿੱਤੀਆਂ।

ਔਰਤ ਨੇ ਇਨ੍ਹਾਂ ਨੂੰ ਸਲਮਾਨ ਸਾਹਿਬ ਦੀ ਥਾਲੀ ਵਿਚ ਰੱਖ ਦਿੱਤਾ।

"ਤੁਸੀਂ ਉਹਨਾਂ ਦੇ ਭਾਈ ਸਾਹਿਬ ਹੋ?"



ਸਲਮਾਨ ਸਾਹਿਬ ਨੂੰ ਔਖ ਹੋਈ।

"ਜੀ ਨਹੀਂ, ਉਹ ਮੇਰਾ ਸ਼ਾਗਿਰਦ ਹੈ।"

"ਕੀ ਤੁਸੀਂ ਮਾਸਟਰ ਹੋ?"

"ਜੀ, ਹਾਂ।"

"ਕਿੱਥੇ ਪੜ੍ਹਾਉਂਦੇ ਹੋ?"

"ਆਪਣੇ ਹੀ ਕਸਬੇ ਵਿਚ।"

"ਤੁਸੀਂ ਵੀ ਗੁਪਤੇ ਹੋ?"

"ਜੀ, ਨਹੀਂ।"

"ਬ੍ਰਾਹਮਣ ਹੋ?"

"ਨਹੀਂ, ਮੈਂ ਮੁਸਲਮਾਨ ਹਾਂ, ਮੇਰਾ ਨਾਮ ਮੁਹੰਮਦ ਸਲਮਾਨ ਹੈ।"

ਉਹਨਾਂ ਨੇ ਆਪਣੀ ਜਾਣਕਾਰੀ ਦਿੱਤੀ ਅਤੇ ਰੋਟੀ ਦੀ ਆਖਰੀ ਬੁਰਕੀ ਵਿਚ ਸਬਜ਼ੀ ਲਪੇਟਣ ਲੱਗੇ। ਪਾਂਡੇ ਜੀ ਨੇ ਆਪਣੀ ਘਰਵਾਲੀ ਵਲ ਅੱਖਾਂ ਚੁੱਕੀਆਂ ਤਾਂ ਦੇਖਿਆ ਕਿ ਉਹ ਖੁਦ ਉਸ ਵਲ ਤਕ ਰਹੀ ਸੀ। ਅਜਿਹਾ ਲੱਗਿਆ ਕਿ ਦੋਨੋਂ, ਇਕ ਦੂਜੇ ਨੂੰ ਕੁਝ ਕਹਿ ਰਹੇ ਹੋਣ, ਪਰ ਉਹ ਠੀਕ ਤਰ੍ਹਾਂ ਕਹਿ ਨਹੀਂ ਪਾ ਰਹੇ ਸਨ।

ਸ਼ਲਮਾਨ ਸਾਹਿਬ ਅਗਲੀ ਰੋਟੀ ਦਾ ਇੰਤਜ਼ਾਰ ਕਰ ਰਹੇ ਸਨ, ਪਰ ਔਰਤ ਸਟੋਵ ਕੋਲੋਂ ਉੱਠ ਕੇ ਅੰਦਰ ਚਲੀ ਗਈ ਅਤੇ ਕੁਝ ਲੱਭਣ ਲਗ ਪਈ।

ਸਲਮਾਨ ਸਾਹਿਬ ਅੰਬ ਖਾਣ ਲੱਗੇ ਸਨ।

ਔਰਤ ਜਦੋਂ ਬਾਹਰ ਆਈ ਤਾ ਉਹਨਾਂ ਦੇ ਹੱਥਾਂ ਵਿਚ ਇਕ ਕੱਚ ਦਾ ਗਿਲਾਸ ਸੀ ਅਤੇ ਅੱਖਾਂ ਵਿਚ ਡਰ।

ਉਸਨੇ ਸਲਮਾਨ ਸਾਹਿਬ ਦੀ ਥਾਲੀ ਕੋਲ ਰੱਖਿਆ ਸਟੀਲ ਦਾ ਗਿਲਾਸ ਚੁੱਕ ਲਿਆ ਸੀ ਅਤੇ ਉਸਦੀ ਥਾਂ ਕੱਚ ਦਾ ਗਿਲਾਸ ਰੱਖ ਦਿੱਤਾ ਸੀ।

ਸਲਮਾਨ ਸਾਹਿਬ ਨੂੰ ਯਾਦ ਆਇਆ ਕਿ ਹੁਣੇ ਸ਼ਾਮ ਨੂੰ ਜਿਸ ਗਿਲਾਸ ਵਿਚ ਉਹਨਾਂ ਨੇ ਚਾਹ ਪੀਤੀ ਸੀ ਤੇ ਜਿਸ ਥਾਲੀ ਵਿਚ ਉਹ ਖਾਣਾ ਖਾ ਰਹੇ ਸਨ, ਉਹ ਵੀ ਸਟੀਲ ਦੀ ਹੀ ਸੀ। ਪਲ-ਭਰ ਲਈ ਉਹਨਾਂ ਨੂੰ ਚਿੰਤਾ ਹੋਈ। ਫਿਰ ਉਹਨਾਂ ਨੇ ਆਪਣੀ ਥਾਲੀ ਚੁੱਕੀ ਅਤੇ ਪਰਨਾਲੇ ਕੋਲ ਜਾ ਕੇ ਬੈਠ ਗਏ। ਲੀਰ ਚੁੱਕੀ ਤੇ ਆਪਣੀ ਥਾਲੀ ਮਾਂਜਣ ਲੱਗ ਪਏ।

ਔਰਤ ਨੇ ਥੋੜ੍ਹਾ ਜਿਹਾ ਉਹਨਾਂ ਵਲ ਪਿੱਛੇ ਮੁੜ ਕੇ ਦੇਖਿਆ ਪਰ ਛੇਤੀ ਹੀ ਉਹ ਆਪਣੇ ਕੰਮ ਵਿਚ ਜਾ ਲੱਗੀ।

ਮਿਸ਼ਰ ਲਾਲ ਅਜੇ ਤਕ ਨਹੀਂ ਆਇਆ ਸੀ। (ਅਨੁਵਾਦ: ਡਾ. ਕਰਮਜੀਤ ਸਿੰਘ)

o—o

## ਨਿਹਰਾ/ਹਰਭਜਨ ਸਿੰਘ ਹੁੰਦਲ

ਕਿਸ ਨੂੰ ਅੱਜ ਨਿਹੋਰੇ ਦੇਵਾਂ
ਕਿੱਥੇ ਸਾਂਝੇ ਬੋਲ ਕਰਾਂ ?
ਜਿਸ ਦਿਨ ਬਹਿ ਕੇ ਹਲਫ਼ ਲਿਆ ਸੀ,
ਉਸ ਵੇਲੇ ਦਾ ਧਿਆਨ ਧਰਾਂ ।

ਤੇਰੇ ਹੁੰਦੇ ਖ਼ੌਫ਼ ਨਹੀਂ ਸੀ
ਦਹਿਸ਼ਤ ਦੇ ਦਰਿਆਵਾਂ ਦਾ
ਤੇਰੇ ਨਾਲ ਤੁਰਾਂ ਤਾਂ ਲਗਦਾ
ਸਾਥ, ਸੁਗੰਧ, ਹਵਾਵਾਂ ਦਾ
ਜਿਹੜੀਆਂ ਤੂੰ ਲਿਖਵਾਈਆਂ ਮੈਥੋਂ
ਕੀ ਕਹਿਣਾ ਕਵਿਤਾਵਾਂ ਦਾ ?
ਤੇਰੇ ਕੋਲ ਬੈਠ ਕੇ ਭੁਲਦਾ
ਮੋਹ, ਗਲਵੱਕੜੀ, ਬਾਹਾਂ ਦਾ ।

ਤੂੰ ਹੀ ਜੇ ਮੂੰਹ ਮੋੜ ਲਵੇਂ ਤਾਂ
ਜਿੱਤੀ ਜਿੱਤ ਅਵੱਸ਼ ਹਰਾਂ ।

ਤੇਰੀ ਛੁਹ ਕਿ ਕਿਣਕੇ ਤੋਂ ਮੈਂ
ਅੰਬਰ ਤੀਕਰ ਫੈਲ ਗਿਆ
ਸਾਰੇ ਜੱਗ ਦੀ ਸੁੱਖ ਮੰਗਣ ਦਾ
ਸੀ ਆਪਾਂ ਇਕਰਾਰ ਲਿਆ ।
ਜਿਥੇ ਜਿਥੇ ਦੀਵਾ ਜਗਦਾ
ਉਹਨੂੰ ਸੀ ਦਿਲਦਾਰ ਕਿਹਾ ।
ਤੇਰੇ ਬੋਲ ਸੁਣੇ ਜਾਂ ਅੰਬਰ
ਧਰਤੀ ਦੇ ਗਲ ਲੱਗ ਗਿਆ

ਗੱਲ ਕੋਈ ਨਾ ਮੂੰਹੋਂ ਕੱਢੀ
ਬੂਹੇ ਢੋ ਲਏ ਕਿਵੇਂ ਘਰਾਂ ?

ਸੱਚੀ ਆਖਾਂ, ਤੇਰੇ ਕਰਕੇ
ਜੱਗ ਪਿਆਰਾ ਲੱਗਦਾ ਸੀ ।
ਸੁਰਖ਼ ਗੁਲਾਬ ਮਹਿਕਦਾ ਮੈਨੂੰ
ਅੱਖ ਦਾ ਤਾਰਾ ਲੱਗਦਾ ਸੀ ।
ਜੇ ਤੂੰ ਕਿਹਾ ਪਹਾੜ ਉਠਾਓ



ਕਦੇ ਨਾ ਭਾਰਾ ਲੱਗਦਾ ਸੀ
ਤੇਰੇ ਕੋਲ ਘੜੀ ਪਲ ਬਹਿਣਾ
ਤਖ਼ਤ-ਹਜ਼ਾਰਾ ਲੱਗਦਾ ਸੀ

ਤੂੰ ਜੋ ਮੱਥੇ ਵੱਟ ਪਾਇਆ ਹੈ
ਨਾਲ ਹੇਰਵੇ ਪਿਆ ਠਰਾਂ ।

ਬੇਸ਼ੱਕ ਤਲਖੀ ਜਹੀ ਕੁਝ ਲੱਗਦੀ
ਤੇਰੀਆਂ ਖੈਰਾਂ ਮੰਗਾਂਗਾ
ਇਤਨਾ ਤੇ ਨਹੀਂ ਗਿਆ-ਗਵਾਤਾ
ਲੱਜਿਆ ਛਿੱਕੇ ਟੰਗਾਂਗਾ
ਜੇ ਕੋਈ ਤੈਨੂੰ ਮੰਦਾ ਬੋਲੂ
ਟੋਕਣ ਤੋਂ ਨਾ ਸੰਗਾਂਗਾ
ਤੇਰੇ ਬੋਲਾਂ ਦੇ ਰੰਗ ਅੰਦਰ
ਮੈਂ ਸੋਚਾਂ ਨੂੰ ਰੰਗਾਂਗਾ

ਸੀ ਕਹਿਣੀ ਵੀ ਮੁਸ਼ਕਿਲ ਹੋਈ
ਚੁੱਪ-ਚੁਪੀਤੇ ਦਰਦ ਜਰਾਂ ।

ਦੁੱਖ ਤਾਂ ਮੈਨੂੰ ਹੋਣਾ ਹੀ ਸੀ
ਬੌਣੇ ਸ਼ਾਹ-ਅਸਵਾਰ ਬਣੇ ।
ਪਹਿਨ ਮੁਖੌਟੇ, ਫਿਰਨ ਮਦਾਰੀ
ਨਵੇਂ ਨਵੇਂ ਦਿਲਦਾਰ ਬਣੇ ।
ਦੂਹਰੇ ਹੋ ਹੋ ਕਰਾਂ, ਸਲਾਮਾਂ
ਕਿੰਨੇ ਆਗਿਆਕਾਰ ਬਣੇ
ਸ਼ਾਮ ਸਵੇਰ ਡੰਡੌਤ ਬੰਦਨਾ
ਕੀ ਦੇ ਕੀ ਕਿਰਦਾਰ ਬਣੇ ।

ਕਿੱਥੇ ਕਿੱਥੇ ਕਰਾਂ ਇਸ਼ਾਰਾ
ਕਿਹੜੇ ਦਫਤਰ ਉਜਰ ਕਰਾਂ ।

ਚੰਗਾ ਹੈ ਕਿ ਚੁੱਪ ਹੋ ਜਾਵਾਂ
ਤੇ ਮੂੰਹੋਂ ਨਾ ਬੋਲ ਕਹਾਂ ।
ਦਿਲਦਾਰਾਂ ਨੂੰ ਬੁਰਾ ਕਹਿਣ ਦਾ
ਸਿਰ ਤੇ ਨਾ ਇਲਜ਼ਾਮ ਲਵਾਂ ।
ਜ਼ਹਿਰ ਜਿਹਾ ਸਾਰਾ ਪੀ ਜਾਵਾਂ

ਸਾਰੇ ਦੂਸ਼ਣ ਖ਼ੁਦ ਸਹਾਂ ।
ਐਸੀ ਸੁੰਨ-ਸਮਾਧੀ ਧਾਰਾਂ
ਗੂੰਗਾ ਬਣ ਕੇ ਬੈਠ ਰਹਾਂ

ਚੁੱਪ ਦੀ ਬੁੱਕਲ ਮਾਰੀ ਰੱਖਾਂ
ਆਪਣੇ ਆਪ ਤੋਂ ਬੈਠ ਪਰ੍ਹਾਂ ।

ਪਰ ਮੇਰਾ ਦਿਲ ਸ਼ਾਹਦੀ ਭਰਦਾ
ਇਹ ਦਿਨ ਇੰਝ ਨਾ ਰਹਿਣੇ ਨੇ ।
ਸੱਚ ਦਾ ਸੂਰਜ ਬਾਹਰ ਨਿਕਲਿਆ
ਸ਼ੱਕ ਦੇ ਪਰਦੇ ਲਹਿਣੇ ਨੇ ।
ਸੁੱਚੇ ਸ਼ਬਦ ਕਮਾਈ ਹੁੰਦੇ
ਸੱਚੇ ਅੱਖਰ ਗਹਿਣੇ ਨੇ ।
ਪਹਿਲੀ ਵਾਛੜ ਧੋਤੇ ਜਾਣੇ
ਕੂੜੇ ਬੋਲ ਗੁਹਿਣੇ ਨੇ ।
ਰੋਜ਼ ਕਿਰਾਂ ਹੋ ਕਿਣਕਾ ਕਿਣਕਾ
ਰੋਜ਼ ਲਹੂ ਦੀ ਨਦੀ ਤਰਾਂ

ਤੇਰੀ ਮੇਰੀ ਚੁੱਪ ਵੇਖ ਕੇ
ਦੋਖੀ ਖ਼ੁਸ਼ ਹੋ ਜਾਵਣਗੇ
ਖੰਭਾਂ ਤੋਂ ਲੈ ਡਾਰਾਂ ਤੀਕਰ
ਕਿੱਸੇ ਜੋੜ ਸੁਣਾਵਣਗੇ ।
ਤੇਰੇ ਮੇਰੇ ਏਸ ਦਵੰਧ ਨੂੰ
ਮਿਰਚ-ਮਸਾਲਾ ਲਾਵਣਗੇ
ਤੇਰੇ ਦਿਲ ਤੋਂ ਮੇਰੇ ਤੀਕਰ
ਉੱਚੀ ਕੰਧ ਕਰਾਵਣਗੇ ।

ਅੰਬਰ ਕਿਵੇਂ ਉਡਾਰੀ ਮਾਰਾਂ
ਉੱਡਾਂ ਕੀਕਣ ਬਿਨ ਪਰਾਂ ?

ਕਿਸ ਨੂੰ ਅੱਜ ਨਿਹੋਰੇ ਦੇਵਾਂ
ਕਿੱਥੇ ਸਾਂਝੇ ਬੋਲ ਕਰਾਂ ?

ਨਵੰਬਰ, 1997





## ਇੱਕੀਵੀਂ ਸਦੀ ਦਾ ਪੰਜਾਬ/ਅਫ਼ਜ਼ਲ ਤੌਸੀਫ਼ (ਲਾਹੌਰ)

ਆਵਣ ਵਾਲੇ ਵੇਲਿਆਂ ਵਾਸਤੇ ਪੰਜਾਬ ਕੋਲ ਕੀ ਹੈ ? ਵੇਲੇ ਆਪ ਕੀ ਲੈ ਕੇ ਆਵਣਗੇ ? ਇਹਨਾਂ ਸਵਾਲਾਂ ਦਾ ਜਵਾਬ ਇਕ ਨਹੀਂ । ਕਿਉਂ ਜੋ ਅੱਜ ਪੰਜਾਬ ਵੀ ਇਕ ਨਹੀਂ, ਕਈ ਹਨ । ਇਕ ਪੰਜਾਬ ਹਕੀਕਤ ਵਾਲਾ ਏ । ਇਕ ਸੁਪਨਿਆਂ ਵਿਚ ਵੱਸਦਾ ਜੇ । ਇਕ ਪੰਜਾਬ ਬੀਤਿਆ ਵੇਲਿਆਂ ਦਾ, ਇਕ ਵਰਤਮਾਨ ਦੀ ਖਿੜਕੀ ਵਿਚ ਖਲੋਤਾ । ਇਕ ਪੰਜਾਬ ਵੱਡਾ ਸ਼ਾਨਦਾਰ ਸਾਬਤ ਸਬੂਤ ਨਕਸ਼ੇ ਵਾਲਾ, ਇਕ ਟੁੱਟਾ ਭੱਜਾ, ਨਕਸ਼ਾ ਲੀਰੋ ਲੀਰ ਹੋਇਆ । ਇਕ ਪੰਜਾਬ ਨੇਕ ਨਰੋ-ਇਆ, ਇਕ ਗੁਨਾਹੀਂ ਭਰਿਆ । ਏਸੇ ਤਰ੍ਹਾਂ ਹੋਰ ਕਈ ਵੰਡਾਂ । ਪਾਕਿਸਤਾਨ ਦਾ ਪੰਜਾਬ, ਭਾਰਤ ਅੰਦਰ ਦਾ ਪੰਜਾਬ । ਪੰਜਾਬ ਜੋ ਸਾਹਮਣੇ ਦਿਸਦਾ, ਪੰਜਾਬ ਜੋ ਗੁਆਚ ਗਿਆ । ਕੰਮੀ 'ਕਾਮੇ' ਦਾ ਪੰਜਾਬ । ਚੌਧਰੀ ਮਲਿਕ ਦਾ ਪੰਜਾਬ । ਪੰਜਾਬ ਵਿਚ ਤਕਸੀਮਾਂ ਜੋ ਅਜ਼ਲੋਂ ਟੁਰੀਆਂ, ਤਕਸੀਮਾਂ ਜੋ ਪਿਛੋਂ ਹੋਈਆਂ, ਫੇਰ ਜੋ ਬਾਹਰਲਿਆਂ ਨੇ ਪਾਈਆਂ । ਵੰਡਾਂ ਜੋ ਆਪ ਕੀਤੀਆਂ, ਆਪਣਾ ਅਸਰ ਅੱਗੇ ਤੀਕ ਲੈ ਕੇ ਗਈਆਂ ।

ਪੰਜਾਬ ਬਹੁਤ ਪੁਰਾਣਾ ਮੁਲਕ ਏ । ਹਜ਼ਾਰਾਂ ਵਰ੍ਹੇ ਪੁਰਾਣੀ ਤਹਿਜ਼ੀਬ ਦੀਆਂ ਨਿਸ਼ਾਨੀਆਂ । ਕਦੀਮੀ ਆਸਾਰ ਤੇ ਸੋਮੇ ਇਸ ਧਰਤੀ ਦੇ ਇਤਿਹਾਸ ਦਾ ਪਤਾ ਦੱਸਦੇ ਨੇ, ਇਸ ਖੁਲ੍ਹੀ ਪੱਧਰ ਧਰਤੀ ਉਤੇ ਪੰਜ ਵੱਡੇ ਦਰਿਆ, ਬਹੁੰ ਉੱਚੇ ਪਹਾੜਾਂ ਦੀ ਬਰਫ਼ ਖੋਰ ਕੇ ਲਿਆਂਵਣ ਵਾਲੇ, ਇਨ-ਸਾਨ ਦੇ ਹੱਥ ਦੀਆਂ ਉਂਗਲਾਂ ਵਾਂਗ ਨਾਲੋਂ ਨਾਲ ਵਗਦੇ, ਵੱਖੋ ਵੱਖਰੀ ਆਪਣੀ ਮੌਜ ਮਾਣਦੇ, ਵੇਲੇ ਦੇ ਬੇਲੀ, ਸੂਰਜ ਦੇ ਸਾਥੀ, ਆਪਣੀ ਧਰਤੀ ਨੂੰ ਭਾਗ ਲਾਉਂਦੇ, ਕਈ ਦੇ ਕਈ ਜ਼ਮਾਨਿਆਂ ਦੀ ਤਹਿਜ਼ੀਬ ਦਾ ਮੂੰਹ ਹੱਥ ਧੋਂਦੇ ਰਹੇ । ਇਹਨਾਂ ਦਰਿਆਵਾਂ ਨੇ ਦੁਨੀਆਂ ਦੀ ਪਹਿਲੀ ਖੇਤੀ ਨੂੰ ਪਾਣੀ ਦਿਤਾ. ਧਰਤੀ ਵਾਸਤੇ ਨਰੋਈ ਮਿੱਟੀ ਦਾ ਟਾਨਿਕ ਸਦਾ ਵਾਸਤੇ ਲੈ ਕੇ ਆਏ, ਏਸੇ ਅੰਮ੍ਰਿਤ ਪਾਣੀ ਨੇ, ਟਾਨਿਕ ਮਿੱਟੀ ਨੇ ਰਲਕੇ ਰੰਗ ਲਾਏ । ਅਤਿ ਹਰਿਆਲੀ, ਭਾਰੇ ਪਿੱਪਲ, ਬੋਹੜ, ਬੂਟੇ, ਕਿੱਕਰਾਂ, ਟਾਹਲੀਆਂ, ਪੰਛੀ, ਪੰਖੇਰੂ, ਜੰਗਲ ਬੇਲੇ, ਦੁੱਧ ਦੀਆਂ ਨਹਿਰਾਂ, ਮੱਝੀ, ਗਾਈਆਂ । ਮਨੁੱਖ ਨੂੰ ਹੋਰ ਕੀ ਚਾਹੀਦਾ, ਤਿੱਖੀਆਂ ਧੁੱਪਾਂ, ਨਿੱਖਰੀਆਂ ਚਾਨਣੀਆਂ ਵਾਲੇ ਦੁਆਬੇ, ਮਿੱਠੇ ਦਰਿਆਵਾਂ ਦੇ ਕੰਢੇ, ਸਾਰੀ ਦੁਨੀਆਂ ਤੋਂ ਪਹਿਲਾਂ ਆਬਾਦ ਹੋਏ, ਦੁਨੀਆਂ ਦੇ ਤਖਤੇ ਦੀ ਪਹਿਲੀ ਸਵੇਰ ਦਾ ਗੀਤ ਪੰਜਾਬ ਦੇ ਕਿਸੇ ਦੁਆਬੇ ਵਿਚ ਗਾਇਆ ਗਿਆ ਹੋਣਾ ਏ । ਉਹ ਛਾਹ ਵੇਲਾ ਜਦੋਂ ਇਕ ਭਾਰੇ ਜਿਹੇ ਪਿੱਪਲ ਦੀ ਛਾਵੇਂ ਆਦਮ ਦੇ ਪਹਿਲੇ ਜੋੜੇ ਨੇ ਆਪਣੇ ਲਈ ਕੁੱਲੀ ਉਸਾਰੀ, ਧੀਆਂ ਪੁੱਤਰਾਂ ਦੇ ਨਾਲ ਉਸ ਜੋੜੇ ਨੇ ਇਕ ਸੱਧਰ ਪਾਲੀ, ਇਕ ਸੁਪਨਾ ਵੀ ਤੱਕਿਆ । ਏਸ ਚੰਦ ਦੇ ਟੁਕੜੇ ਨੂੰ ਸਦਾ ਆਬਾਦ ਕਰਨ ਦਾ ਸੁਪਨਾ, ਪਹਿਲੇ ਪੰਜਾਬ ਦਾ ਸੁਪਨਾ ਜਾਂ ਪਹਿਲੇ ਸੁਪਨੇ ਦਾ ਪੰਜਾਬ । ਮੇਰੇ ਉਸ ਪੰਜਾਬ ਦੀਆਂ ਸਵੇਰਾਂ ਸ਼ਾਮਾਂ, ਉਸ ਸੱਜਰੇ ਸਮੇਂ ਦਾ ਚੰਨ ਸੂਰਜ, ਉਸ ਯੁੱਗ ਦੀਆਂ ਬਰਸਾਤਾਂ, ਬਹਾਰਾਂ, ਇਕ ਧਰਤੀ ਅਮੀਰ ਮਹਾਨ, ਖੁੱਲ੍ਹੇ ਦਿਲ ਵਰਗੀ, ਫ਼ਿਤਰਤ ਦਾ ਹੁਸਨ, ਅਮਨ ਦੀ ਖੁਸ਼ਬੂ । ਤਹਿਜ਼ੀਬ ਨੂੰ ਹੋਰ ਕੀ ਚਾਹੀਦਾ ਸੀ ? ਮੁੱਢ ਕਦੀਮ ਤੋਂ ਇਨਸਾਨ ਦੇ ਜੀਵਨ ਦੀ ਮੰਗ ਇਹੋ ਨਰੋਈ ਮਿੱਟੀ, ਇਹੋ ਤਾਜ਼ਾ ਪਾਣੀ, ਇਸੇ ਤਰ੍ਹਾਂ ਦੀ ਨਿੱਘੀ ਧੁੱਪ, ਠੰਢੀ ਛਾਂ, ਵਰ੍ਹ-ਦੀਆਂ ਬਰਸਾਤਾਂ, ਹੱਸਦੀਆਂ ਬਹਾਰਾਂ, ਰੋਟੀ ਵਾਸਤੇ ਕਣਕ ਦਾ ਦਾਣਾ, ਕਪੜੇ ਲਈ ਕਪਾਹ ਦੀ

ਫੁੱਟੀ, ਪੰਜ ਪਾਣੀਆਂ ਦੀ ਧਰਤੀ ਆਬਾਦ ਹੋਈ, ਸਧਰਾਂ ਨੇ ਅੱਖ ਪੁੱਟ ਲਈ, ਸੁਪਨੇ ਮਗਰੋਂ ਕੂਣ ਲੱਗ ਪਏ, ਹੁਣ ਆਦਮੀ ਤੇ ਫ਼ਿਤਰਤ ਆੜੀ ਹੋ ਗਏ, ਹੁਸਨ ਤੇ ਹੁਨਰ ਦੀ ਸਿਰਜਣਾ (ਤਖਲੀਕ) ਇਸੇ ਤਰ੍ਹਾਂ ਹੁੰਦੀ ਏ। ਖਿਆਲ ਨੇ ਲਕੀਰਿਆ, ਹੱਥ ਨੇ ਉਸਾਰਿਆ, ਉਂਗਲਾਂ ਤਸਵੀਰ ਬਣਾਉਣ ਲੱਗ ਪਈਆਂ, ਬੁੱਤ ਸਾਜੇ ਗਏ, ਪੱਥਰ ਤਰਾਸ਼ੇ ਗਏ, ਬੋਲੀ ਦੇ ਅੱਖਰ ਉੱਗੜ ਪਏ, ਤਹਿਜ਼ੀਬ (ਸਭਿਅਤਾ) ਸੁਹਾਗਣ ਹੋਈ, ਸੁਆਣੀ ਨੇ ਸੂਤ ਕੱਤਿਆ, ਜੁਲਾਹੇ ਨੇ ਬੁਣਿਆ, ਫੁੱਲਾਂ ਦੇ ਰੰਗ ਦੀ ਫੁੱਲਕਾਰੀ ਕੱਢੀ, ਕਲਾ ਦੀ ਪਹਿਲੀ ਕੁੜੀ ਮੱਖਣ ਚੋਰੀ ਤੇ ਪਲੀ, ਇਸੇ ਧਰਤੀ ਉੱਤੇ ਨੱਚੀ। ਵੇਲਾ ਲੰਘਿਆ। ਮਨ ਦੇ ਮੋਤੀਏ ਦੀ ਮਹਿਕ, ਤਹਿਜ਼ੀਬ ਦੇ ਫੁੱਲਾਂ ਦੀ ਖੁਸ਼ਬੋ ਪੁਰੇ ਨਾਲ ਉੱਡੀ। ਪੱਛੋਂ ਦਾ ਹੱਥ ਫੜ ਕੇ ਨਿਕਲੀ, ਚਾਰ ਚੁਫੇਰੇ ਨਿਕਲ ਗਈ।

ਤਹਿਕੀਕ (ਖੋਜ) ਮੂਜਬ (ਅਨੁਸਾਰ) ਪੰਜਾਬੀ ਰਹਿਤਲ (ਸੱਭਿਆਚਾਰ) ਦੁਨੀਆਂ ਦੀ ਸਭ ਤੋਂ ਪੁਰਾਣੀ, ਹੋਰ ਪੁਰਾਣੇ ਜ਼ਮਾਨਿਆਂ ਦੀ ਖੁਸ਼ਹਾਲ ਰਹਿਤਲ ਸੀ। ਹੋਣਾ ਵੀ ਚਾਹੀਦਾ ਸੀ। ਕਿਉਂ ਜੇ ਪੂਰਬ ਪੱਛਮ ਵਿੱਚ ਕਿਧਰੇ ਵੀ ਅਜਿਹੀ ਧਰਤੀ ਨਹੀਂ, ਜਿਸ ਨੂੰ ਕੁਦਰਤ ਨੇ ਐਡੀ ਖੁੱਲਦਿਲੀ ਨਾਲ ਸਾਰੇ ਦਾਨ ਦਿੱਤੇ ਹੋਣ। ਇਸੇ ਕਰਕੇ ਦੁਨੀਆਂ ਦੇ ਸਭ ਤੋਂ ਪੁਰਾਣੇ ਪੱਕੇ ਸ਼ਹਿਰ ਤੇ ਸ਼ਰਣ ਲੈਣ ਵਾਲੇ ਕਿਲੇ ਪੰਜਾਬ ਵਿੱਚ ਉਸਾਰੇ ਗਏ। ਇਸੇ ਕਰਕੇ ਦੁਨੀਆਂ ਵਿੱਚ ਸਭ ਤੋਂ ਬਹੁਤੇ ਲਸ਼ਕਰ ਤੇ ਲੁਟੇਰੇ ਪੰਜਾਬ ਉੱਤੇ ਹਮਲਾ ਕਰਨ ਆਏ। ਉਸ ਵੇਲੇ ਕਿਸੇ ਨੂੰ ਪਤਾ ਨਹੀਂ ਸੀ। ਪੰਜਾਬ ਦੀਆਂ ਨਵੀਆਂ ਪੀੜ੍ਹੀਆਂ ਨੂੰ ਅੱਜ ਵੀ ਕੋਈ ਸੁਰਤ ਪਤਾ ਨਹੀਂ। ਇਸ ਵਿੱਚ ਉਹਨਾਂ ਦਾ ਕਸੂਰ ਵੀ ਨਹੀਂ। ਕਿਉਂ ਜੇ ਇਨਸਾਨ ਦੀ ਤਹਿਜ਼ੀਬ ਦਾ ਪਹਿਲਾ ਘਰ ਵੱਸ ਕੇ ਛੇਤੀ ਉੱਜੜ ਗਿਆ। ਅੱਗੋਂ ਚਾਰ ਚੁਫੇਰਿਓਂ ਹਮਲੇ, ਧਾੜੇ, ਇਸ ਧਰਤੀ ਨੂੰ ਪੈਰਾਂ ਹੇਠ ਮਿੱਧ ਕੇ ਨਿਕਲ ਜਾਣ ਵਾਲੇ ਕਿੰਨੇ ਆਏ, ਕਿੰਨੇ ਅੰਦਰੋਂ ਜੰਮੇ ਕੋਈ ਹਿਸਾਬ ਨਹੀਂ, ਪੰਜਾਬ ਦਾ ਹੁਸਨ ਤੇ ਰਿਜ਼ਕ ਇਸ ਦੇ ਵੈਰੀ ਹੋਏ। ਜ਼ਮਾਨੇ ਬਣੇ-ਵਿਗੜੇ, ਮੁੜ ਇਸੇ ਤਰ੍ਹਾਂ ਤਵਾਰੀਖ ਤਾਂ ਕਿਤੇ ਪਿੱਛੋਂ ਜੰਮੀ। ਉਂਝ ਵੀ ਇਸ ਧਰਤੀ ਦੀ ਤਵਾਰੀਖ ਨੂੰ **Disown** (ਬੇਦਖਲ) ਕਰਕੇ ਮਿੱਟੀ ਧੂੜਣ ਦਾ ਕੰਮ ਕਰਨ ਵਾਲੇ ਬਥੇਰੇ। ਪੰਜਾਬ ਦਾ ਹੁਸਨ ਬਰਬਾਦ ਕਰਨ ਵਾਲਿਆਂ ਵਿਚ ਅੰਗਰੇਜ਼ ਦਾ ਨਾਂ ਬਹੁਤਾ ਬਦਨਾਮ ਹੋਇਆ, ਪਰ ਘੱਟ ਕਿਹਨੇ ਕੀਤੀ ? ਮੁਗਲਾਂ ਨੇ ਕਿ ਗੌਰੀਆਂ ਗਜ਼ਨਵੀਆਂ ਨੇ। ਦਿੱਲੀ ਲੁੱਟਣ ਵਾਲੇ ਹਰ ਇਕ ਲਸ਼ਕਰੀ ਨੇ ਪਹਿਲਾਂ ਪੰਜਾਬ ਦੀ ਮਿੱਟੀ ਲੁੱਟੀ। ਭੁੱਖੇ ਬਘਿਆੜਾਂ ਦਾ ਪਹਿਲਾ ਸ਼ਿਕਾਰ ਏਹੋ ਮੁਲਕ ਹੋਇਆ—ਫੇਰ ਉਹ ਵੇਲਾ ਵੀ ਆਇਆ ਜਦੋਂ ਹਮਲੇ ਪੂਰਬ ਪੱਛਮ ਦੋਵਾਂ ਪਾਸਿਆਂ ਤੋਂ ਹੋਏ। ਦਿੱਲੀ ਦੇ ਹਾਕਮਾਂ ਨੇ ਪੰਜਾਬ ਕਦੇ ਕਾਲੋਨੀ ਵਰਗਾ ਰੱਖਿਆ, ਕਦੇ ਛਾਉਣੀ ਦਾ ਕੰਮ ਲਿਆ, ਗ਼ੈਰ-ਮੁਲਕੀ ਬਾਦਸ਼ਾਹ ਸੂਬੇਦਾਰ, ਜਰਨੈਲ, ਵਾਇਸਰਾਏ ਦੇ ਗਵਰਨਰ ਸਦੀਆਂ ਬੱਧੀ ਏਥੇ ਬਿਰਾਜਦੇ ਰਹੇ। ਪੰਜਾਬ ਕਦੇ ਗ਼ਜ਼ਨੀ ਨੂੰ ਖਰਾਜ ਦੇਂਦਾ, ਕਦੇ ਦਿੱਲੀ ਨੂੰ, ਅਸਲ ਵਿਚ ਤਾਂ ਦੌਲਤ ਦੀ ਲੁੱਟ ਮਾਰ ਆਹੀ। ਪਰ ਅੱਗੋਂ ਮਜ਼ਹਬਾਂ ਨਾਲੇ ਵੀ ਤੁਅੱਸਬ ਕਰੋਧ ਨੂੰ ਤਾਕਤ ਬਣਾ ਕੇ ਮੈਦਾਨ ਵਿਚ ਆ ਗਏ। ਹਿੰਦੂ, ਸਿੱਖ, ਮੁਸਲਮਾਨ, ਆਪਣੇ ਆਪਣੇ ਘੋਲ ਦੰਗਲ ਕਰਦੇ ਰਹੇ, ਪੰਜਾਬ ਦਾ ਲੋਕ ਸਾਂਈਂ ਭਾਵੇਂ ਹਿੰਦੂ, ਭਾਵੇਂ ਮੁਸਲਮਾਨ ਜ਼ਖਮੀ ਹੁੰਦਾ ਰਿਹਾ। ਕਦੇ ਮਜ਼ਹਬ ਦੇ ਝਗੜੇ ਨਾਲ, ਕਦੇ ਸਿਆਸਤ ਦੀ ਛੁਰੀ ਨਾਲ। ਅਮਨ ਦੀ ਘੁੱਗੀ ਆਪਣਾ ਆਹਲਣਾ ਛੱਡ ਗਈ। ਤਹਿਜ਼ੀਬ (ਸ਼ਭਿਅਤਾ) ਦੀ ਬੁਲਬਲ ਨੂੰ ਗੀਤ ਭੁੱਲ ਗਏ। ਕਿਤਾਬਾਂ ਲਿਖਣ ਵਾਲੇ, ਘੋੜਿਆਂ ਦੀ ਮਾਲਿਸ਼ ਤੇ ਨੌਕਰ ਹੋ ਗਏ। ਛੇਕੜ ਸਿਆਸਤ ਦੀ ਖੱਟੀ ਖਾਣ ਵਾਲੇ ਆਏ ਤਾਂ ਪੰਜਾਬ ਦਾ ਲੋਕ ਸਾਈਂ (ਆਮ



ਲੋਕ) ਉੱਕਾ ਹੀ ਹਾਰ ਗਿਆ। ਸਿਆਸੀ ਕਸਾਈਆਂ ਨੇ ਪੰਜਾਬ ਦੀ ਸ਼ਾਨਦਾਰ ਧਰਤੀ ਨੂੰ ਵੱਢਕੇ ਟੋਟੇ ਟੋਟੇ ਕੀਤਾ। ਫੇਰ ਤਾਰੀਖ ਦੀ ਵੰਡ ਤੇ ਵਿਰਸੇ ਦੀ ਤਕਸੀਮ ਉੱਤੇ ਆਕੇ ਬੋਟੀਆਂ ਵੀ ਕੀਤੀਆਂ। ਲੋਕੀਂ, ਦਰੱਖਤ, ਕਿਤਾਬਾਂ, ਪੀਰ ਪੈਗੰਬਰ, ਗੀਤ, ਕਹਾਣੀ, ਦਰਿਆਵਾਂ ਦੇ ਕੰਢੇ ਕਿਨਾਰੇ, ਜੰਗਲ ਬੇਲੇ ਆਬ-ਦੁਆਬੇ ਸੱਭੋ ਕੁਝ ਵੰਡ ਲਿਆ। ਅਸਲ ਤਮਾਸ਼ਾ ਇੱਜ਼ਤ ਦੀ ਵੰਡ ਤੇ ਲੱਗਾ। ਪੰਜਾਬਣ ਏਸ ਵੰਡ ਨਾਲ ਸਹਿਮਤ ਨਹੀਂ ਸੀ, ਮਰਦਾਂ ਨੇ ਰਲ ਕੇ ਉਹਦੀ ਇੱਜ਼ਤ ਲੁੱਟੀ। ਕੱਪੜੇ ਲਾਹ ਲਏ, ਫ਼ੇਰ ਡੰਗਰ ਵੱਛੇ ਦੇ ਨਾਲ ਨਾਲ ਪੰਜਾਬਣ ਨੂੰ ਵੀ ਹਿੱਕ ਕੇ ਆਪਣੇ ਆਪਣੇ ਪਾਸੇ ਲੈ ਗਏ। ਪੰਜਾਬ ਦੇ ਮਰਦ ਅੱਧੇ ਇਕ ਪਾਸੇ ਹੋ ਗਏ, ਅੱਧੇ ਦੂਜੇ ਪਾਸੇ। ਲੋਕ ਸਾਈਂ (ਜਨ-ਸਾਧਾਰਨ) ਤੇ ਟੋਭਾ ਟੇਕ ਸਿੰਘ ਦੋਵੇਂ ਤਲਵਾਰਾਂ ਦੇ ਵਿਚਕਾਰ ਆ ਕੇ ਵੱਢੇ ਗਏ, ਅਦੀਬ ਕ੍ਰਿਸ਼ਨ ਚੰਦਰ ਬੰਬਈ ਨੱਸ ਗਿਆ। ਸ਼ਾਇਰਾ ਅੰਮ੍ਰਿਤਾ ਦਿੱਲੀ ਚਲੀ ਗਈ। ਮੰਟੋ ਲਾਹੌਰ ਵਿਚ ਮਰ ਗਿਆ। ਵਾਰਸ ਨੇ ਸ਼ੁਕਰ ਕੀਤਾ, ਉਹਦੀ ਕਬਰ ਪਹਿਲਾਂ ਹੀ ਬੈਠ ਗਈ ਸੀ। ਬੁਰਾ ਹਾਲ ਹੋਇਆ ਪੰਜਾਬ ਦਾ ? ਬੁੱਲ੍ਹੇ ਸ਼ਾਹ ਨੇ ਦੂਜੀ ਵਾਰੀ ਆਵਾਜ਼ ਨਾ ਦਿੱਤੀ, ਕਿਉਂ ਜੋ ਮੁਲਾਣੇ ਉਹਦੀ ਕਬਰ ਤੇ ਪਹਿਰਾ ਲਾ ਦਿੱਤਾ। ਬਰੇ-ਸਗੀਰ (ਉਪ-ਮਹਾਂਦੀਪ) ਦੀ ਆਜ਼ਾਦੀ ਦਾ ਜਸ਼ਨ ਹੋਇਆ ਤਾਂ ਪੰਜਾਬ ਕੁਰਬਾਨੀ ਦੀ ਗਾਂਈ ਸੀ। ਏਸ ਭੋਲੀ ਗਾਂਈ ਦਾ ਕਿਸ ਕਿਸ ਨੇ ਲਹੂ ਪੀਤਾ। ਕਿਸ ਕਿਸ ਨੇ ਮਾਸ ਖਾਧਾ। ਕੀਹਨੇ ਕੀਹਨੇ ਖੱਲ ਵੇਚੀ, ਕੀਹਨੇ ਜੁੱਤੀ ਬਣਵਾਈ, ਗੱਲ ਲੰਮੀ ਏ। ਪਰ ਏਸ ਗੱਲ ਨੂੰ ਟਾਲ ਕੇ ਅਗਾਂਹ ਲੰਘ ਜਾਣਾ ਸੌਖਾ ਵੀ ਤੇ ਨਹੀਂ। ਅੱਗੋਂ ਰਸਤਾ ਮੁੱਕ ਜਾਂਦਾ ਏ। ਇਕੀਵੀਂ ਸਦੀ ਵੱਲ ਕੋਈ ਰਸਤਾ ਪੰਜਾਬ ਤੋਂ ਨਹੀਂ, ਨਿਕਲਦਾ। ਏਸ ਪਾਸੇ, ਨਾ ਉਸ ਪਾਸੇ. ਭਵਿਖ (ਮੁਸਤਕਬਿਲ) ਦੀ ਨੀਂਹ ਕਿਧਰੇ ਬਣੀ ਨਹੀਂ। ਕਿਸੇ ਟਿੱਬੇ ਤੇ ਖਲੋ ਕੇ ਵੇਖੋ, ਪੰਜਾਬ ਦੇ ਭਵਿਖ ਦਾ ਸੂਰਜ ਕਿਧਰੇ ਦਿਸਦਾ ਨਹੀਂ, ਇਹ ਸੂਰਜ ਦਿਸਣਾ ਵੀ ਨਹੀਂ। ਤੀਜਰੀ ਦੁਨੀਆਂ ਦੀ ਧੁੰਦ ਪਾਰੋਂ, ਉਪ-ਮਹਾਂਦੀਪ ਦੇ ਗੁਬਾਰ ਪਾਰੋਂ। ਪੰਜਾਬ ਦੀ ਆਪਣੀ ਅੱਗ ਜੋ ਇਤਿਹਾਸ ਫੂਕਣ ਲਈ ਬਾਲੀ ਸੀ. ਉਹਦਾ ਧੂੰਆਂ ਬਹੁਤ ਕਾਲਾ ਤੇ ਗਾੜ੍ਹਾ, ਏਸ ਧਰਤੀ ਦੇ ਅਸਮਾਨੀਂ ਜਾ ਚੜ੍ਹਿਆ। ਇਤਿਹਾਸ ਦੇ ਖੂਹ ਅਜੇ ਬਲਦੇ ਪਏ ਨੇ। ਉਹਨਾਂ ਦੀ ਅੱਗ ਮੱਠੀ ਹੋਣ ਤੋਂ ਵੀ ਦੁਨੀਆਂ ਅਗਲੀ ਸਦੀ ਹੰਢਾ ਬੈਠੇਗੀ।

ਅੱਜ ਜੇ ਕੋਈ ਆਖ ਵੀਹਵੀਂ ਸਦੀ ਮੁੱਕ ਗਈ—ਇਤਿਹਾਸ ਦਾ ਹਿੱਸਾ ਹੋ ਗਈ। ਹੁਣ ਅਗਲੀ ਸਦੀ ਦਾ ਕਲੰਡਰ ਤਬਦੀਲ ਹੋਣ ਨਾਲ ਏਥੇ ਪੰਜਾਬ ਵਿਚ ਵੀ ਕੋਈ ਤਬਦੀਲੀ ਆਵੇਗੀ, ਜਾਂ ਨਵੀਂ ਸਦੀ ਦੀ ਕੋਈ ਮੰਗ ਪੂਰੀ ਹੋਵੇਗੀ ਤਾਂ ਉਹਨੂੰ ਬੇਖਬਰਾ ਆਖਣਾ ਪਵੇਗਾ। ਕਿਉਂ ਜੋ ਵੀਹਵੀਂ ਸਦੀ ਪੰਜਾਬ ਵਿਚੋਂ ਕਦੇ ਵੀ ਨਹੀਂ ਮੁੱਕ ਸਕਦੀ। ਏਸ ਸਦੀ ਨੇ ਦੁਨੀਆਂ ਦੀ ਸਭ ਤੋਂ ਪੁਰਾਣੀ ਤਹਿਜ਼ੀਬ (ਸਭਿਅਤਾ) ਦਾ ਇਤਿਹਾਸ ਚੱਟਿਆ ਹੋਇਆ ਹੈ। ਇਹਨੂੰ ਜਾਣ ਕਿਸੇ ਨਹੀਂ ਦੇਣਾ। ਨਵੀਂ ਸਦੀ ਉਸੇ ਲੁੱਟੇ ਹੋਏ ਇਤਿਹਾਸ ਦਾ ਹਿਸਾਬ ਮੰਗਣ ਭਾਵੇਂ ਕੋਈ ਫੇਰਾ ਮਾਰ ਦਵੇ। ਪਰ ਕੋਈ ਨਵਾਂ ਰੰਗ ਕੋਈ ਨਵੀਂ ਰੁੱਤ, ਨਵੇਂ ਨਾਂ ਵਾਲੀ ਏਸ ਧਰਤੀ ਦੇ ਸੁਹਜ ਸ਼ਿੰਗਾਰ ਵਾਸਤੇ ਨਹੀਂ ਆ ਸਕਦੀ, ਏਥੇ ਹਰ ਸਾਲ ਇਕੋ ਪੁਰਾਣਾ ਤਮਾਸ਼ਾ ਲਗਵਾਏ, ਕਈ ਬੇਖਬਰੇ ਸਾਲ ਦੇ ਅਖੀਰਲੇ ਦਿਨ ਦੀ ਸ਼ਾਮ ਨੂੰ ਵਿਦਿਆ ਕਰਦੇ, ਰਾਤ ਦੇ ਪਿਛਲੇ ਪਹਿਰ ਤੱੜੀ, ਹੈਪੀ ਨੀਊਯੀਅਰ ਗਾਉਂਦੇ ਨੱਚਦੇ ਮੂੰਹ ਮਿੱਠਾ ਕਰਕੇ ਸੌਂਦੇ ਨੇ ਤੇ ਸਵੇਰੇ ਉੱਠ ਕੇ ਉਹੋ ਪੁਰਾਣਾ ਦਿਨ ਵੇਖ ਲੈਂਦੇ ਨੇ। ਉਹਨਾਂ ਦੀ ਨਵੀਂ ਟਾਈ ਦਾ ਗੂੜ੍ਹਾ ਰੰਗ ਜਾਂ ਗਰੀਟਿੰਗ ਕਾਰਡ ਦਾ ਫੁੱਲ ਪੱਤਾ ਦੇਸ ਦੀਆ

ਪੁਰਾਣੀਆਂ ਕੰਧਾਂ ਨੂੰ ਨਵੀਂ ਮਿੱਟੀ ਨਹੀਂ ਲਾ ਸਕਦਾ। ਏਸੇ ਤਰ੍ਹਾਂ ਨਵੀਂ ਸਦੀ ਲਈ ਪੰਜਾਬ ਕੋਲ ਤੋਹਫਾ ਕੋਈ ਨਹੀਂ। ਲੈਣ ਵਾਸਤੇ ਪੁਰਾਣਾ ਖਾਤਾ ਖੁੱਲ੍ਹਾ ਰਵੇਗਾ। ਉਹੋ ਪੁਰਾਣੀ ਲੁੱਟ-ਖਸੁੱਟ (Exploitation) ਪੁਰਾਣੀ ਟੁੱਟ ਭੱਜ ਨਵੀਂ ਨਸਲ ਦੇ ਪੱਬਾਂ ਵਿਚ ਖੁੱਭ ਜਾਣ ਵਾਸਤੇ ਪੁਰਾਣੇ ਸ਼ੀਸ਼ੇ ਦੀਆਂ ਢੇਰ ਕੀਰਚਾਂ-ਕਿਉਂ ਜੇ ਹੁਣ ਇਹ ਧਰਤੀ ਫੁੱਲ ਪੈਦਾ ਨਹੀਂ ਕਰਦੀ। ਇਹਦੇ ਬਹੁਤ ਸਾਰੇ ਬੱਚਿਆਂ ਦੇ ਪੈਰ ਨੰਗੇ ਨੇ, ਅਗਲੀ ਸਦੀ ਇਹਨਾਂ ਪੈਰਾਂ ਲਈ ਬੂਟ ਬਣਾਵਣ ਦਾ ਕੋਈ ਆਡਰ ਬੁੱਕ ਨਹੀਂ ਕਰ ਸਕਦੀ। ਏਸ ਗੱਲ ਦਾ ਮੈਨੂੰ ਵੀ ਪਤਾ ਏ, ਕਿਉਂ ਜੇ ਉਹਨੂੰ ਉਸ ਆਰਡਰ ਦਾ ਪਤਾ ਏ, ਜੋ ਅਮਰੀਕਾ ਦੇ ਅਸਲਾ-ਕਾਰਖਾਨੇ ਕੋਲ ਪੰਜਾਬ ਦੇ ਨਾਂ ਬੁੱਕ ਹੋ ਚੁੱਕੇ। ਮੈਨੂੰ ਤਾਂ ਇਹ ਵੀ ਪਤਾ ਏ, ਪਈ ਜਾਪਾਨ ਦੇ ਮੋਟਰ-ਸਾਜ਼ਾਂ ਨੂੰ ਪੰਜਾਬ ਵਲੋਂ ਕਿੰਨੇ ਆਰਡਰ ਨਵੇਂ ਮਾਡਲਾਂ ਦੀ ਪੇਜਾਰੋ ਵਾਸਤੇ, ਕਿੰਨਾ ਹੌਂਡਾ ਅਕਾਰਡ ਵਾਸਤੇ ਬੁੱਕ ਹੋ ਚੁੱਕੇ। ਲੋਕ ਸਾਈਂ (ਆਮ-ਲੋਕ) ਦੀ ਕਮਾਈ ਵਿਚ ਇਕੋ ਲੋੜ ਪੂਰੀ ਹੋ ਸਕਦੀ ਏ। ਥੋਹੜੇ ਪੈਰਾਂ ਥੱਲੇ ਪੇਜਾਰੋ ਦਾ ਐਜ਼ ਆਵੇ ਜਾਂ ਬਹੁਤੇ ਪੈਰਾਂ ਦੇ ਸੁਖ ਲਈ ਬੂਟ ਬਣ ਜਾਵਣ। ਨਵਾਂ ਇੰਟਰ ਨੈਸ਼ਨਲ ਆਡਰ ਨਵੇਂ ਸਿਰੇ ਤੋਂ ਵੀਹਵੀਂ ਸਦੀ ਦੇ ਆਖਰ ਵਿਚ, ਸਾਜਿਆ ਗਿਆ ਏ, ਏਸ ਆਡਰ ਨੇ ਇੱਕੀਵੀਂ ਸਦੀ ਵਿਚ ਲਾਗੂ ਰਹਿਣਾ ਏਂ। ਲੋਕ ਸਾਈਂ ਕੋਲ ਏਸ ਆਰਡਰ ਦੀ ਖਿਲਾਫ-ਵਰਜ਼ੀ ਕਰਨ ਵਾਲੀ ਤਾਕਤ ਹੈ ਕੋਈ ਨਹੀਂ। ਨਾ ਕੋਈ ਗਦਰੀ ਬਾਬੇ, ਨਾ ਕੋਈ ਭਗਤ ਸਿੰਘ ਵਰਗਾ, ਨਾ ਕੋਈ ਲਾਜਪਤ ਵਰਗਾ ਏਸ ਆਡਰ ਵਿਚ ਪੰਜਾਬ ਵਰਗੇ ਮੁਲਖਾਂ ਲਈ ਨਵੀਂ ਗੁਲਾਮੀ ਦੇ ਘੁੰਮਣ ਘੇਰੇ ਬਹੁਤ ਸਾਰੇ ਹੋਣਗੇ। ਉੱਤੋਂ ਯੂਰਪ ਦੀ ਨਵੀਂ ਟਕਨਾਲੋਜੀ ਦੀ ਦੱਬ ਚੋਖੀ ਆਪਣੀ ਏ। ਬਹੁਤੀ ਮਸ਼ੀਨ, ਬਹੁਤੀ (Sophisticated) ਸੂਖਮਤਾ। ਭਾਰੀ ਆਬਾਦੀ ਵਾਲਿਆਂ ਲਈ ਬਹੁਤ ਬੇਰੁਜ਼ਗਾਰੀ ਤੇ ਮਹਿੰਗਾਈ ਲਿਆਵੇਗੀ ਬਹੁਤਾ ਪ੍ਰਦੂਸ਼ਣ (Pollution) ਗਰੀਬ ਦੀ ਬਹੁਤੀ ਬੇਕਦਰੀ ਆਵੇਗੀ। ਕੰਮ ਤਾਂ ਸ਼ੁਰੂ ਹੋ ਵੀ ਚੁੱਕਾ ਏ, ਕਿਉਂ ਜੇ ਅਮਰੀਕਾ ਜਾਪਾਨ ਤੇ ਯੂਰਪ ਦੇ ਸਿਆਣਿਆਂ ਨੇ ਇੱਕਵੀਂ ਸਦੀ ਦੀ ਤਿਆਰੀ ਪੰਝੀ ਵਰ੍ਹੇ ਦੇ Margin (ਫਰਕ ਨਾਲ ਸ਼ੁਰੂ ਕੀਤੀ ਗਈ। ਤਾਂ ਜੇ ਏਸ ਸਦੀ ਵਿਚ ਆਕੇ ਜੋ ਨਸਲ ਚਾਰਜ ਸੰਭਾਲੇ ਉਹ ਪੂਰੀ ਸੋਝੀ ਤੇ ਸਮਝ ਵਾਲੀ ਹੋਵੇ, ਏਸ ਹਿਸਾਬ ਨਾਲ ਸਾਰੀ ਪਲੈਨਿੰਗ (ਯੋਜਨਾ ਬੰਦੀ) ਹੋ ਚੁਕੀ ਏ। ਆਬਾਦੀ, ਪੈਦਾਵਾਰ, ਰੋਜ਼ਗਾਰ, ਜ਼ਿੰਦਗੀ ਦੇ ਹੋਰ ਸਾਰੇ ਮਿਯਾਰ ਹੁਣ ਉੱਚੇ ਕਰਨੇ ਜਾਂ ਕਾਇਮ ਰੱਖਣੇ ਹਨ। ਉਹਨਾਂ ਦੇ ਮੁਕਾਬਲੇ ਵਿਚ ਏਥੇ ਸਾਡੀ ਨਿਮਾਣੀ ਦੁਨੀਆਂ ਵਿਚ ਆਬਾਦੀ ਬੇਹਿਸਾਬ ਵਧਦੀ ਏ। ਪੈਦਾਵਾਰ ਨੇ ਘਟਣਾ, ਗਰੀਬੀ ਹਰ ਤਰ੍ਹਾਂ ਦੀ ਇਲਮ ਦੀ, ਤਹਿਜ਼ੀਬ ਵਸੀਲਿਆਂ ਦਾ ਅੱਗੋਂ ਹੋਰ ਦੀ ਹੋਰ ਗੁਲਾਮੀ, ਮੁਥਾਜੀ, ਕਰਜ਼ੇ ਸੂਦ, ਨੰਗੇ ਪੈਰ, ਭੁੱਖੇ ਢਿੱਡ ਲੋਕ ਸਾਈਂ (ਆਮ ਲੋਕ) ਨੇ ਥੱਕ ਜਾਣਾ ਏ। ਉਹਦੇ ਢੱਗੇ ਹੋਰ ਲਿੱਸੇ ਥੀ ਜਾਣੇ ਨੇ। ਉਹਦੀ ਚਾਟੀ ਵਿਚ ਲੱਸੀ ਪਹਿਲਾਂ ਹੀ ਬਹੁੰ ਪਤਲੀ ਹੋ ਗਈ ਹੋਣੀ ਹੈ, ਕਿਉਂ ਜੋ ਅਮੀਰ ਤਬਕਿਆਂ ਦੀ ਬੇਸ਼ਰਮ ਅੱਯਾਸ਼ੀ ਦਿਨ ਬਦਿਨ ਲੰਮੀ ਹੁੰਦੀ ਜਾ ਰਹੀ ਹੈ।

ਹਾਕਮ ਡਿਕਟੇਟਰ ਉਸ ਤਰ੍ਹਾਂ ਲੋਕਾਂ ਦਾ ਮੁਫਾਦ ਵੇਚ ਆਪਣੀ ਉਮਰ ਵਧਾਈ ਜਾਣਗੇ। ਏਸੇ ਤਰ੍ਹਾਂ ਪਿਛੋਕੜ ਦੀਆਂ ਪਿੱਛਲ ਪਾਇਆਂ ਦੀ ਉਮਰ ਦੀ ਸਦੀ ਟੱਪ ਜਾਵੇਗੀ, ਨਵੇਂ ਸੂਰਜ ਥੱਲੇ ਇਹ ਪ੍ਰਛਾਵੇਂ ਹੋਰ ਲੰਮੇ। ਕਹਾਣੀ ਕਿੱਸੇ ਦੀ ਗੱਲ ਨਹੀਂ, ਰਤਾ ਕੁ ਪਿੱਛੇ ਮੁੜਕੇ ਵੇਖੋ ਤੁਸੀਂ ਆਪ ਪੱਥਰ ਦੇ ਹੋ ਜਾਉਗੇ, ਇਤਿਹਾਸ ਦੀ ਭੁੱਬਲ ਵਿਚ ਅਜੇ ਵੀ ਲਾਲ ਸੂਹੀਆਂ ਅੱਖਾਂ ਵਾਲੇ ਅੰਗਾਰ ਧੱਖਦੇ ਪਏ ਹਨ। ਖਬਰੇ ਕਿਸ ਕਿਸ ਪੀੜ੍ਹੀ ਦੀਆਂ ਉਂਗਲਾਂ ਲੂਹ ਸੁੱਟਣ ਵਾਸਤੇ—



ਮਾੜਿਆਂ ਲਈ ਇਹ ਵੇਲਾ ਬਹੁਤਾ ਜ਼ਾਲਮ ਹੁੰਦਾ। ਅੱਗੇ ਅੱਗੇ ਨੱਸਦਾ ਏ, ਪਿੱਛੋਂ ਵੀ ਹੱਲਾ ਕਰਦਾ ਏ। ਘੇਰ ਕੇ ਮਾਰਦਾ। ਉਹਨਾਂ ਸਾਰਿਆਂ ਮੁਲਕਾਂ ਵਿਚੋਂ ਜਿਹਨਾਂ ਵੀਹਵੇਂ ਅੰਦਰ ਵੇਲੇ ਦੀ ਮਾਰ ਖ਼ਾਧੀ, ਪੰਜਾਬ ਦੀ ਕੰਡ ਤੇ ਲਾਸਾਂ ਪਈਆਂ। ਏਸ ਧਰਤੀ ਦੇ ਸਾਰੇ ਸੁਫਨੇ ਗਵਾਚ ਗਏ ਹੋਏ ਨੇ। ਅੱਜ ਏਸ ਗੱਲ ਨੂੰ ਗੌਲਣਾ ਜਰੂਰੀ ਏ। ਪੰਜਾਬ ਆਪਣੀ ਕੱਲ ਸਣੇ ਅੱਜ ਵਿਚ ਜੀ ਨਹੀਂ ਸਕਿਆ। ਆਪਣੀ ਅੱਗ ਵਿਚ ਸੜਿਆ, ਪਰਾਈ ਅੱਗ ਵਿਚ ਲੂਸਿਆ, ਪਰ ਆਪਣੀ ਸਵਾਹ ਵਿਚੋਂ ਮੁੜਕੇ ਜੰਮ ਨਹੀਂ ਸਕਿਆ, ਇਕ ਵਾਰੀ ਵੀ ਨਹੀਂ। ਜੇ ਕੁਕਨੂਸ ਨਹੀਂ ਤਾਂ ਸੁਪਨਾ ਕਿੱਥੋਂ। ਅੱਜ ਇਹ ਫੱਟੜ ਧਰਤੀ ਪੰਜਾਬ ਦੀ ਕਿਸੇ ਸੁੱਤੀ ਅੱਖ ਦਾ ਅੱਥਰੂ, ਕਿਸੇ ਗਵਾਚੇ ਜੁਗ ਦਾ ਸੁਪਨਾ। ਅੱਜ ਬਾਸੀ ਫੁੱਲਾਂ ਵਾਂਗ ਕੂੜੇ ਉੱਤੇ ਸੁੱਟ ਦਿਤਾ। ਅੱਜ ਏਥੇ ਨਵਾਂ-ਕੁਝ ਨਹੀਂ ਸਵਾਏ ਜ਼ਖਮਾਂ ਦੇ। ਧਰਤੀ, ਬੋਲੀ, ਧੀਆਂ ਪੁੱਤਰ ਬੰਨ੍ਹੇ ਪਏ। ਅੱਗੋਂ ਨਾ ਕੋਈ ਮਲਹਮ ਏ ਪਈ। ਇਕ ਪਾਸੇ ਪੰਜਾਬ ਆਪਣੇ ਮਜ਼ਾਰਾਂ ਦੀਆਂ ਮੈਲਾਂਆਂ ਲੀਰਾਂ ਨੂੰ ਜ਼ਖਮਾਂ ਉੱਤੇ ਬੰਨ੍ਹ ਕੇ ਨੌਂ ਬਰ ਨੌਂ ਨਹੀਂ ਹੋ ਸਕਦਾ। ਦੂਜਾ ਪਾਸੇ ਉਹਦਾ ਬਹੁਤ ਸਾਰਾ ਮਾਜ਼ੀ ਬੇਇਲਾਜ ਨਮੋਸ਼ੀ ਦੇ ਫੱਟ ਖੋਲ੍ਹੀ ਬੈਠਾ ਏ। ਸਦੀਆਂ ਪੁਰਾਣੀ ਗੁਲਾਮੀ, ਲੰਮੀ ਲੁੱਟ ਮਾਰ, . ਪੂਰੀ ਵੀਹਵੀਂ ਸਦੀ...ਤਰੱਕੀਆਂ। ਇਨਕਲਾਬਾਂ ਦੀ ਸਦੀ। ਪੰਜਾਬ ਵਾਸਤੇ ਨਾਮੁਰਾਦੀ, ਬੇਨਸੀਬੀ ਤੋਂ ਅੱਗੇ ਕੱਖ ਨਹੀਂ। ਕਿੰਨੇ ਸੂਰਜ ਨਿਕਲੇ, ਕਿੰਨੇ ਚੰਨ ਛਿਪ ਗਏ। ਪੰਜਾਬ ਦੀ ਸੁਹਣੀ ਵਾਸਤੇ ਕਿਸੇ ਨਵਾਂ ਜੋੜਾ ਨਾ ਸਿਵਾ-ਇਆ—ਕਿਸੇ ਮੱਥੇ ਟਿੱਕਾ ਨਾ ਲਾਇਆ—ਸਗੋਂ ਕਿੰਨਾ ਕੁਝ ਖੋਹ ਘੱਤਾਂ। ਅਣਖੀ ਪੁੱਤਰਾਂ ਦੇ ਪਿੰਡੇ ਦਾ ਬਸੰਤੀ ਚੋਲਾ ਜੋ ਮਾਂ ਨੇ ਹੱਥੀਂ ਰੰਗਿਆ, ਧੀ ਦੇ ਸਿਰ ਦਾ ਸਾਲੂ ਜੋ ਮਾਂ ਨੇ ਰੀਝਾਂ ਦੇ ਰੇਸ਼ਮ ਨਾਲ ਕੱਢਿਆ। ਕਾਫੀਆਂ ਸ਼ਾਹ ਹਸੈਨ ਦੀਆਂ, ਧੱਮਾਲ ਬੁੱਲ੍ਹੇ ਸ਼ਾਹ ਦੀ, ਹੌਸਲਾ ਹੀਰ ਦਾ, ਦੁੱਲੇ ਦੀਆਂ ਵਾਰਾਂ। ਗੁਜਰਾਤ ਦੀ ਸੋਹਣੀ ਦਾ ਘੜਾ, ਲਾਹੌਰ ਦੀ ਮੋਹਣੀ ਦਾ ਇਸ਼ਕ ਤੇ ਅਣਖੀ ਸਿਆਸਤ ਲਾਜਪਤ ਰਾਏ। ਪਿਛਲੀਆਂ ਕਮਾਈਆਂ ਲੁੱਟ ਘੱਤੀਆਂ। ਅੱਗੋਂ ਕਮਾਊ ਪੁੱਤਰਾਂ ਨੂੰ ਦੇਸ ਨਿਕਾਲੇ, ਗੋਲੀਆਂ, ਕੈਦਾਂ, ਫਾਹੇ, ਇਕੋ ਮਿਸਾਲ ਬਥੇਰੀ, ਪੰਜਾਬ ਦਾ ਨੋਬਿਲ ਇਨਾਮ-ਜੇਤੂ ਡਾਕਟਰ ਅਬਦੁਲ ਇਸਲਾਮ ਸਾਰੀ ਦੁਨੀਆਂ ਦਾ ਸ਼ਹਿਰੀ। ਆਪਣੇ ਦੇਸ ਆਬਾਦ ਨਹੀਂ ਹੋ ਸਕਦਾ।

ਹੁਣ ਜੇ ਕੋਈ ਸੋਚਦਾ ਹੈ ਕਿ ਇਕੀਵੀਂ ਸਦੀ ਕੋਈ ਥਾਲ ਸਜ਼ਾ ਕੇ ਲਿਆ ਰਹੀ ਏ, ਕਲੰਡਰ ਦੀ ਪਹਿਲੀ ਤਾਰੀਖ ਨੂੰ ਕੋਈ ਨਵਾਂ ਸੂਰਜ ਪੰਜਾਬ ਦੀ ਧਰਤੀ ਉੱਤੇ ਵੀ ਨਿਕਲ ਆਉਣਾ ਏ, ਉਹ ਤਾਰੀਖ ਦੀ ਕਰਨੀ ਨੂੰ ਨਹੀਂ ਜਾਣਦਾ। ਵੇਲੇ ਦੇ ਨਿਜ਼ਾਮ ਕਦੇ ਕਲੰਡਰਾਂ ਨਾਲ ਨਹੀਂ ਚੱਲਦੇ। ਹਰ ਥਾਂ ਵੇਲਾ ਆਪਣੇ ਕਲੰਡਰ ਆਪ ਬਣਾਉਂਦਾ। ਪੰਜਾਬ ਦਾ ਨਵਾਂ ਕਲੰਡਰ ਜਦੋਂ ਵੀ ਬਣਿਆਂ, ਕਿਸੇ ਪੂਰੇ ਪੈ ਕੇ ਇਨਕਲਾਬ ਪਿਛੋਂ ਹੀ ਬਣ ਸਕਦਾ। ਨਵਾਂ ਪੰਜਾਬ ਪਹਿਲੇ ਪਹਿਲੇ ਪੰਜਾਬੀ ਘਰ ਦੇ ਸੁਪਨੇ ਦਾ ਪੰਜਾਬ, ਅਮਨ, ਖੁਸ਼ੀ, ਖੁਸ਼ਹਾਲੀ, ਆਜ਼ਾਦੀ...ਅੱਗੋਂ ਤਹਿਜ਼ੀਬ (ਸਭਿਅਤਾ) ਦੀ ਤਰੱਕੀ, ਸਾਇੰਸ, ਸਨਅਤ ਟੈਕਨਾਲੋਜੀ, ਸਮਾਜ ਦੀ ਕਾਇਆਂ ਅੰਦਰ ਤਬਦੀਲੀ। ਟੁੱਟ ਭੱਜ ਨੂੰ ਤਬਦੀਲੀ ਆਖਣ ਵਾਲਾ ਬੇਅਕਲ ਨਹੀਂ ਤਾਂ ਹੋਰ ਕੀ ਏ। ਪੰਜਾਬ ਇਸ ਵੇਲੇ ਟੁੱਟ ਭੱਜ ਦੇ ਖਤਰਨਾਕ ਜ਼ਮਾਨੇ ਵਿਚੋਂ ਲੰਘ ਰਿਹਾ ਏ। ਅੰਦਰੋਂ ਬਾਹਰੋਂ, ਕਦਰਾਂ-ਕੀਮਤਾਂ, ਕਿਰਦਾਰ, ਸਮਾਜ ਦੇ ਸੱਭੇ ਯੂਨਿਟ, ਵੱਸੋਂ ਵਰਤਾਰੇ ਦੀਆਂ ਕੁੱਲ ਇਕਾਈਆਂ, ਵਿਰਸਾ, ਵਸੇਬ, ਮਨੁੱਖ ਦਾ ਅੰਦਰ ਬਾਹਰ, ਦਿਲ ਦੀ ਮਸਜਿਦ, ਸ਼ਹਿਰ ਦੇ ਅੰਦਰ ਢਹਿੰਦੇ ਪਏ ਨੇ। ਸਿਲਸਿਲਾ ਅਜੇ ਲੰਮਾ ਹੋਣਾ ਏਂ। ਇੱਕ ਗੱਲ ਮਜ਼ਾਕ ਵਾਲੀ ਵੀ ਹੋਣੀ ਏਂ। ਇੱਕੀਵੀਂ ਸਦੀ ਵਾਲਾ ਕਲੰਡਰ ਸਾਡੀਆਂ

ਟੁੱਟੀਆਂ ਭੱਜੀਆਂ ਕੰਧਾਂ ਉੱਤੇ ਟੰਗਿਆ ਵੀ ਜਾਣਾ ਏ, ਉਸੇ ਤਰ੍ਹਾਂ ਜਿਵੇਂ ਹਰ ਸਾਲ ਨਵੇਂ ਮਾਡਲ ਦੀ ਪੀਜਾਰੋਂ ਜਾ ਮਰਸੀਡੀਜ਼ ਨੰਗ-ਪੈਰਿਆਂ ਦੇ ਹਜੂਮ ਵਿਚ ਟੁਰੀ ਫਿਰਦੀ ਏ। ਕਿਸੇ ਨੂੰ ਅਸਚਰਜ ਦੀ ਗੱਲ ਨਹੀਂ ਲੱਗਦੀ, ਕੋਈ ਅੱਖ ਚੁੱਕਕੇ ਨਹੀਂ ਵੇਖਦਾ।

ਪੰਜਾਬ ਦੇ ਕੁੱਲ ਹਸਾਸ (ਸੰਵੇਦਨਸ਼ੀਲ) ਤਬਕੇ, ਕਿਸਾਨ ਮਜ਼ਦੂਰ, ਬੱਚੇ ਔਰਤਾਂ, ਦਾਨਸ਼-ਵਰ (ਬੁੱਧੀਜੀਵੀ) ਪੱਤਰਕਾਰ ਏਸ ਵੇਲੇ ਇਕ ਬੁਰਾ ਜ਼ਮਾਨਾ ਵੇਖ ਰਹੇ ਨੇ, ਪਰ ਮੋਟੀ ਖੱਲੜੀ ਵਾਲੇ ਐਸ਼ ਦੀ ਤਰੱਕੀ ਵੇਖ ਰਹੇ ਨੇ। ਏਸ ਤਬਕੇ ਵਿੱਚ ਕੋਈ ਸਿਕੰਦਰੇ-ਆਜ਼ਮ (ਸਕੰਦਰ ਮਹਾਨ) ਬਣਿਆ ਹੋਇਆ ਏ, ਕੋਈ ਸ਼ਹਿਨਸ਼ਾਹ ਬਾਬਰ। ਕਿਸੇ ਨੇ ਆਪਣੇ ਆਪ ਨੂੰ ਮਹਿਮੂਦ ਗਜ਼ਨਵੀ ਸਮ-ਝਿਆ ਹੋਇਆ, ਕੋਈ ਅਹਿਮਦ ਸ਼ਾਹ ਅਬਦਾਲੀ ਬਣਿਆ ਬੈਠਾ ਏ, ਕੋਈ ਤੁਰਕ, ਕੋਈ ਤਾਤਾਰੀ, ਕੋਈ ਸਿਆਸਤ ਗੱਦੀ ਦਾ ਰਾਜਾ, ਕੋਈ ਹੀਰੋਇਨ ਦਾ ਬਾਦਸ਼ਾਹ। ਏਸ ਸ਼ਾਹੀ ਖਾਨਦਾਨ ਵਾਸਤੇ ਐਸ਼ ਦਾ ਸਾਮਾਨ ਪੂਰੀ ਦੁਨੀਆਂ ਤੋਂ ਬਣ ਕੇ ਆਉਂਦਾ ਰਹਿੰਦਾ ਏ, ਇਕਬਾਲ ਤਾਂ ਐਵੇਂ ਫਰੰਗੀ ਸੋਫੇ ਈਰਾਨੀ ਕਾਲੀਨ ਵੇਖ ਕੇ ਕੁੜ੍ਹਦਾ ਰਿਹਾ। ਹੁਣ ਵੇਖੋ ਤਾਂ ਏਸ ਗ਼ਰੀਬ ਪੰਜਾਬ ਵਿਚ ਟੋਕੀਓ, ਪੈਰਸ, ਨਿਊਯਾਰਕ, ਬੋਨ ਤੋਂ ਆਈਆਂ ਕਾਰਾਂ, ਜਹਾਜ਼, ਕੱਪੜੇ, ਸ਼ਰਾਬਾਂ, ਪਰਫਿਊਮ (ਸੁਗੰਧਾਂ) ਟੱਬ, ਕਮੋਡ...ਵੀ ਹੈਗੇ ਨੇ। ਇਹ ਤਬਕਾ ਪੰਜਾਬ ਦੀ ਆਰਥਕਤਾ ਦਾ ਡਾਕੂ ਲੁਟੇਰਾ, ਤਹਿਜ਼ੀਬ ਵਾਸਤੇ ਕਲੰਕ ਦਾ ਟਿੱਕਾ। ਏਸੇ ਨੇ ਸਾਂਈਂ ਲੋਕ (ਜਨ-ਸਾਧਾਰਨ) ਦੀ ਕਮਾਈ ਚੱਟ ਲਈ, ਬੱਚਿਆਂ ਦਾ ਹੱਕ ਮਾਰ ਲਿਆ—ਏਸ ਤੋਂ ਅੱਗੇ ਜਾ ਕੇ ਏਸ ਡਾਕੂ ਬਰਾਦਰੀ ਨੇ ਪੰਜਾਬ ਦੀ ਬੋਲੀ ਬਰਬਾਦ 'ਚਾ ਕੀਤੀ। ਭਵਿੱਖ ਨੂੰ ਗ੍ਰਹਿਣ ਲਾ ਦਿੱਤਾ।

ਇਹ ਤਬਕਾ ਪਾਕਿਸਤਾਨ ਦੀ ਪੈਦਾਵਾਰ ਏ। ਪੰਜਾਬ ਦੀ ਧਰਤੀ ਉੱਤੇ ਚੰਗਾ ਫਲ ਗਿਆ। ਵੰਡੀ ਹੋਈ ਧਰਤੀ ਦੇ ਜ਼ਖ਼ਮ ਜ਼ਹਿਰ ਬਣ ਕੇ ਫੈਲ ਗਿਆ। ਏਹੋ ਪੰਜਾਬ ਦਾ ਦੂਜਾ ਅਲਮੀਆ (ਰੋਗ)। ਪਹਿਲਾਂ ਇਹ ਸੀ ਜਦੋਂ ਆਜ਼ਾਦੀ ਵਾਲੀ ਪਹਿਲੀ ਰਾਤ ਉਜਾੜੇ ਪਾ ਗਈ। ਇਹ ਕੋਈ ਛੋਟੀ ਮੋਟੀ ਸਿਆਸੀ ਜਾਂ ਪ੍ਰਬੰਧਕੀ ਵੰਡ ਨਹੀਂ ਸੀ, ਜੋ ਪੈਨਸਿਲ ਦੀ ਲਕੀਰ ਵਾਹ ਕੇ ਹੋ ਗਈ ਹੋਵੇ। ਇਹ ਤਾਂ ਛੁਰੇ ਦਾ ਕੰਮ ਸੀ, ਜਿਸ ਹੇਠ ਧਰਤੀ ਆਈ, ਲੋਕੀਂ ਆਏ, ਸਾਰੀ ਪੰਜਾ-ਬੀਅਤ ਦੀ ਰੂਹ, ਰੂਹ ਦੀ ਇਜ਼ਤ-ਆਬਰੂ, ਪੰਜਾਬ ਦੀ ਹੀਰ ਦਾ ਹੁਸਨ, ਰਾਂਝੇ ਦੀ ਵੰਝਲੀ ਸੱਭੇ ਲਹੂ-ਲਹਾਨ। ਇਤਿਹਾਸ ਦੀਆਂ ਇਕਾਈਆਂ ਟੁੱਟ ਗਈਆਂ। ਦਿਲ-ਦਰਿਆ ਵੰਡੇ ਗਏ, ਮਸਜਦ ਅੰਦਰ ਵੰਡੇ ਗਏ, ਪਰ ਬੱਸ ਨਾ ਹੋਈ। ਆਜ਼ਾਦੀ ਦੇਣ ਵਾਲਿਆਂ ਜੋ ਕੀਤਾ, ਸੋ ਕੀਤਾ—ਅੱਗੋਂ ਲੈਣ ਵਾਲਿਆਂ ਨੇ ਵੀ ਕਸਰ ਨਾ ਛੱਡੀ। ਭਾਰਤ ਵਾਲਿਆਂ ਨੇ ਪੰਜਾਬ ਦੇ ਅੱਧੇ ਧੜ ਨੂੰ ਕਬਜ਼ੇ ਲੈ ਕੇ ਅੱਗੋਂ ਹੋਰ ਵੀ ਕੱਟਿਆ ਵੱਢਿਆ। ਵਿਚੋਂ ਹਰਿਆਣੇ ਤੇ ਹਿਮਾਚਲ ਦੇ ਟੋਟੇ ਕੱਢੇ। ਵੰਡੇ ਹੋਏ ਦਰਿਆਵਾਂ ਦਾ ਪਾਣੀ ਅੱਗੋਂ ਵੰਡਿਆਂ। ਛੇਕੜ ਇਕ ਨਿੱਕੇ ਜੇਹੇ ਟੋਟੇ ਨੂੰ ਬੁਰਜੂਆ ਬਾਹਮਣ ਸਿਆ-ਸਤ ਦੇ ਨੰਗੇ ਜਾਮੇ ਵਿਚ ਮੜ੍ਹਕੇ ਉੱਤੇ ਪੰਜਾਬ ਦਾ ਬੋਰਡ ਲਾ ਦਿੱਤਾ। ਸਿੱਖ ਪੰਜਾਬ ਜਿਥੋਂ ਦਿੱਲੀ ਦੀ ਗੁਪਤ-ਗੋਲੀ ਕਦੇ ਬੰਦ ਨਾ ਹੋਈ।

ਏਧਰ ਪਾਕਿਸਤਾਨ ਦੇ ਕਬਜ਼ੇ ਵਿਚ ਭਾਵੇਂ ਬਹੁਤਾ ਪੰਜਾਬ ਆਇਆ ਪਰ ਇਹ ਅਸਲੋਂ ਫਿਊਡਲ (ਸਾਮੰਤਸ਼ਾਹ) ਇਲਾਕਾ ਸੀ। ਲੋਕ ਤੇ ਮਾਲਕ ਵੱਖੋ ਵੱਖ। ਵਿਚਕਾਰ ਕੋਈ ਸ਼ੈ ਨਾ ਕਦਰ। ਫੇਰ ਅੱਗੋਂ ਜੋ ਕੁਝ ਵਧਿਆ ਫੁਲਿਆ ਉਹ ਬਿਓਰੋਕਰੇਸੀ (ਅਫਸਰ ਸ਼ਾਹੀ) ਫੌਜਾਂ, ਲਸ਼ਕਰ, ਲੁੱਟ ਮਾਰੀ। ਦੌਲਤ ਦੇ ਪੁਜਾਰੀ, ਜੁਰਮ ਵਧਾਉਣ ਵਾਲੇ ਲੋਕਾਂ ਨੂੰ ਪਿੱਛੇ ਸੁੱਟ ਕੇ ਆਪ ਐਸ਼ ਕਰਨ ਵਾਲੇ, ਨਵੇਂ ਪੁਰਾਣੇ ਸੱਭੇ ਰਲ ਗਏ, ਬਥੇਰੇ ਸੌਦੇ, ਬਥੇਰੀਆਂ ਤਕਸੀਮਾਂ, ਨਿਰੀ ਟੁੱਟ ਭੱਜ, ਅੰਦਰੋਂ ਬਾਹਰੋਂ ਪੰਜਾਬ ਨੇ ਨਵੇਂ ਦੌਰ ਵਿਚ ਨਵੀਂ ਗੁਲਾਮੀ, ਨਵੀਂ ਹੱਤਕ, ਨਵੀਂ ਬੇਇਜ਼ਤੀ ਦਾ ਤਜਰਬਾ ਕੀਤਾ।



ਪੁਰਾਣੀ ਗੁਲਾਮੀ ਦਾ ਭੰਨਿਆ ਹੋਇਆ ਪੰਜਾਬ ਆਪਣੀ ਕਿਸੇ ਵਾਤ ਨੂੰ ਬਚਾ ਨਹੀਂ ਸਕਿਆ। ਹੁਣ ਕੀ ਇਹ ਸਭਿਆਚਾਰਕ ਪਰਦੂਸ਼ਣ ਦਾ ਅੰਤ ਕੋਈ ਨਹੀਂ। ਵੰਡ ਨੇ ਜੋ ਛੇਕ ਪਾਏ, ਉਹ ਹੁਣ ਤਾਈਂ ਲੰਗਾਰ ਬਣ ਚੁੱਕੇ। ਏਥੇ ਪੰਜਾਬ (Horizently —

(ਪਏ-ਦਾਅ) ਤਕਸੀਮ ਪਿਆ ਹੋਂਦਾ ਏ। ਪਿੰਡ ਸ਼ਹਿਰ ਵਿਚਕਾਰ ਬਹੁਤ ਵੱਡੇ ਪਾੜੇ ਪੈ ਚੁੱਕੇ ਹਨ। ਸ਼ਹਿਰ ਤਾਂ ਉਰਦੂ ਹੋ ਚੁੱਕੇ। ਅੱਧਾ ਤਿੱਤਰ, ਅੱਧਾ ਬਟੇਰ, ਇਕ ਲੰਡਾ ਬਾਜ਼ਾਰ ਲੱਗਾ ਏ, ਪੰਜਾਬੀਅਤ ਖੇਰੂੰ ਖੇਰੂੰ ਬੋਲੀ ਬੇਤਾਕਤ, ਦਫਤਰ ਨਾ ਕਚਹਿਰੀ, ਸਕੂਲ ਨਾ ਕਿਤਾਬ। ਉਰਦੂ ਅੰਗਰੇਜ਼ੀ ਪੜ੍ਹਿਆ ਪੰਜਾਬੀ ਪਿੱਛੋਂ ਆਪ ਸ਼ਰਮਾਂਉਂਦਾ। ਆਪਣੀ ਮਾਂ ਬੋਲੀ ਤੋਂ ਔਲਾਦਾਂ ਨੂੰ ਵੱਖ ਰੱਖਦਾ ਏ। ਅਫਸਰ ਤਾਂ ਆਪ ਵੀ ਭੁੱਲ ਗਿਆ। ਏਸ ਹਿਸਾਬ ਪੰਜਾਬ ਪਾਕਿਸਤਾਨ ਦਾ ਮਾੜਾ ਬੇਸ਼ਊਰ ਤੇ ਪਛੜਿਆ ਹੋਇਆ ਸੂਬਾ ਹੈ, ਇਹਦੀ ਤਹਿਜ਼ੀਬ ਜੜ੍ਹੋਂ ਪੱਟੀ ਗਈ। ਏਥੇ ਧੀ ਭੈਣ ਦੀ ਇਜ਼ਤ ਵਾਲੇ ਤਸੱਵਰ (ਖਿਆਲ) ਨੂੰ ਰੋਜ਼ ਠੱਠੇ ਹੁੰਦੇ ਨੇ। ਗਰੁੱਪ-ਰੇਪ ਇਕ ਆਸ਼ ਖੇਡ ਏ। ਏਸ ਖੇਡ ਵਿਚ ਸਾਰੇ ਈ ਸ਼ਾਮਿਲ ਹੁੰਦੇ ਨੇ। ਲੁੱਟ-ਖਸੁੱਟ ਦਾ ਅੰਤ ਕੋਈ ਨਹੀਂ। ਗਰੀਬੀ ਦਾ ਵੀ ਅੰਤ ਕੋਈ ਨਹੀਂ। ਬਹੁਤੀ ਗ਼ਰੀਬੀ ਇਲਮ ਵਲੋਂ ਤੇ ਰੋਜ਼ਗਾਰ ਵਲੋਂ ਏ। ਅਬਾਦੀ ਬੇਹਿਸਾਬੀ ਵਧ ਰਹੀ ਏ, ਵਸੀਲਿਆਂ ਦੇ ਕਾਬਜ਼ ਗਰੁੱਪ ਵਧ ਰਹੇ ਨੇ। ਨੇਸਤੀ ਉਜਾੜੇ ਹਰ ਪਾਸੇ। ਕਿਧਰੇ ਵਾੜ ਖੇਤ ਨੂੰ ਖਾ ਰਹੀ ਏ। ਕਿਧਰੇ ਅੰਬਰ ਵੇਲ ਬਾਗ ਨੂੰ ਚੱਟਦੀ ਪਈ ਏ, ਕਿਧਰੇ ਟਿੱਡੀ ਦਲ, ਕਿਧਰੇ ਸਿਉਂਕਾਂ। ਜ਼ਮੀਨ ਦੇ ਰੋਗ, ਕਿਰਦਾਰ ਦੇ ਰੋਗ, ਦਿਲ ਦੇ ਰੋਗ, ਸਮਾਜ ਦੇ ਰੋਗ, ਸਾਰਾ ਪੰਜਾਬ ਰੋਗੀ ਏ।

ਤਲਾਸ਼, ਤਹਿਕੀਕ (ਖੋਜ) ਤੇ Discovery ਲੱਭਤ ਦੇ ਜ਼ਮਾਨੇ ਪੰਜਾਬ ਗਵਾਚਾ ਪਿਆ। ਆਪਣੇ ਹੱਥੀਂ ਆਪ ਮਰਦਾ ਪਿਆ, ਪੰਜਾਬ ਦੀ ਉਰਵਸ਼ੀ ਘਰ ਭੁੱਲ ਗਈ ਹੋਈ। ਪੰਜਾਬ ਦੇ ਸੂਫ਼ੀ ਲੋਹੇ ਦੇ ਜੰਗਲਿਆਂ ਅੰਦਰ ਤਾੜੇ ਗਏ ਨੇ, ਉਹਨਾਂ ਦੇ ਕਲਾਮ ਤੇ ਪਾਬੰਦੀ ਲੱਗੀ ਹੋਈ ਏ। ਏਥੇ ਅੱਜ ਵੀ ਲੱਖਾਂ ਬੱਧੀ ਲੋਕ ਪਾਣੀਆਂ ਵਿਚ ਰੁੜ੍ਹ ਜਾਂਦੇ ਨੇ ਤੇ ਲੱਖਾਂ ਬੱਧੀ ਪਿਆਸੇ ਮਰਦੇ, ਪੰਜਾਬ ਦੇ ਹਲਵਾਹੇ ਕੋਲ ਅੱਜ ਵੀ ਖੇਤ ਨਹੀਂ। ਅੱਜ ਵੀ ਉਹਦੇ ਕੋਲ ਹਜ਼ਾਰ ਸਾਲ ਪੁਰਾਣਾ ਕੱਚਾ-ਕੋਠਾ ਹਲ ਤੇ ਮਾੜੇ ਢੱਗੇ ਨੇ, ਅੱਜ ਵੀ ਬਿਜਲੀ ਦਾ ਇਕ ਬੱਲਬ, ਸੁਥਰੇ ਪਾਣੀ ਦਾ ਇਕ ਗਲਾਸ ਕਰੋੜ ਕੋਲੋਂ ਵੱਧ ਪੰਜਾਬੀਆਂ ਦੇ ਹਨੇਰੇ ਘਰ ਤੇ ਸੁੱਕੇ ਹਲਕ (ਸੰਘ) ਦਾ ਖ਼ਾਬ ਹੈ, ਪੰਜਾਬ ਦੇ ਪਿੰਡ ਦੀ ਪਛਾਣ ਕੀ ਹੈ? ਕੱਚਾ ਕੋਠਾ, ਗੰਦਾ ਛੱਪੜ, ਗੋਹੇ ਦੀ ਅੱਗ, ਤੇੜੋਂ ਨੰਗੇ ਮੈਲੇ ਨਿਆਣੇ! ਤਰੱਕੀ ਨੇ ਪਿੰਡ ਨੂੰ ਹੋਰ ਲੁੱਟਿਆ-ਘੁਮਿਆਰ ਉਜੜ ਗਏ। ਪਲਾਸਟਿਕ ਦੇ ਭਾਂਡੇ ਆ ਗਏ, ਪਿਛਲੀ ਸਦੀ ਵਿਚ ਜੁਲਾਹੇ ਉਜੜ ਗਏ, ਕਿਉਂ ਜੋ ਮਨਚੈਸਟਰ ਦੇ ਕਪੜੇ ਦੀ ਮੰਡੀ ਪੰਜਾਬ ਦੇ ਪਿੰਡ ਤੋੜੀ ਅੱਪੜ ਗਈ ਸੀ। ਘਰ ਵਿਚ ਮਜ਼ਦੂਰੀ ਨਹੀਂ ਲੱਭਦੀ, ਜਵਾਨ ਡੂਬਈ ਚਲੇ ਜਾਂਦੇ ਨੇ ਚਹੁੰ ਚਹੁੰ ਘਰਾਂ ਵਿਚ ਟੇਪਾਂ ਤੇ ਘੜੀਆਂ ਆ ਜਾਂਦੀਆਂ, ਬਾਕੀਆਂ ਲਈ ਹਸਰਤਾਂ, ਤਰਸੇਵੇਂ ਤਰੱਕੀ ਦੀ ਟੱਲੀ ਟਾਕੀ ਪੰਜਾਬ ਦੀਆ ਪੀੜ੍ਹੀਆਂ. ਨੂੰ ਲੱਗ ਚੁੱਕੀ। ਹੁਣ ਉਹ ਕੈਰੇਕਟਰ ਵਧ ਰਿਹਾ, ਜਿਸ ਨੂੰ ਆਰਟੀਫਿਸ਼ਲ (ਬਨਾਵਟੀ) ਵਲਗਰ (ਗੰਵਾਰ) ਤੇ ਗੁੰਡਾ ਗਰੋਹ ਆਖਿਆ ਜਾਂਦਾ। ਜਾਗੀਰਦਾਰੀ ਅਖਲਾਕਾਤ (ਆਚਰਣ) ਦਾ ਜ਼ਰਸੋਮਾ (ਲੋਕਾਂ ਦੇ ਲਹੂ ਵਿਚ ਵੀ ਆ ਚੁੱਕਾ। ਉਪਰੋਂ ਡਰੱਗ ਮਾਫੀਆ, ਸਿਆਸਤ ਮਾਫ਼ੀਆ, ਜਾਹਲਸਾਜ਼ੀ ਦਾ ਮਾਫ਼ੀਆ, ਜਾਹਲੀ ਜਮਹੂਰੀਅਤ, ਰੇਪ ਮਾਫੀਆ ਪੰਜਾਬ ਦੀ ਸ਼ਨਾਖਤ (ਪਛਾਣ) ਮੁੱਕ ਰਹੀ ਏ। ਤਜ਼ਾਦ (ਵਿਰੋਧ) ਵਧ ਰਹੇ ਨੇ। ਬੀਤ ਚੁੱਕਾ ਸਮਾਂ ਤਾਂ ਕਦੇ ਵੀ ਮਹਿਫ਼ੂਜ਼ (ਸੁਰੱਖਿਅਤ) ਨਹੀਂ ਸੀ। ਵਿਰਸੇ ਦੀ ਆਬਰੂ ਪੁਰਾਣੇ ਮਰਸੀਏ ਦੇ ਭਾਅ ਵਿੱਕ ਗਈ।

### ਗ਼ਜ਼ਲ/ਗੁਰਦੀਪ

ਦਰਦ ਉੱਤੇ ਮੁਸਕਰਾ ਕੇ ਵੇਖੀਏ
ਦਿਲ ਦੀ ਹਿੰਮਤ ਆਜ਼ਮਾ ਕੇ ਵੇਖੀਏ।

ਇੱਕ ਥਾਂ ਹੁੰਦੇ ਨਹੀਂ ਗ਼ਮ ਤੇ ਖੁਸ਼ੀ
ਕੱਠਿਆਂ ਨੂੰ ਘਰ ਬੁਲਾ ਕੇ ਵੇਖੀਏ।

ਲੱਭੀਏ ਕੋਈ ਗ਼ਜ਼ਲ ਜੋਗੀ ਵੀ ਜ਼ਮੀਨ
ਬੀਆਂਬਾਨਾਂ ਨੂੰ ਵਸਾ ਕੇ ਵੇਖੀਏ।

ਕੀ ਖ਼ਲਾਅ ਦੇ ਕੋਲ ਹੈ ਤੇ ਕੀ ਨਹੀਂ
ਹੋਰ ਗਹਿਰਾਈ 'ਚ ਜਾ ਕੇ ਵੇਖੀਏ।

ਆਪਣੀ ਦੌਲਤ ਦਾ ਦੇਵੇ ਕੁਝ ਹਿਸਾਬ
ਦਿਲ ਤੇ ਕੋਈ ਉਜ ਲਾ ਕੇ ਵੇਖੀਏ।

ਹੰਝੂਆਂ ਵਿਚ ਸਤਰੰਗੀ ਘੋਲੀਏ
ਗ਼ਮ ਨੂੰ ਰੰਗਾਂ ਵਿਚ ਨ੍ਹਾ ਕੇ ਵੇਖੀਏ।

ਕਿਸ ਲਿਖਣਾ ਹੈ ਸੁਨੇਹਾ ਪੀੜ ਦਾ
ਚੁੱਪ ਨੂੰ ਕਾਸਦ ਬਣਾ ਕੇ ਵੇਖੀਏ।

ਵੇਖ ਚੁੱਕੇ ਖਾਰੇ ਸਾਗਰ ਦੀ ਸਤਿਹ
ਹੁਣ ਥਲਾਂ ਨੂੰ ਝੋਲ ਪਾ ਕੇ ਵੇਖੀਏ।

ਸਿੱਖਿਆ ਦਿਲ ਕੀ ਤਜਰਬੇ ਤੋਂ ਭਲਾ
ਉਸ ਗਲੀ ਵਿਚ ਫੇਰ ਜਾ ਕੇ ਵੇਖੀਏ।

ਸੁਣੀਏ ਤਨਹਾਈ ਦੇ ਖਾਲਸ ਰਾਗ ਨੂੰ
ਚੁੱਪ ਨੂੰ ਵੀਣਾ ਬਣਾ ਕੇ ਵੇਖੀਏ।

ਰੁੱਖ ਕੁਝ ਕਹਿੰਦਾ ਹੈ ਜਾਂ ਖਾਮੋਸ਼ ਹੈ
ਰੁੱਖ ਤੋਂ ਪੰਛੀ ਉੜਾ ਕੇ ਵੇਖੀਏ।

ਡੋਈਵਾਲਾ, ਡੇਅਰਾਦੂਨ, ਯੂ.ਪੀ.।

### ਗ਼ਜ਼ਲ/ਮੱਖਣ ਕੁਹਾੜ

ਤੇਰੇ ਮੇਰੇ ਦਰਦ ਦਾ ਰਿਸ਼ਤਾ ਹੈਸੀ ਭਾਵੇਂ ਇੱਕ ਜਿਹਾ।
ਪਰ ਤੂੰ ਔਖ ਪੰਧ ਮੁਕਾਉਂਦਾ ਬਹੁਤ ਅਗੇਰੇ ਨਿਕਲ ਗਿਆ।

ਜਿਸਦੇ ਪਰਛਾਵੇਂ ਵਿੱਚ ਰਹਿਕੇ ਹੁਣ ਤਕ ਲੂਅ ਤੋਂ ਮੈਂ ਬਚਿਆ,
ਉਸ ਵਜੂਦ ਦੇ ਤੁਲ ਹੈ ਵਿਰਲਾ-ਟਾਂਵਾਂ ਕੋਈ ਹਮਸਾਇਆ।



ਬੇਸ਼ਕ ਤੂੰ ਜੋ ਰਸਤਾ ਚੁਣਿਐ, ਉਹ ਮੇਰੇ ਤੋਂ ਦੂਰ ਨਹੀਂ,
ਫਿਰ ਵੀ ਮੇਰੇ ਦਿਲ ਵਿੱਚ ਤੇਰੇ ਵਿਛੜਨ ਦਾ ਹੈ ਦਰਦ ਜਿਹਾ।

ਜ਼ਖਮੋ ਜ਼ਖਮੀਂ ਹੋ ਕੇ ਵੀ ਤੂੰ ਚੁਣੀਆਂ ਕਿਰਚਾਂ ਰਾਹਾਂ ਚੋਂ,
ਤੇਰੇ ਐਸੇ ਸਿਦਕ ਦਾ ਸਦਕਾ ਸਿਦਕ ਅਜ ਮੇਰਾ ਕਾਇਮ ਰਿਹਾ।

ਬਾਗ ਦਾ ਐਸਾ ਬੂਟਾ ਹੈ ਤੂੰ ਜੋ ਨਾ ਸੁੱਕੇ ਔੜਾਂ ਵਿੱਚ,
ਚੰਦਨ ਵਰਗੀ ਮਹਿਕ ਖਿੰਡਾਵੇ, ਪੱਤਾ ਪੱਤਾ ਸ਼ਹਿਦ ਜਿਹਾ।

ਅੱਕਣ, ਥੱਕਣ, ਥਿੜਕਣ, ਭਟਕਣ, ਤੇਰੇ ਨੇੜੇ ਨਾ ਫਟਕੇ,
ਦੁਸ਼ਮਣ ਦੇ ਲਈ ਸਹਿੰਸਾ ਹੈ ਤੂੰ, ਸੱਜਣ ਲਈ ਚਾਨਣ ਦੁਧੀਆ।

ਤੂੰ ਦਰਿਆ ਦੀ ਵਹਿੰਦੀ ਧਾਰਾ, ਪਾਰ ਕਿਨਾਰਾ ਤਾਰੂ ਦਾ,
ਤੂੰ ਮਾਂਝੀ ਦਾ ਦਿਸ਼ਾ ਸਿਤਾਰਾ, ਲੰਗਰ ਬੱਝੀ ਕਿਸ਼ਤੀ ਦਾ।

ਬਰਫੀਲੇ ਪਰਬਤ ਤੋਂ ਲਾਹ ਕੇ ਖੇਤੀਂ ਬੀਜੇ ਸੁਪਨੇ ਤੂੰ,
ਕੌਲਕਰਾਰਾਂ ਦੀ ਖੇਤੀ ਨੂੰ ਕੇਸਰ ਵਾਂਗਰ ਤੂੰ ਸਿੰਜਿਆ।

ਸੂਰਜ ਤਾਰੇ ਸ਼ਾਹਦੀ ਭਰਦੇ, ਤੇਰੇ ਵੱਖਰੇ ਚਾਨਣ ਦੀ,
ਹੀਰੇ ਮੋਤੀ ਭਰਨ ਗਵਾਹੀ, ਰਤਨ ਹੈਂ ਤੂੰ ਅਨਮੋਲ ਜਿਹਾ।

ਜਿਸਦੇ ਨਾਲ ਤੂੰ ਬੋਲ ਵਟਾਏ, ਬਣਿਆ ਤੇਰਾ ਹਮਦਮ ਉਹ,
ਜਿੱਧਰ ਵੀ ਤੂੰ ਕਦਮ ਵਧਾਏ, ਬਣਿਆਂ ਉਧਰ ਹੀ ਰਸਤਾ।

ਜੋ ਇਕ ਵਾਰੀ ਹੱਟੀ ਆਇਆ, ਬਣਿਆ ਪੱਕਾ ਗਾਹਕ ਤਿਰਾ,
ਜਿਸ ਵੀ ਪਰਖ ਕਸੌਟੀ ਪਰਖਿਆ, ਡਿੱਠਾ ਸੌਦਾ ਐਨ ਖਰਾ।

### 1. ਗ਼ਜ਼ਲ/ਮਹਾਬੀਰ ਸਿੰਘ ਦਰਦੀ

ਐਕੜਾਂ ਨੇ ਜ਼ਿੰਦਗੀ ਦੀ ਜਾਨ ਘੇਰੀ ਹੈ ਅਜੇ।
ਕਾਲਖਾਂ ਦੀ ਸਿਰ ਚੜ੍ਹੀ ਆਉਂਦੀ ਹਨੇਰੀ ਹੈ ਅਜੇ।

ਪੀੜ ਤਾਂ ਸਾਨੂੰ ਵਿਛੋੜੇ ਦੀ ਘਨੇਰੀ ਹੈ ਅਜੇ,
ਪੀੜ ਲੋਕਾਂ ਦੀ ਇਦ੍ਹੋ ਤੋਂ ਪਰ ਵਡੇਰੀ ਹੈ ਅਜੇ।

ਆਸ ਮੇਰੀ ਜ਼ੁਲਮ ਦੀ ਰਾਤੋਂ ਲਮੇਰੀ ਹੈ ਅਜੇ,
ਰੋਸ਼ਨੀ ਵਿਸ਼ਵਾਸ਼ ਦੀ ਸਾਨੂੰ ਬਥੇਰੀ ਹੈ ਅਜੇ।

ਰਾਜ ਕਰਦੀ ਬਾਗ ਵਿਚ ਪਤਝੜ੍ਹ ਲੁਟੇਰੀ ਹੈ ਅਜੇ,
ਪਹੁ-ਫੁਟਾਲਾ ਹੋਣ ਵਿਚ ਕਿੰਨੀ ਕੁ ਦੇਰੀ ਹੈ ਅਜੇ?

ਹਰ ਜਗ੍ਹਾ ਇਨਸਾਨ ਦੀ ਕੀਮਤ ਘਟਾਈ ਹੋ ਰਹੀ,
ਵੇਖਦਾਂ, ਇਨਸਾਨ ਤੋਂ ਮਾਇਆ ਉਚੇਰੀ ਹੈ ਅਜੇ।

ਕੀ ਕਰਾਂਗੇ ਚੰਨ ਦੇ ਵਸਨੀਕ ਬਣ ਕੇ ਦੋਸਤੋ
ਜ਼ਿੰਦਗੀ ਖਾਤਰ ਇਹ ਧਰਤੀ ਹੀ ਬਥੇਰੀ ਹੈ ਅਜੇ।

ਸੋਚਦਾ, ਲੋਕ-ਜੀਵਨ ਹੋਇਆ ਖੁਸ਼ਹਾਲ ਕੀ,
ਦੇਸ਼ ਮੇਰੇ ਦੀ 'ਵਿਵਸਥਾ' ਖੁਦ ਲੁਟੇਰੀ ਹੈ ਅਜੇ।

ਮੈਂ ਭਵਿੱਖ ਤੇਰੇ ਲਈ ਐ ਜਿੰਦਗੀ ! ਹਰ ਹਾਲ ਵਿਚ,
ਮੁਸ਼ਕਲਾਂ ਦੀ ਪਾਰ ਕਰਨੀ ਇਹ ਘੁੰਮਣਘੇਰੀ ਹੈ ਅਜੇ।

ਅਣਖ ਸਾਡੀ ਜਬਰ ਤੇਰੇ ਤੋਂ ਡਰੇਗੀ ਕਦ ਭਲਾ
ਦਿਲ 'ਚ ਸਾਡੇ ਹੌਂਸਲਾ, ਬਲ ਤੇ ਦਲੇਰੀ ਹੈ ਅਜੇ।

## 2. ਗ਼ਜ਼ਲ

ਜਾਪਦੈ ਸੰਸਾਰ ਤੇ ਨੇਰ੍ਹਾ ਰਹੇਗਾ ਦੇਰ ਤਕ,
ਆਦਮੀ ਹਰ ਪੀੜ ਨੂੰ ਹਾਲੇ ਸਹੇਗਾ ਦੇਰ ਤਕ।

ਚੀਰ ਅਬਲਾ ਦਾ ਹਰਨ ਕੀਤਾ ਕਿਸੇ ਬੇ ਦਰਦ ਨੇ,
ਸ਼ੋਰ ਉਸਦਾ ਖੂਨ ਮੇਰੇ ਵਿਚ ਲਹੇਗਾ ਦੇਰ ਤਕ।

ਤੁਰ ਗਿਆ ਪੁੱਤ ਡਾਲਰਾਂ ਦੇ ਲੋਭ ਵਿਚ ਪਰਦੇਸ ਨੂੰ,
ਨੀਰ ਨੈਣਾਂ 'ਚੋਂ ਬੁਢਾਪੇ ਦੇ ਵਹੇਗਾ ਦੇਰ ਤਕ।

ਹਰ ਦਿਸ਼ਾ ਮਾਨਵ ਵਿਰੋਧੀ ਖੌਲਦੈ ਤੂਫ਼ਾਨ ਜੋ
ਸਿਦਕ ਸਾਡੇ ਸੰਗ ਵੀ ਯਾਰੋ ! ਖਹੇਗਾ ਦੇਰ ਤਕ।

ਭਾਵੇਂ ਘੁੰਮਣਘੇਰ ਘਟਨਾ ਕਰਮ ਦੇ ਖੋਰਨ ਪਏ,
ਆਸ ਮੇਰੀ ਦਾ ਕਿਨਾਰਾ ਨਾ ਢਹੇਗਾ ਦੇਰ ਤਕ।

ਇਸ ਤਰ੍ਹਾਂ ਚੁਪ ਚਾਪ ਮਖਲੂਕਾਤ ਜੇ ਸੁਣਦੀ ਰਹੀ,
ਲੋਕ-ਗ਼ਮ ਦੀ ਬਾਤ ਫਿਰ 'ਦਰਦੀ' ਕਹੇਗਾ ਦੇਰ ਤਕ।

ਪਿੰਡ ਤੇ ਡਾਕਖਾਨਾ ਟਿੱਬਾ (ਕਪੂਰਥਲਾ)

## 1. ਗ਼ਜ਼ਲ/ਹਮਿੰਦਰ ਸਿੰਘ ਬੇਰੀ

ਦੂਰ ਤੋਂ ਇਕ ਨਜ਼ਰ ਦਿਸ ਜਾਂਦਾ ਕਿਨਾਰਾ ਬਹੁਤ ਸੀ,
ਡੁੱਬਦੇ ਨੂੰ ਇੱਕ ਤਿਣਕੇ ਦਾ ਸਹਾਰਾ ਬਹੁਤ ਸੀ।

ਘਰ ਨਹੀਂ ਬਣਿਆ ਮਹਿਜ਼ ਇਤਫ਼ਾਕ ਦੇ ਚੂਨੇ ਬਿਨਾਂ,
ਵੈਸੇ ਰੇਤਾ, ਬੱਜਰੀ, ਇੱਟਾਂ ਤੇ ਗਾਰਾ ਬਹੁਤ ਸੀ।

ਚੰਦ ਚਿਣਗਾਂ ਦੇ ਸਹਾਰੇ ਰੋਸ਼ਨੀ ਜ਼ਿੰਦਾ ਰਹੀ,
ਚਾਰੋਂ ਪਾਸੇ ਨੇਰ੍ਹ ਦਾ ਭਾਵੇਂ ਪਸਾਰਾ ਬਹੁਤ ਸੀ।

ਗੁਰਦਵਾਰੇ, ਮਸਜਿਦਾਂ, ਮੰਦਰਾਂ 'ਚ ਜਬਰੀ 'ਤਾੜਿਆ,
ਫਟਪਟਾਇਆ, ਤੜਪਿਆ ਰੱਬ ਤਾਂ ਵਿਚਾਰਾ ਬਹੁਤ ਸੀ।

ਰੋਸ਼ਨੀ ਦੀ ਲੱਪ ਨਾਂ ਆਉਂਦੀ ਜੇ ਹਿੱਸੇ ਨਾ ਸਹੀ,
ਕੁਝ ਪਲਾਂ ਦਾ ਚੈਨ ਹੀ ਮਿਲਦਾ ਉਧਾਰਾ, ਬਹੁਤ ਸੀ।



ਮਨ ਇਹ ਭੋਲਾ ਪਰਚ ਜਾਂਦਾ ਬੱਸ ਏਨੇ ਨਾਲ ਹੀ,
ਮਖ਼ਮਲੀ ਅੰਦਾਜ਼ ਦਾ ਇਕ ਹੋਰ ਲਾਰਾ ਬਹੁਤ ਸੀ।

ਪਿਆਰ ਦੀ ਇੱਕ ਚਿਣਗ ਬਦਲੇ ਹਉਕਿਆਂ ਦੇ ਪੂਰ ਦਾ,
ਕਰ ਲਿਆ ਸੌਦਾ ਅਸੀਂ, ਭਾਵੇਂ ਖਸਾਰਾ ਬਹੁਤ ਸੀ।

ਵੇਖਣੀ ਸੂਰਤ ਗਵਾਰਾ ਜੋ ਮੇਰੀ ਕਰਦੇ ਨਹੀਂ,
ਤੁਰ ਗਏ ਤੋਂ ਕਹਿਣਗੇ 'ਬੇਰੀ' ਪਿਆਰਾ ਬਹੁਤ ਸੀ।

## 2. ਗ਼ਜ਼ਲ

ਮਸਜਿਦ ਤੋਂ ਵੀ ਡਰ ਲਗਦਾ ਹੈ, ਮੰਦਰ ਤੋਂ ਵੀ ਡਰ ਲਗਦਾ ਹੈ
ਸੱਚ ਜੇ ਪੁੱਛੋ ਤਾਂ ਹੁਣ ਆਪਣੇ ਅੰਦਰ ਤੋਂ ਵੀ ਡਰ ਲਗਦਾ ਹੈ।

ਬਦਲੇ ਬਦਲੇ ਤਕ ਕੇ ਤੇਵਰ ਸੁੰਨ ਮਸੁੰਨੇ ਰਾਹਵਾਂ ਦੇ ਹੁਣ,
ਰਾਹਜ਼ਨ ਨਾਂ ਬਣ ਜਾਵੇ ਕਿਧਰੇ ਰਹਿਬਰ ਤੋਂ ਵੀ ਡਰ ਲਗਦਾ ਹੈ।

ਦਿਲ ਤਾਂ ਕਰਦੈ ਹੋਣ ਜ਼ਿਆਦਾ ਅੱਗੇ ਪੈਰ ਪਸਾਰਨ ਨੂੰ, ਪਰ,
ਫਟ ਨਾਂ ਜਾਵੇ ਅੱਧੋਰਾਣੀ ਚਾਦਰ ਤੋਂ ਵੀ ਡਰ ਲਗਦਾ ਹੈ।

ਉਂਜ ਤਾਂ ਮੋਹ ਆਉਂਦਾ ਹੈ ਬੇਸ਼ਕ ਲਹਿਰਾਂ ਦੀ ਗਲਵਕੜੀ ਦਾ ਵੀ,
ਡੋਬ ਨ ਦੇਵੇ ਐਪਰ ਡੂੰਘੇ ਸਾਗਰ ਤੋਂ ਵੀ ਡਰ ਲੱਗਦਾ ਹੈ।
ਮਚਲ ਰਿਹੈ ਮਨ ਭਾਵੇਂ ਉਸ ਦੇ ਪਹਿਲੂ ਅੰਦਰ ਛੁਪਣ ਲਈ, ਪਰ
ਪਹਿਲੂ ਹੀ ਸਰਕਾ ਨਾ ਦੇਵੇ, ਦਿਲਬਰ ਤੋਂ ਵੀ ਡਰ ਲਗਦਾ ਹੈ।

(ਝਿਲਮਿਲ ਦੁਪੱਟਾ ਸੈਂਟਰ, ਗਲੀ ਹਕੀਮਾਂ ਵਾਲੀ (ਮੁਕਤਸਰ)

## ਗ਼ਜ਼ਲ/ਮਹਿਮਾ ਸਿੰਘ

ਸਾਡੇ ਘਰ ਦੇ ਚਾਰ-ਚੁਫ਼ੇਰੇ ਰੁੱਖਾਂ ਦੀ ਹਰਿਆਲੀ।
ਫਿਰ ਵੀ ਗੁੰਮ ਗਈ ਹੈ ਸਾਡੇ ਸੁੱਖਾਂ ਦੀ ਹਰਿਆਲੀ।
ਸਰਵਰ ਦੇ ਵਿਚ ਮਾੜੀ ਹੁੰਦੀ ਜੰਮੀ ਹੋਈ ਜਿਲਵਿਲ,
ਮਨ-ਮੰਦਰ ਤੋਂ ਖੁਰਚ ਰਿਹਾ ਹਾਂ ਦੁੱਖਾਂ ਦੀ ਹਰਿਆਲੀ।
ਹੁਣ ਤਾਂ ਸਮਝੋ ਖਤਮ ਹੋ ਰਿਹਾ ਮਮਤਾ ਵਾਲਾ ਰਿਸ਼ਤਾ,
ਵਿਚ ਬਾਜ਼ਾਰਾਂ ਰੁਲਦੀ ਫਿਰਦੀ ਦੁੱਖਾਂ ਦੀ ਹਰਿਆਲੀ।
ਸਾਡੇ ਚੌਗਿਰਦੇ ਵਿਚ ਹੁਣ ਐਨਾ ਪ੍ਰਦੂਸ਼ਣ ਵਧਿਆ,
ਕਾਲੀ ਹੁੰਦੀ ਜਾਂਦੀ ਹੈ ਸਭ ਮੁੱਖਾਂ ਦੀ ਹਰਿਆਲੀ
ਹਥਿਆਰਾਂ ਦਾ ਸ਼ੋਰ ਬੜਾ ਹੈ ਬਸਤੀ ਵਿੱਚੋਂ ਉੱਠਦਾ,
ਸਹਿਮ ਗਈ ਹੈ ਜੰਗਲ ਵਿਚਲੇ ਰੁੱਖਾਂ ਦੀ ਹਰਿਆਲੀ।
ਬਾਰੂਦ ਅਤੇ ਧੂੰਏਂ ਤੋਂ ਇਸ ਨੂੰ ਰੱਖੋ ਯਾਰ ਬਚਾ ਕੇ,
ਚਾਹੁੰਦੇ ਹੋ ਜੇ ਮਾਸੂਮਾਂ ਦੇ ਸੁੱਖਾਂ ਦੀ ਹਰਿਆਲੀ।
ਚਾਨਣ ਦੀ ਦਾਤੀ ਦੇ ਨਾਲ ਹੀ ਇਸ ਨੇ ਕੱਟੀ ਜਾਣਾ,
ਫੈਲੀ ਹੈ ਜੋ ਅਮਰਵੇਲ ਬਣ ਭੁੱਖਾਂ ਦੀ ਹਰਿਆਲੀ।

## ਮਾਰਕਸਵਾਦ ਦੀ ਪ੍ਰਸੰਗਕਤਾ ਅਤੇ ਸਾਰਥਕਤਾ/ਜਗਰੂਪ

ਮਾਰਕਸਵਾਦ ਦੀ ਪ੍ਰਸੰਗਤਾ ਅਤੇ ਸਾਰਥਕਤਾ ਦਾ ਪ੍ਰਸ਼ਨ ਪਿਛਲੀ ਇਕ ਚੌਥਾਈ ਸਦੀ ਤੋਂ, ਸਮਾਜਵਾਦੀ ਲਹਿਰ ਦੀ ਖੜੋਤ, ਸੰਕਟ ਅਤੇ ਟੁੱਟ-ਭੱਜ ਦੇ ਨਾਲ, ਵਿਕਸਤ ਸਰਮਾਏਦਾਰੀ ਦੇ ਭੂਮੰਡਲੀਕਰਨ ਦੀਆਂ ਨੀਤੀਆਂ ਨੇ ਉਠਾਇਆ ਹੈ। 20ਵੀਂ ਸਦੀ ਵਿਚ 1970ਵਿਆਂ ਤੱਕ, ਸਮਾਜਵਾਦੀ ਤੇ ਨਵ-ਆਜ਼ਾਦ ਦੇਸ਼ਾਂ ਦੀਆਂ ਅੱਗੇ ਵਧੂ ਵਿਚਾਰਧਾਰਾਵਾਂ ਦਾ ਬੋਲਬਾਲਾ ਸੀ। ਇਸ ਸਦੀ ਦੇ ਆਖਰੀ ਦਹਾਕੇ ਵਿਚ ਸਮਾਜਵਾਦੀ ਕੈਂਪ ਨੂੰ ਲੱਗੇ ਝਟਕੇ ਨੇ ਮਾਰਕਸਵਾਦ ਦੀ ਸਾਰਥਕਤਾ ਉਪਰ ਪ੍ਰਸ਼ਨ ਚਿੰਨ੍ਹ ਲਾਇਆ ਹੈ। ਕੀ ਮਾਰਕਸਵਾਦ ਵੇਲਾ ਵਿਹਾ ਚੁੱਕੀ ਵਿਚਾਰ-ਧਾਰਾ ਹੈ? ਕੀ ਇਹ ਸਮਾਜ ਨੂੰ ਨਵੀਂ ਸੇਧ ਦੇਣ ਦੇ ਕਾਬਲ ਨਹੀਂ ਹੈ? ਕੀ ਸਮਾਜਵਾਦ ਇਕ ਸੁਪਨਾ ਸੀ?

ਬਹੁਤ ਸਾਰੇ ਮਾਰਕਸਵਾਦੀ ਰਾਜਨੀਤਕ ਆਗੂਆਂ ਵਿਚ ਵੀ ਇਸ ਪ੍ਰਤੀ ਅਜੇ ਤੱਕ ਡਾਵਾਂ-ਡੋਲਤਾ ਪਾਈ ਜਾਂਦੀ ਹੈ। ਮਾਰਕਸਵਾਦੀ ਲੇਖਕ, ਸਾਹਿਤਕਾਰ, ਖੜੋਤ ਦੇ ਸਮੇਂ ਤੋਂ ਹੀ ਹੌਲੀ-ਹੌਲੀ ਪ੍ਰਯੋਗਵਾਦੀ, ਸਰੰਚਨਾਵਾਦੀ, ਉੱਤਰ ਆਧੁਨਿਕਤਾਵਾਦੀ ਰੁਚੀਆਂ ਅੱਗੇ ਝੁਕਦੇ ਜਾਂਦੇ ਨਜ਼ਰ ਆਉਂਦੇ ਹਨ। ਸਾਹਿਤ ਵਿਚ ਸਮਾਜਵਾਦੀ, ਯਥਾਰਥਵਾਦੀ, ਅਗਾਂਹਵਧੂ ਲੇਖਕਾਂ ਦੀ ਥਾਂ, ਉਪਰੋਕਤ ਦੇ ਨਾਲ, ਦਲਿਤ ਲੇਖਕ, ਗਾਂਧੀਵਾਦੀ ਲੇਖਕ, ਮਾਨਵਵਾਦੀ ਲੇਖਕ ਆਦਿ ਪ੍ਰਗਟ ਹੋ ਰਹੇ ਹਨ।

ਇਹ ਕਹਿਣਾ ਗੈਰ ਵਾਜਬ ਹੈ ਕਿ ਮਾਰਕਸਵਾਦੀ ਸਾਹਿਤਕਾਰ, ਲੇਖਕ ਹਾਰ ਮੰਨ ਚੁੱਕੇ ਹਨ। ਪਰ ਕੱਲ੍ਹ ਤੱਕ ਜਾਣੇ ਜਾਂਦੇ ਮਾਰਕਸਵਾਦੀ ਸਾਹਿਤਕਾਰ, ਲੇਖਕ, ਆਲੋਚਕ ਡਾਵਾਂਡੋਲ ਹੋਏ ਮਿਲਦੇ ਹਨ। ਉਹ ਦੋ ਬੇੜੀਆਂ ਦੇ ਸਵਾਰਾਂ ਵਾਂਗ ਵਿਹਾਰ ਕਰਦੇ ਹਨ। ਇਸ ਤੋਂ ਉਲਟ ਕੁੱਝ ਅਜਿਹੇ ਵੀ ਹਨ ਜੋ ਦਲੀਲ ਦੇ ਤੌਰ ਤੇ ਉੱਤਰ ਦੇਣ ਦੇ ਕਾਬਲ ਨਾ ਹੁੰਦੇ ਹੋਏ ਵੀ, ਕੱਟੜਤਾ ਨਾਲ ਸਮਾਜਵਾਦੀ ਸਾਹਿਤਕਾਰ ਰਹਿਣਾਂ ਚਾਹ ਰਹੇ ਹਨ। ਉਹਨਾਂ ਦਾ ਵਿਸ਼ਵਾਸ ਹੈ ਸਮਾਜਵਾਦ ਹੀ ਠੀਕ ਭਵਿੱਖ ਹੈ।

ਮਸਲੇ ਦੀਆਂ ਜੜ੍ਹਾਂ ਸਿਧਾਂਤ ਵਿਚ ਹਨ। ਕੱਟੜਤਾ ਅਤੇ ਨਿਰਾਂ ਵਿਸ਼ਵਾਸ ਮਸਲੇ ਨੂੰ ਹੋਰ ਗੰਧਲਾ ਕਰਦੇ ਹਨ। ਵਿਰੋਧੀਆਂ ਨੂੰ ਹਮਲੇ ਕਰਨ ਲਈ ਥਾਂ ਮਿਲਦੀ ਹੈ। ਸਿਧਾਂਤ ਉੱਪਰ ਸ਼ੱਕ ਦੇ ਬੱਦਲ ਗਹਿਰੇ ਹੁੰਦੇ ਹਨ। ਮਾਰਕਸਵਾਦੀ ਗਿਆਨ ਤੋਂ ਭੱਜਣ ਲਈ ਬਹਾਨੇ ਬਣਦੇ ਹਨ। ਕਈਆਂ ਨੇ ਮਾਰਕਸਵਾਦ ਵਿਰੁੱਧ ਬਿੱਠ ਕਰਕੇ ਰੂੜੀ ਲਾ ਛੱਡੀ ਹੈ।

ਹਾਲਤਾਂ ਦੀ ਗੰਭੀਰਤਾ ਕੁਝ ਇਸ ਤਰ੍ਹਾਂ ਹੈ: ਪੰਜਾਬੀ ਦਾ ਨਾਮਵਰ ਲੇਖਕ ਅਤੇ ਮਾਰਕਸਵਾਦੀ ਆਲੋਚਕ ਡਾ. ਕੇਸਰ ਸਿੰਘ ਕੇਸਰ ਆਪਣੇ ਤਾਜ਼ਾ-ਤਰੀਨ ਪਰਚੇ ਵਿਚ ਲਿਖਦਾ ਹੈ: 'ਅੱਜ ਦਾ ਸਾਹਿਤਕਾਰ ਇਕ ਪ੍ਰਕਾਰ ਦੇ ਖਲਾਅ ਵਿਚ ਭਟਕ ਰਿਹਾ ਹੈ। ਨਾ ਕਿਸੇ ਸਮਾਜਕ ਇਨਕਲਾਬ ਦੀ ਉੱਭਰਵੀਂ ਸਥਿਤੀ ਹੈ ਤੇ ਨਾ ਹੀ ਕਿਸੇ ਸ਼ਕਤੀਸ਼ਾਲੀ ਸਿਆਸੀ ਵਿਚਾਰਧਾਰਾ ਦਾ ਬੋਲਬਾਲਾ ਹੈ। ਹਰ ਪ੍ਰਕਾਰ ਦੇ ਨੈਤਿਕ ਮੁੱਲ ਬੇ-ਅਰਥ ਤੇ ਅਪ੍ਰਸੰਗਕ ਹੁੰਦੇ ਜਾ ਰਹੇ ਹਨ, ਹਿੰਸਾ ਜਾਇਜ਼ ਹੋ ਗਈ ਹੈ, ਮਾਨਵੀ ਦੁੱਖ ਦਰਦ ਪ੍ਰਤੀ ਉਦਾਸੀਨਤਾ ਤੇ ਲਾਪ੍ਰਵਾਹੀ ਵੱਧ ਰਹੀ ਹੈ।



ਕਈ ਵਾਰ ਮਨ ਵਿਚ ਅਜਿਹੇ ਪ੍ਰਸ਼ਨ ਆਉਂਦੇ ਹਨ ਕਿ ਜੇ ਭਵਿੱਖ ਦੀ ਸੰਭਾਵਨਾ ਹੀ ਨਹੀਂ, ਜੇ ਇਤਿਹਾਸ ਦਾ ਅੰਤ ਆ ਗਿਆ ਹੈ ਤੇ ਜੇ ਵਿਚਾਰਧਾਰਾਵਾਂ ਉੱਡ-ਪੁੱਡ ਗਈਆਂ ਹਨ ਤਾਂ ਕੀ ਮਨੁੱਖ ਜਿਉਂਦਾ ਹੈ?"

ਉਹ ਹੋਰ ਅੱਗੇ ਲਿਖਦਾ ਹੈ—......"ਪੰਜਾਬੀ ਸਾਹਿਤ ਸਮੀਖਿਆ ਤੋਂ ਮੁਲੰਕਣ ਵਿਧੀ ਵਿਚਾਰਧਾਰਾ ਵਿਹੀਣ ਹੋ ਕੇ ਬੁਰੀ ਤਰ੍ਹਾਂ ਵੀਰਾਨ ਹੋ ਚੁੱਕੀ ਹੈ। ਵਿਚਾਰਧਾਰਾ ਦਾ ਬਦਲ ਬਣ ਗਿਆ ਹੈ ਅਨੇਕਤਾਵਾਦ, ਵਿਖੰਡਨਵਾਦ ਤੇ ਉਤਰ ਸੰਰਚਨਾਵਾਦ। ਇਨ੍ਹਾਂ ਸਭਨਾਂ ਲਈ ਇਕ ਸਾਂਝਾ ਸੰਕੇਤ,ਸੰਕਲਪ ਪ੍ਰਚਲਤ ਕੀਤਾ ਜਾ ਰਿਹਾ ਹੈ, ਉੱਤਰ ਆਧੁਨਿਕਤਾਵਾਦ ਜੋ ਕਿ ਆਧੁਨਿਕ-ਤਾਵਾਦੀ ਪ੍ਰਗਤੀਸ਼ੀਲਤਾ, ਤਰਕਸ਼ੀਲਤਾ ਤੇ ਏਕਤਾਵਾਦ ਦੇ ਵਿਖੰਡਨ ਦਾ ਹੀ ਨਾਂ ਹੈ। ਪਰ ਉੱਤਰ-ਆਧੁਨਿਕਤਾਵਾਦੀ ਦਰਸ਼ਨ ਸਾਹਿਤ ਦੀ ਵਿਆਖਿਆ ਦੀ ਵਿਧੀ ਹੈ, ਮੁਲੰਕਣ ਦੀ ਨਹੀਂ ਕਿਉਂਕਿ ਤਬਦੀਲੀ ਦੀ ਸੰਭਾਵਨਾ ਤੇ ਭਵਿੱਖ ਦੀ ਦਿਸ਼ਾ ਦੀ ਸੋਝੀ ਤੋਂ ਬਿਨਾਂ ਮੁਲੰਕਣ ਹੋ ਹੀ ਨਹੀਂ ਸਕਦਾ। ਜੇ ਵਰਤਮਾਨ ਦਾ ਕੋਈ ਵਿਕਲਪ ਹੀ ਨਹੀਂ ਤਾਂ ਮੁਲੰਕਣ ਕਿਸ ਆਧਾਰ ਉੱਤੇ। ਭੂਮੰਡਲੀ ਵਿਕਸਤ ਪੂੰਜੀਵਾਦ ਤੋਂ ਅੱਗੇ 'ਰਾਮ ਨਾਮ ਸਤਿ' ਹੈ।"

ਸਾਡਾ ਇਹ ਮਾਰਕਸਵਾਦੀ ਆਲੋਚਕ ਕੇਵਲ ਹਾਲਤਾਂ ਦੀ ਵਿਆਖਿਆ ਕਰਦਾ ਹੈ। ਵਿਆਖਿਆ ਕਿੰਨੀ ਵੀ ਮੁਕੰਮਲ ਕਿਉਂ ਨਾ ਹੋਵੇ ਉਹ ਵਿਆਖਿਆ ਹੀ ਰਹਿੰਦੀ ਹੈ। ਮਾਰਕਸਵਾਦੀ ਕੇਵਲ ਵਿਆਖਿਆ ਨਾਲ ਨਹੀਂ ਬਣਿਆ ਜਾ ਸਕਦਾ। ਮਾਰਕਸਵਾਦੀ ਅੱਗੇ ਹਾਲਤਾਂ (ਸੰਸਾਰ) ਨੂੰ ਬਦਲਣ ਦਾ ਸਵਾਲ ਹੁੰਦਾ ਹੈ। ਉਹ ਬੜੀ ਹੁਸ਼ਿਆਰੀ ਨਾਲ ਲੁਕੇ ਰਹਿੰਦਿਆਂ ਵੀ ਆਪਣੀ ਸਥਿਤੀ ਉਜਾਗਰ ਕਰ ਜਾਂਦਾ ਹੈ ਕਿ ਉਸਦੀ ਆਲੋਚਨਾ ਦਾ ਆਧਾਰ ਮਾਰਕਸਵਾਦੀ ਤੋਂ ਯੂ. ਐਨ. ਓ. ਵਾਦੀ ਹੋ ਨਿਬੜਦਾ ਹੈ। ਉਹ ਲਿਖਦੇ: "ਯੂ. ਐਨ. ਓ. ਦੀ 'ਮਾਨਵੀ ਵਿਕਾਸ ਰਿਪੋਰਟ' ਅਨੁਸਾਰ ਇਹ ਵਿਕਾਸ ਬੇਕਿਰਕ (ruthless) ਜੜ੍ਹਹੀਣ (**rootless**) ਰੁਜ਼ਗਾਰ-[illegible] (**Jobless**) ਬੋਲਰਹਿਤ (vioceless) ਤੇ ਭਵਿੱਖਹੀਨ **futureless**) ਹੈ।"

ਰਹਿੰਦੀ-ਖੂੰਹਦੀ ਕਸਰ ਉਹ ਆਪਣੇ ਪਰਚੇ ਦੇ ਆਖਰੀ ਪਹਿਰੇ ਵਿਚ ਪ੍ਰਤੀਰੋਧ ਦੀਆ ਦੋ ਸੰਭਾਵਨਾਵਾਂ ਦਰਸਾ ਕੇ ਕੱਢ ਦਿੰਦਾ ਹੈ। ਇਕ ਸੰਭਾਵਨਾ ਇਹ ਹੈ ਕਿ ਇਹ ਪ੍ਰਤੀਰੋਧ ਸਮਕਾਲੀ ਸਥਿਤੀਆਂ ਅੱਗੇ ਗੋਡੇ ਟੇਕ ਦੇਵੇ, ਦੂਜੀ ਸੰਭਾਵਨਾ ਭੂਮੰਡਲੀਕਰਨ ਤੇ ਖੇਤਰੀ ਸਭਿਆਚਾਰਾਂ ਦੇ ਤਿੱਖੇ ਸੰਵਾਦ ਵਿਚੋਂ ਨਵੀਂ ਇਨਕਲਾਬੀ ਸਥਿਤੀ ਦੇ ਪੈਦਾ ਹੋਣ ਦੀ ਹੈ। ਪੰਜਾਬੀ ਦਾ ਸਾਹਿਤਕ ਪ੍ਰਵਚਨ ਇਸ ਵੇਲੇ ਧੀਮੇ ਸੰਵਾਦ ਦੀ ਸਥਿਤੀ ਵਿਚ ਹੈ। ਆਉਣ ਵਾਲੇ ਸਮੇਂ ਵਿਚ ਇਹ ਦੋਵਾਂ ਵਿਚੋਂ ਕੋਈ ਵੀ ਦਿਸ਼ਾ ਅਖਤਿਆਰ ਕਰ ਸਕਦਾ ਹੈ।"

ਉਪਰੋਕਤ ਤੋਂ ਇਹ ਮਤਲਬ ਹਰਗਿਜ਼ ਨਹੀਂ ਹੈ ਕਿ ਡਾ. ਕੇਸਰ ਦੀ ਤਰ੍ਹਾਂ ਹਰ ਮਾਰਕਸ-ਵਾਦੀ ਸਾਹਿਤਕਾਰ, ਲੇਖਕ ਨੇ ਸਰਮਾਏਦਾਰੀ ਵਲੋਂ ਪ੍ਰਚਾਰੇ ਜਾਂਦੇ 'ਭਵਿੱਖਹੀਣ' ਅਤੇ 'ਰੁਜ਼ਗਾਰ ਰਹਿਤ' ਵਿਕਾਸ ਦੀ ਸਥਿਤੀ ਪ੍ਰਵਾਨ ਕਰ ਲਈ ਹੈ।

ਮਾਰਕਸਵਾਦ ਦੀ ਸਾਰਥਕਤਾ ਵਿਚਾਰਨ ਲਈ ਆਓ ਪਹਿਲਾਂ ਮਾਰਕਸਵਾਦ ਦੇ ਵਿਹੜੇ ਹੋ ਲਈਏ, ਮਾਰਕਸ ਸਰਮਾਏਦਾਰੀ ਬਾਰੇ ਕਹਿੰਦਾ ਕੀ ਹੈ? ਤਾਂ ਕਿ ਪਤਾ ਲਗ ਸਕੇ ਕਿ ਮਾਰਕਸਵਾਦ ਵਿਰੁੱਧ ਬਿੱਠ ਕਰਕੇ ਰੂੜੀ ਲਾਉਣ ਵਾਲੇ ਭਲਵਾਨਾਂ ਵਿਚ ਦਮ ਕਿੰਨਾ ਕੁ ਹੈ।

## ਮਾਰਕਸ ਦੀ ਆਮਦ

ਪਾਰ ਸਵਾਦ, ਮਾਰਕਸ ਤੇ ਏਗਲਜ ਦੇ ਵਿਚਾਰਾਂ, ਸਿਧਾਂਤਾਂ ਅਤੇ ਸਿੱਖਿਆਵਾਂ ਦਾ ਨਾਮ ਦੁਨੀਆਂ ਨੂੰ ਜਾਣਨ ਬਦਲਣ ਲਈ ਵਿਗਿਆਨਕ ਸੰਸਾਰ ਦ੍ਰਿਸ਼ਟੀਕੋਣ ਹੈ।

ਮਾਰਕਸ (1818 ਤੋਂ 1883) ਇਕ ਵਕੀਲ ਦਾ ਪੁੱਤਰ ਸੀ। ਜਰਮਨੀ ਦੇ ਸ਼ਹਿਰ ਤ੍ਰੇਵ ਵਿਚ ਜਨਮਿਆ। ਜਿਸ ਨੇ ਕਾਨੂੰਨ ਦੀ ਪੜ੍ਹਾਈ ਕੀਤੀ। ਹਿਸਾਬ ਵਿਚ ਰੁਚੀ ਰੱਖੀ, ਇਤਿਹਾਸ ਅਤੇ ਫਲਸਫੇ ਵਿਚ ਨਿਪੁੰਨਤਾ ਹਾਸਲ ਕੀਤੀ। 1841 ਵਿਚ ਐਪੀਕਿਊਰਸ ਦੇ ਫਲਸਫੇ ਬਾਰੇ ਡਾਕਟਰੀ ਲਈ ਥੀਸਿਸ ਪੇਸ਼ ਕਰਨ ਨਾਲ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕੀਤੀ। ਉਹ ਪ੍ਰੋਫੈਸਰ ਬਣਨਾ ਚਾਹੁੰਦਾ ਸੀ। ਹਾਲਾਤ ਅਤੇ ਉਸ ਦੀ ਪ੍ਰਤਿਭਾ ਨੇ ਮੇਲ ਨਾ ਖਾਧਾ, ਉਸ ਨੇ ਇਹ ਵਿਚਾਰ ਛੱਡ ਦਿੱਤਾ।

ਜਰਮਨੀ ਵਿਚ ਇਸ ਸਮੇਂ ਤੱਕ ਫਿਲਾਸਫਰ ਹੀਗਲ (1770 ਤੋਂ 1831) ਦੇ ਫਲਸਫੇ ਦੀ ਚੜ੍ਹਤ ਸੀ। ਉਸ ਅਨੁਸਾਰ "ਨਿਰਪੇਖ ਵਿਚਾਰ" ਵਿਸ਼ਵ ਵਿਆਪੀ ਤਰਕ ਹਰ ਵਸਤੂ ਦੀ ਨੀਂਹ ਹੈ। "ਨਿਰਪੇਖ ਵਿਚਾਰ" ਹਰ ਵਸਤੂ ਦੀ ਰਚਨਾ ਕਰਦਾ ਹੈ ਅਤੇ ਵਿਕਾਸ ਕਰਦਾ-ਕਰਦਾ ਅੰਤ ਵਿਚ "ਆਤਮ-ਗਿਆਨ" ਪ੍ਰਾਪਤ ਕਰ ਲੈਂਦਾ ਹੈ। ਉਹ ਭੌਤਿਕ ਜਗਤ ਤੇ ਪ੍ਰਕਿਰਤੀ ਨੂੰ ਦੂਜਾ ਸਰੂਪ ਮੰਨਦਾ ਸੀ। ਕੁਦਰਤ, ਆਤਮਾ ਦੀ ਦੂਜੀ ਹੋਂਦ ਹੈ। ਹੀਗਲ ਆਪਣੇ ਤਰਕ ਵਿਚ ਆਦਰਸ਼ਵਾਦ ਨੂੰ ਸਿਖਰਾਂ ਤੱਕ ਲੈ ਗਿਆ। ਜਿਥੇ ਲੁਕੀ ਹੋਈ ਸ਼ਕਲ ਵਿਚ ਰੱਬ ਰਾਹੀਂ ਦੁਨੀਆਂ ਦੇ ਧਾਰਮਕ ਵਿਚਾਰ ਨੂੰ ਹੀ ਪੇਸ਼ ਕੀਤਾ।

ਫਲਸਫੇ ਦੇ ਇਤਿਹਾਸ ਵਿਚ ਪਹਿਲੀ ਵਾਰ ਹੀਗਲ ਨੇ ਵਿਰੋਧ-ਵਿਕਾਸ ਦੇ ਨੇਮਾਂ ਅਤੇ ਪ੍ਰਵਰਗਾਂ ਨੂੰ ਸੂਤਰ-ਬੱਧ ਕੀਤਾ। ਹੀਗਲ ਵਿਰੋਧ-ਵਿਕਾਸ ਨੂੰ ਖਾਲਸ ਸੋਚ ਵਿਚ ਵਾਪਰ ਰਹੇ ਸੰਕਲਪਾਂ ਤੇ ਲਾਗੂ ਕਰਦਾ ਸੀ-ਕੁਦਰਤ ਤੇ ਨਹੀਂ।

ਹੀਗਲ ਦੇ ਫ਼ਲਸਫੇ ਵਿਚ ਵਿਚਾਰਵਾਦੀ ਸੋਚ-ਪ੍ਰਣਾਲੀ ਅਤੇ ਵਿਰੋਧ-ਵਿਕਾਸੀ ਢੰਗ ਦੀ ਵਿਰੋਧਤਾਈ ਕਾਇਮ ਰਹੀ। ਹੀਗਲਵਾਦੀਆਂ ਵਿਚ ਸੰਘਰਸ਼ ਚਲ ਰਿਹਾ ਸੀ। ਖੱਬੇ-ਪੱਖੀ ਹੀਗਲਵਾਦੀ ਉਸਦੇ ਫਲਸਫੇ ਵਿਚੋਂ ਨਾਸਤਕਤਾ ਵਾਲੇ ਸਿੱਟੇ ਕੱਢਦੇ ਸਨ।

ਫ਼ਾਇਰਬਾਖ (1804-1872) ਖੱਬੇ ਪੱਖੀ ਹੀਗਲਵਾਦੀਆਂ ਵਿਚੋਂ ਸੀ। ਉਸਨੇ 1836 ਵਿਚ ਧਰਮ ਵਿਦਿਆ ਦੀ ਆਲੋਚਨਾ ਕਰਨੀ ਸ਼ੁਰੂ ਕਰਕੇ ਮੋੜ ਕੱਟਿਆ। ਇਹ 17ਵੀਂ ਅਤੇ 18ਵੀਂ ਸਦੀ ਦੇ ਦਬਾ ਦਿੱਤੇ ਗਏ ਪਦਾਰਥਵਾਦ ਵਲ ਫਾਇਰਬਾਖ ਦਾ ਮੋੜ ਸੀ। ਉਸ ਦੀਆਂ ਰਚਨਾਵਾਂ ਨੇ 5 ਕੁ ਸਾਲ ਦੇ ਸਮੇਂ ਵਿਚ 1841 ਤੱਕ ਫਲਸਫੇ ਵਿਚ ਉਸ ਦਾ ਹੱਥ ਉੱਪਰ ਲੈ ਆਂਦਾ। ਖੱਬੇ-ਪੱਖੀ ਹੀਗਲਵਾਦੀ ਛੇਤੀ-ਛੇਤੀ ਫਾਇਰਬਾਖਵਾਦੀ ਪਦਾਰਥਵਾਦੀ ਹੋ ਗਏ। ਜਿਥੇ ਵਿਚਾਰਵਾਦੀ ਫਲਸਫੇ ਹੀਗਲ ਦੇ ਫਲਸਫੇ ਵਿਚ ਵਿਚਾਰ ਨੂੰ ਪਹਿਲੀ ਥਾਂ ਹਾਸਲ ਸੀ, ਵਿਚਾਰ ਨੇ, ਰੱਬ ਨੇ ਦੁਨੀਆਂ ਦੀ ਰਚਨਾ ਕੀਤੀ ਸੀ ਉਥੇ ਪਦਾਰਥਵਾਦੀ ਫਲਸਫੇ ਵਿਚ ਪਹਿਲੀ ਥਾਂ ਪਦਾਰਥ ਨੂੰ ਪ੍ਰਾਪਤ ਹੋਈ। ਉਹ ਪਦਾਰਥ ਨੂੰ ਪ੍ਰਮੁੱਖ ਮੰਨਦਿਆਂ, ਸੰਸਾਰ ਦੀ (ਗਿਆਨ) ਇੰਦਰੀਆਂ ਤੇ ਸੋਚ ਦੁਆਰਾ ਜਾਣੇ ਜਾ ਸਕਣ ਦੀ ਯੋਗਤਾ ਦਾ ਵਿਸ਼ਵਾਸੀ ਸੀ। ਉਸ ਕਿਹਾ, "ਪ੍ਰਕਿਰਤੀ ਦਾ ਅੰਗ ਹੋਣ ਦੇ ਨਾਤੇ, ਦਰਸ਼ਨ ਦਾ ਮੁੱਖ ਵਿਸ਼ਾ ਆਦਮੀ ਹੋਣਾ ਚਾਹੀਦਾ ਹੈ। ਆਦਮੀ-ਸਰੀਰ ਤੇ ਦਿਮਾਗ ਦੀ ਕਿਰਿਆ, ਜੋ ਚੇਤਨਤਾ ਨੂੰ ਜਨਮ ਦਿੰਦੀ ਹੈ ਤੇ ਨਾਲ ਹੀ ਭੌਤਿਕ



ਤੇ ਆਤਮਕ ਤੱਤਾਂ ਦੀ ਏਕਤਾ ਦੀ ਪ੍ਰਤੀਨਿਧਤਾ ਕਰਦਾ ਹੈ।" ਉਸ ਨੇ ਧਰਮ ਵਿਦਿਆ ਦੇ ਪਰਖਚੇ ਉਡਾਏ ਤੇ ਨਾਸਤਕਤਾ ਦਾ ਝੰਡਾ ਉਚਾ ਕੀਤਾ। ਵਿਚਾਰਵਾਦ-ਵਿਰੋਧੀ ਘੋਲ ਵਿਚ ਉਹ ਏਨਾ ਅੱਗੇ ਚਲਾ ਗਿਆ ਕਿ ਉਸਨੇ ਹੀਗਲ ਦੇ ਫਲਸਫੇ ਦੇ ਆਦਰਸ਼ਵਾਦ ਨਾਲ ਉਸਦੀ ਬਹੁਮੁੱਲੀ ਦੇਣ ਵਿਰੋਧ-ਵਿਕਾਸ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੱਤਾ। ਸਿੱਟੇ ਵਜੋਂ ਫ਼ਾਇਰਬਾਖ ਦਾ ਪਦਾਰਥ-ਵਾਦ ਅਧਿਆਤਮਕਵਾਦ ਦੀਆਂ ਵਲਗਣਾਂ ਨਾ ਉਲੰਘ ਸਕਿਆ।

ਇਸੇ ਹੀ ਸਮੇਂ ਮਾਰਕਸ (ਜਿਸ ਨੇ ਸਕੂਲ ਛੱਡਣ ਸਮੇਂ ਕਿੱਤੇ ਦੀ ਚੋਣ ਸਬੰਧੀ ਲੇਖ ਵਿਚ ਕਿਹਾ, "ਇਤਿਹਾਸ ਉਹਨਾਂ ਨੂੰ ਸਭ ਤੋਂ ਮਹਾਨ ਮਨੁੱਖ ਆਖਦਾ ਹੈ ਜਿਨ੍ਹਾਂ ਨੇ ਸਾਂਝੇ ਭਲੇ ਲਈ ਕੰਮ ਕਰਕੇ ਆਪਣੇ ਆਪ ਨੂੰ ਉਚਿਆ ਲਿਆ ਹੋਵੇ। ਤਜਰਬਾ ਉਹਨਾਂ ਨੂੰ ਸਭ ਤੋਂ ਖੁਸ਼ ਮਨੁੱਖ ਦਸਦਾ ਹੈ ਜਿਨ੍ਹਾਂ ਨੇ ਸਭ ਤੋਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਖੁਸ਼ੀ ਦਿੱਤੀ ਹੋਵੇ।" ਸੱਜੇ-ਪੱਖੀ ਹੀਗਲਵਾਦੀਆਂ (ਜੋ ਫਲਸਫੇ ਦੇ ਮੁਕਾਬਲੇ ਧਰਮ ਨੂੰ ਸ੍ਰੇਸ਼ਠ ਸਿਧ ਕਰਦੇ ਹਨ) ਵਿਰੁੱਧ ਘੋਲ ਵਿਚ ਖੱਬੇ-ਪੱਖੀ ਹੀਗਲਵਾਦ ਤੋਂ (ਫਾਇਰਬਾਖਵਾਦੀ) ਪਦਾਰਥਵਾਦੀ ਅਤੇ ਦਰਸ਼ਨ ਦੇ ਸ੍ਰੇਸ਼ਠ ਅਧਿਕਾਰ ਦਾ ਝੰਡਾ ਬਰਦਾਰ ਬਣਦਾ ਹੈ। ਦਰਸ਼ਨ, ਜਿੰਨਾ ਚਿਰ ਲਹੂ ਦਾ ਇਕ ਕਤਰਾ ਵੀ, ਇਸ ਦੇ ਸੰਸਾਰ ਨੂੰ ਜਿੱਤਣ ਵਾਲੇ ਅਤੇ ਉੱਕਾ ਹੀ ਸੁਤੰਤਰ ਦਿਲ ਵਿਚ ਬਾਕੀ ਹੈ, ਐਪੀਕਿਊਰਸ ਦੀ ਉਚੀ ਆਵਾਜ਼ ਨਾਲ ਆਪਣੇ ਵਿਰੋਧੀਆਂ ਨੂੰ ਜਵਾਬ ਦੇਣੋਂ ਕਦੇ ਨਹੀਂ ਕਰੇਗਾ 'ਅਜਿਹਾ ਮਨੁੱਖ ਉਨ੍ਹਾਂ ਦੇਵਤਿਆਂ ਤੋਂ ਇਨਕਾਰੀ ਹੈ ਜਿਨ੍ਹਾਂ ਦੀ ਬਹੁਗਿਣਤੀ ਪੂਜਾ ਕਰਦੀ ਹੈ, ਉਹ ਨਹੀਂ, ਸਗੋਂ ਉਹ ਮਨੁੱਖ ਸਚਮੁੱਚ ਹੀ ਅਪਵਿੱਤਰ ਹੈ ਜਿਹੜਾ ਦੇਵਤਿਆਂ ਦੀ ਪੁਸ਼ਟੀ ਕਰਦਾ ਹੈ ਜਿਨ੍ਹਾਂ ਵਿਚ ਭੀੜ ਵਿਸ਼ਵਾਸ ਕਰਦੀ ਹੈ।'

ਉਹ ਮਾਰਕਸ ਤੋਂ ਮਾਰਕਸਵਾਦੀ ਬਣਨ ਵੱਲ ਵਧ ਰਿਹਾ ਸੀ। ਕਿਸੇ ਚਮਤਕਾਰ ਰਾਹੀਂ ਨਹੀਂ ਬਲਕਿ ਆਪਣੀ ਪ੍ਰਤਿਭਾ, ਮਿਹਨਤ, ਬੇਕਿਰਕ ਆਲੋਚਨਾ, ਨਿਡਰਤਾ ਦੇ ਰਸਤੇ।

## ਕੇਵਲ ਵਿਆਖਿਆ ਹੀ ਕਾਫੀ ਨਹੀਂ

ਅਗਿਆਤ ਨੌਜਵਾਨ ਵਿਦਵਾਨ ਮਾਰਕਸ ਬਾਰੇ, ਇਸੇ ਰਸਤੇ ਅਗੇ ਵਧ ਰਹੇ ਸਮਾਜਵਾਦ ਦੇ ਪ੍ਰਚਾਰ ਲੇਖਕ ਤੇ ਫਿਲਾਸਫਰ-ਮੋਜ਼ੇਜ਼ ਹੇਸ ਦੀ ਆਪਣੇ ਮਿੱਤਰ ਫਲਾਸਫਰ ਅਵੇਰਬਾਖ ਨੂੰ 2 ਸਤੰਬਰ 1841 ਨੂੰ ਲਿਖੀ ਚਿੱਠੀ, ਬਹੁਤ ਕੁਝ ਸਪਸ਼ਟ ਕਰ ਦਿੰਦੀ ਹੈ। ਉਸ ਲਿਖਿਆ : "ਇਥੇ ਤੂੰ ਇਕ ਬੰਦੇ ਨਾਲ ਜਾਣ-ਪਛਾਣ ਕਰਕੇ ਖੁਸ਼ ਹੋਵੇਂਗਾ,......ਉਹ ਬੋਨ ਵਿਚ ਰਹਿੰਦਾ ਹੈ। ਉਹ ਛੇਤੀ ਪੜ੍ਹਾਉਣ ਲਗੇਗਾ। ਤੈਨੂੰ ਸਭ ਤੋਂ ਵੱਡੇ, ਸ਼ਾਇਦ ਇਕੋ ਇਕ ਅਸਲੀ ਜਿਉਂਦੇ ਦਰਸ਼ਨਵੇਤਾ ਨਾਲ ਜਾਣ-ਪਛਾਣ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ। ਜਿਹੜਾ ਛੇਤੀ ਹੀ ਜਦੋਂ ਉਹ ਜਨਤਾ ਸਾਹਮਣੇ ਆ ਗਿਆ [ਛਪਕੇ ਜਾਂ ਮੰਚ ਤੋਂ] ਜਰਮਨੀ ਦੀਆਂ ਨਜ਼ਰਾਂ ਨੂੰ ਆਪਣੇ ਵੱਲ ਖਿੱਚ ਲਵੇਗਾ। ਆਪਣੀ ਪ੍ਰਵਿਰਤੀ ਅਤੇ ਆਪਣੀ ਦਾਰਸ਼ਨਿਕ ਵਿਦਿਆ, ਦੋਹਾਂ ਦੇ ਪੱਖੋਂ ਉਹ ਕੇਵਲ ਸ਼ਟਰਾਊਸ ਤੋਂ ਹੀ ਨਹੀਂ ਸਗੋਂ ਫਾਇਰਬਾਖ ਤੋਂ ਵੀ ਸ੍ਰੇਸ਼ਠ ਹੈ ਅਤੇ ਪਿਛਲੇਰੀ ਗੱਲ ਦਾ ਬਹੁਤ ਵੱਡਾ ਅਰਥ ਹੈ।"

"...ਡਾਕਟਰ ਮਾਰਕਸ, ਜਿਵੇਂ ਮੇਰੇ ਇਸ਼ਟ ਨੂੰ ਆਖਿਆ ਜਾਂਦਾ ਹੈ, ਹਾਲੇ ਬਹੁਤ ਨੌਜਵਾਨ ਹੈ [ਵਧ ਤੋਂ ਵਧ 24 ਸਾਲ ਦਾ] ਜਿਹੜਾ ਮਧ ਕਾਲੀਨ ਦਰਸ਼ਨ ਨੂੰ ਅਤੇ ਰਾਜਨੀਤੀ ਨੂੰ ਆਖਰੀ ਸੱਟ ਮਾਰੇਗਾ। ਉਹ ਅਤਿਅੰਤ ਤਿੱਖੀ ਮਸ਼ਕਰੀ ਅਤੇ ਅਤਿ ਦੀ ਗੂੜ੍ਹ ਦਾਰਸ਼ਨਿਕ ਪਕੜ ਦਾ ਜੋੜ

ਹੈ। ਕਲਪਨਾ ਕਰੋ ਕਿ ਰੂਸੋ, ਵਾਲਟੇਅਰ, ਹੋਲਬਾਖ, ਲੇਸਿੰਗ, ਹਾਈਨੇ ਅਤੇ ਹੀਗਲ ਇਕੋ ਵਿਅਕਤੀ ਵਿਚ ਇਕਮਿਕ ਹੋ ਗਏ ਹਨ। ਮੈਂ ਇਕਮਿਕ ਹੋ ਗਏ ਆਖਿਆ ਹੈ, ਖਲਤ-ਮਲਤ ਹੋ ਗਏ ਨਹੀਂ ਤੇ ਤੁਹਾਡੇ ਸਾਹਮਣੇ ਹੈ ਡਾਕਟਰ ਮਾਰਕਸ।"

ਮਾਰਕਸ ਨੇ ਫਾਇਰਬਾਖ ਦੇ ਪਦਾਰਥਵਾਦੀ ਦਰਸ਼ਨ ਦੀਆਂ ਕਮੀਆਂ ਨੂੰ ਖੋਜ ਲਿਆ। ਇਕ ਇਹ ਮਕੈਨੀਕਲ ਹੈ। ਦੂਜਾ ਗੈਰ-ਇਤਿਹਾਸਕ ਤੇ ਗੈਰ ਵਿਰੋਧ-ਵਿਕਾਸੀ ਹੋਣ ਕਰਕੇ ਅਧਿਆਤਮਵਾਦੀ ਹੈ। ਮਾਨਵੀ ਤੱਤ ਨੂੰ ਸਮਾਜਕ ਸਬੰਧਾਂ ਦੇ ਤਾਣੇ-ਪੇਟੇ ਤੋਂ ਵੱਧ ਭਾਵਵਾਚੀ ਰੂਪ ਵਿਚ ਲੈਂਦਾ ਹੈ। ਇਹ ਸੰਸਾਰ ਦੇ "ਅਰਥ ਹੀ ਕੱਢਦਾ ਹੈ ਜਦੋਂਕਿ ਮਾਮਲਾ ਇਸ ਨੂੰ ਬਦਲਣ ਦਾ ਹੈ।"

ਮਾਰਕਸ ਤੇ ਏਂਗਲਜ ਨੇ ਹੀਗਲ ਦੇ ਵਿਰੋਧ-ਵਿਕਾਸ ਨੂੰ ਉਸ ਦੇ ਦਰਸ਼ਨ ਦੇ ਆਦਰਸ਼ਵਾਦ ਨਾਲੋਂ ਵੱਖ ਕਰਦਿਆਂ, ਅੱਗੇ ਵਧਾਇਆ। ਵਿਰੋਧ-ਵਿਕਾਸ ਨੂੰ ਪਦਾਰਥਵਾਦ (ਕੁਦਰਤ, ਸਮਾਜ ਤੇ ਸੋਚ) ਉਤੇ ਲਾਗੂ ਕਰਦਿਆਂ ਹਰ ਸਮੱਸਿਆ ਦੇ ਪਦਾਰਥਕ ਹੱਲ ਦੀ ਕੁੰਜੀ ਲੱਭ ਦਿੱਤੀ।

ਏਂਗਲਜ਼ ਦੇ ਸ਼ਬਦਾਂ ਵਿਚ : "ਮਾਰਕਸ ਤੇ ਮੈਂ ਹੀ ਇਕ ਮਾਤਰ ਵਿਅਕਤੀ ਸਾਂ ਜਿਨ੍ਹਾਂ ਨੇ ਚੇਤਨ ਵਿਰੋਧ-ਵਿਕਾਸ ਨੂੰ ਜਰਮਨ ਆਦਰਸ਼ਵਾਦੀ ਦਰਸ਼ਨ ਤੋਂ ਮੁਕਤ ਕੀਤਾ ਅਤੇ ਉਸ ਦੀ ਵਰਤੋਂ ਕੁਦਰਤ ਅਤੇ ਇਤਿਹਾਸ ਦੀ ਪਦਾਰਥਵਾਦੀ ਸਮਝਦਾਰੀ ਪ੍ਰਾਪਤ ਕਰਨ ਲਈ ਕੀਤੀ।"

## ਦਰਸ਼ਨ ਤੇ ਪ੍ਰੋਲਤਾਰੀ ਦਾ ਮੇਲ

ਮਾਰਕਸ ਦਾ ਹੀਗਲ ਅਤੇ ਫਾਇਰਬਾਖ ਤੋਂ ਅੱਗੇ ਲੰਘ ਜਾਣਾ ਯੂਟੋਪੀਆਈ ਸਮਾਜਵਾਦੀਆਂ ਸਾਹਮਣੇ ਖੜ੍ਹੀਆਂ ਵਲਗਣਾਂ ਪਾਰ ਕਰ ਜਾਣਾ ਵੀ ਸੀ। ਮਾਰਕਸ ਨੇ ਮਨੁੱਖੀ ਸਮਾਜ ਦੇ ਵਿਕਾਸ ਦੀ, ਮੁਕਤੀ ਦੀ ਸ਼ਕਤੀ ਦੀ ਖੋਜ ਕਰ ਲਈ। ਉਸਨੇ ਸੰਸਾਰ ਨਾਲ ਦਰਸ਼ਨ ਦੇ ਸਬੰਧ ਸੂਤਰਬੱਧ ਕੀਤੇ। ਉਸਨੇ ਪਾਇਆ ਕਿ ਇਨਕਲਾਬ "ਦਰਸ਼ਨਵੇਤਾ ਦੇ ਦਿਮਾਗ ਵਿਚ ਸ਼ੁਰੂ ਹੁੰਦਾ ਹੈ।" ਜਿਹੜਾ ਪੱਕ ਰਹੇ ਅੰਤਰ ਵਿਰੋਧਾਂ ਨੂੰ ਪ੍ਰਤੀਬਿੰਬਤ ਕਰਦਾ ਹੈ। "ਸਿਧਾਂਤ ਜਦੋਂ ਜਨਤਾ ਦੇ ਦਿਲ ਜਿੱਤ ਲੈਂਦਾ ਹੈ ਇਕ ਪਦਾਰਥਕ ਸ਼ਕਤੀ ਬਣ ਜਾਂਦਾ ਹੈ।" ਸਿੱਟੇ ਵਜੋਂ ਪਦਾਰਥਕ ਸਕਤੀ ਬਣਨ ਲਈ ਦਰਸ਼ਨ ਦਾ ਪ੍ਰੋਲਤਾਰੀ ਨਾਲ ਜੁੜਨਾ ਲਾਜ਼ਮੀ ਹੈ।

"ਜਿਵੇਂ ਦਰਸ਼ਨ ਨੂੰ ਪ੍ਰੋਲਤਾਰੀ ਵਿਚੋਂ ਆਪਣੇ ਪਦਾਰਥਕ ਹਥਿਆਰ ਮਿਲਦੇ ਹਨ, ਤਿਵੇਂ ਹੀ ਪ੍ਰੋਲਤਾਰੀ ਨੂੰ ਦਰਸ਼ਨ ਵਿਚੋਂ ਆਪਣੇ ਆਤਮਕ ਹਥਿਆਰ ਮਿਲਦੇ ਹਨ।"

ਅੱਜ ਮਾਰਕਸਵਾਦੀ ਕਥਨ ਹੈ "ਇਸ [ਮਨੁੱਖੀ] ਮੁਕਤੀ ਦਾ ਦਿਮਾਗ, ਦਰਸ਼ਨ ਹੈ, ਪ੍ਰੋਲਤਾਰੀ ਇਸ ਦਾ ਦਿਲ ਹੈ।"

ਇਹ ਇਨਕਲਾਬੀ ਦਵੰਦਵਾਦ ਹੈ। ਮਾਰਕਸਵਾਦ ਵਿਕਾਸ ਕਰਦਾ ਅਮਲ ਦਾ ਸਿਧਾਂਤ ਹੈ ਜੋ ਖੜੋਤ ਨੂੰ ਰੱਦ ਕਰਦਾ ਹੈ। ਇਹ ਕੋਈ ਬਣੇ ਬਣਾਏ ਫ਼ਾਰਮੂਲੇ ਨਹੀਂ, ਰਟਨ ਮੰਤਰ ਨਹੀਂ, ਇਹ ਜ਼ਿੰਦਗੀ ਦਾ ਰਾਹ ਦਰਸਾਊ ਹੈ। ਲੈਨਿਨ ਨੇ ਸਮਝਾਇਆ ਸੀ : "ਅਸੀਂ ਮਾਰਕਸ ਦੇ ਸਿਧਾਂਤ ਨੂੰ ਸੰਪੂਰਨ ਅਤੇ ਅਖੰਡ ਨਹੀਂ ਮੰਨਦੇ, ਦੂਸਰੇ ਪਾਸੇ ਸਾਨੂੰ ਭਰੋਸਾ ਹੈ ਕਿ ਉਸ ਨੇ ਕੇਵਲ ਉਸ ਵਿਗਿਆਨ ਦਾ ਨੀਂਹ ਪੱਥਰ ਰੱਖਿਆ ਹੈ, ਜਿਸ ਦਾ ਕਿ ਸਮਾਜਵਾਦੀਆਂ ਨੂੰ, ਜੇਕਰ ਉਹ ਜੀਵਨ ਵਿਚ ਸ਼ਾਂਤੀ ਰੱਖਣਾ ਚਾਹੁੰਦ ਹਨ ਤਾਂ ਸਭ ਪਾਸਿਆਂ ਤੋਂ ਵਿਕਾਸ ਕਰਨਾ ਚਾਹੀਦਾ ਹੈ। ਵਿਕਾਸ ਕਰਨਾ ਤੋਂ ਮਤਲਬ ਵਿਗਾੜਨਾ, ਕੁਰਾਹੇ ਪਾਉਣਾ, ਦੂਰ ਵਰਤੋਂ ਕਰਨਾ ਹਰਗਿਜ਼ ਨਹੀਂ ਹੈ। ਲੈਨਿਨ ਨੇ 30 ਜਨਵਰੀ 1917 ਨੂੰ ਇਨੇਸਾ ਅਰਮਾਂਦ ਨੂੰ ਲਿਖਿਆ ਸੀ : "ਮੈਂ ਮਾਰਕਸ ਅਤੇ



ਏਂਗਲਜ਼ ਨੂੰ ਹਾਲੇ ਵੀ 'ਇਸ਼ਕ' ਕਰਦਾ ਹਾਂ ਅਤੇ ਉਹਨਾਂ ਦੀ ਕਿਸੇ ਵੀ ਦੁਰਵਰਤੋਂ ਨੂੰ ਸ਼ਾਂਤੀ ਨਾਲ ਬਰਦਾਸ਼ਤ ਨਹੀਂ ਕਰ ਸਕਦਾ। ਨਹੀਂ, ਸਾਨੂੰ ਉਹ ਆਧਾਰ ਛੱਡਣਾ ਨਹੀਂ ਚਾਹੀਦਾ। ਉਹ ਅਸਲੀ ਬੰਦੇ ਸਨ, ਸਾਨੂੰ ਉਹਨਾਂ ਕੋਲੋਂ ਸਿੱਖਣਾ ਚਾਹੀਦਾ ਹੈ।"

ਮਾਰਕਸ ਰਾਜਨੀਤਕ ਆਰਥਕਤਾ ਵਿਚ ਏਂਗਲਜ਼ ਨੂੰ ਆਪਣਾ ਆਗੂ ਮੰਨਦਾ ਹੈ। ਇਕ ਚਿੱਠੀ ਵਿਚ ਉਸ ਨੇ ਲਿਖਿਆ ਸੀ "ਤੈਨੂੰ ਪਤਾ ਹੈ ਕਿ ਹਰ ਗੱਲ ਵਿਚ ਮੈਂ ਪਿੱਛੇ ਰਹਿ ਜਾਂਦਾ ਹੈ ਮੈਂ ਹਮੇਸ਼ਾਂ ਤੇਰੇ ਪਾਏ ਪੂਰਨਿਆਂ ਤੇ ਚਲਦਾ ਹਾਂ।" ਇਹ ਚਿੱਠੀ ਏਂਗਲਜ਼ ਨੂੰ ਖੁਸ਼ ਕਰਨ ਲਈ ਨਹੀਂ ਸੀ ਲਿਖੀ ਗਈ, ਬਲਕਿ ਇਹ ਸੱਚ ਹੈ।

ਆਰਥਕ ਸਿਧਾਂਤ ਬਾਰੇ ਉਸ ਨੇ "ਪੂੰਜੀ" ਦੀ ਭੂਮਿਕਾ ਵਿਚ ਲਿਖਿਆ ਇਹ "ਕਿਸੇ ਖਾਸ, ਇਤਿਹਾਸਕ ਤੋਰ ਉੱਤੇ ਨਿਸਚਿਤ ਸਮਾਜ ਵਿਚ ਉਤਪਾਦਨ ਦੇ ਸਬੰਧਾਂ ਦੀ, ਉਨ੍ਹਾਂ ਦੇ ਹੋਂਦ ਵਿਚ ਆਉਣ, ਵਿਕਾਸ ਕਰਨ ਤੇ ਅਧੋਗਤੀ ਦੀ ਪੁਣ ਛਾਣ ਕਰਨਾ ਹੁੰਦਾ ਹੈ।"

ਮਾਰਕਸ ਤੇ ਏਂਗਲਜ਼ ਨੇ, ਮਨੁੱਖ [ਬੋਲੀ, ਕਲਾ, ਸਾਹਿਤ] ਨੂੰ ਕਿਰਤ ਦੀ ਪੈਦਾਵਾਰ ਦਰਸਾ ਕੇ, ਇਤਿਹਾਸ ਨੂੰ ਪਦਾਰਥਕ ਹਾਲਤਾਂ ਦੀ ਉਪਜ ਰਾਹੀਂ ਇਕ ਨਵਾਂ ਵਿਗਿਆਨਕ ਦ੍ਰਿਸ਼ਟੀਕੋਣ ਦੇ ਕੇ ਇਤਿਹਾਸਕ ਪਦਾਰਥਵਾਦ ਵਿਚ ਪਲਟ ਦਿੱਤਾ।

ਮਾਰਕਸ ਨੇ ਪੂੰਜੀ ਵਿਚ ਸਰਮਾਏਦਾਰਾ ਸਮਾਜ ਦੀ ਪੁਣਛਾਣ ਕੀਤੀ ਹੈ। ਉਸ ਨੇ ਇਹ ਕੰਮ 19ਵੀਂ ਸਦੀ ਵਿਚ ਕੀਤਾ ਸੀ, ਹੁਣ 20ਵੀਂ ਸਦੀ ਮੁਕਣ 'ਤੇ ਹੈ। ਉਸਦੇ ਵਿਸ਼ਲੇਸ਼ਣ (ਸਰਮਾਏਦਾਰੀ ਦੀ ਉਨਤੀ, ਅਧੋਗਤੀ) ਦੀ ਦਰੁਸਤੀ, ਸਰਬਪਖਤਾ ਅਤੇ ਡੂੰਘਾਈ, ਚਕਾਚੌਂਦ ਕਰ ਦੇਣ ਵਾਲੀ ਹੈ।

ਮਾਰਕਸ ਨੇ ਲੋਟੂ ਸਮਾਜ ਵਿਚ ਉਨਤੀ ਦੀ ਤੁਲਨਾ ਉਸ ਵਹਿਸ਼ੀ ਪਾਗਲ ਦਿਓ ਨਾਲ ਕੀਤੀ ਸੀ, ਜਿਹੜਾ ਕਤਲ ਕੀਤੇ ਗਏ ਲੋਕਾਂ ਦੀਆਂ ਖੋਪੜੀਆਂ ਤੋਂ ਬਿਨਾਂ ਹੋਰ ਕਾਸੇ ਵਿਚ ਸ਼ਰਾਬ ਪੀਂਦਾ ਹੀ ਨਹੀਂ ਸੀ।

"ਲਗਦਾ ਹੈ, ਸਾਡੇ ਸਮੇਂ ਦੀ ਹਰੇਕ ਗੱਲ ਆਪਣੇ ਤੋਂ ਵਿਰੋਧੀ ਗੱਲ ਨਾਲ ਭਰੀ ਹੋਈ ਹੈ। ਮਸ਼ੀਨਰੀ, ਜਿਹੜੀ ਮਨੁੱਖੀ ਕਿਰਤ ਨੂੰ ਸੌਖੀ ਕਰਨ ਅਤੇ ਇਸ ਨੂੰ ਫਲਦਾਇਕ ਬਣਾਉਣ ਵਾਲੀ ਅਦੁਤੀ ਸ਼ਕਤੀ ਦੀ ਮਾਲਕ ਹੈ, ਮਨੁਖ ਨੂੰ, ਅਸੀਂ ਵੇਖ ਰਹੇ ਹਾਂ ਭੁਖਾ ਮਾਰ ਰਹੀ ਹੈ ਅਤੇ ਉਸ ਤੋਂ ਹੱਦੋਂ ਵੱਧ ਕੰਮ ਲੈ ਰਹੀ ਹੈ। ਦੌਲਤ ਦੇ ਨਵੇਂ ਪੈਦਾ ਹੋਏ ਸਾਧਨ, ਜਾਦੂ ਦੀ ਕਿਸੇ ਅਜੀਬ ਦੁਰ-ਸ਼ਕਤੀ ਨਾਲ, ਥੁੜ ਦੇ ਸਾਧਨਾਂ ਵਿਚ ਪਲਟ ਦਿੱਤੇ ਜਾਂਦੇ ਹਨ। ਲਗਦਾ ਹੈ ਕਿ ਕਲਾ ਦੀਆਂ ਜਿੱਤਾਂ ਆਚਰਨ ਦੀ ਕੀਮਤ ਉੱਤੇ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਮਨੁੱਖ ਜਾਤੀ ਜਿਸ ਗਤੀ ਨਾਲ ਕੁਦਰਤ ਦੀ ਮਾਲਕ ਬਣਦੀ ਹੈ, ਲਗਦਾ ਹੈ ਕਿ ਮਨੁੱਖ ਉਸੇ ਗਤੀ ਨਾਲ ਦੂਜੇ ਮਨੁੱਖਾਂ ਦਾ ਜਾਂ ਖੁਦ ਆਪਣੀ ਕਮੀਨਗੀ ਦਾ ਗੁਲਾਮ ਬਣਦਾ ਜਾਂਦਾ ਹੈ। ਲਗਦਾ ਹੈ ਕਿ ਵਿਗਿਆਨ ਦੀ ਸੁੱਚੀ ਰੌਸ਼ਨੀ ਵੀ, ਗਿਆਨ ਦੇ ਹਨੇਰੇ ਪਿਛਵਾੜੇ ਵਿਚ ਨਿਕਲਣ ਦੇ ਅਸਮਰਥ ਹੈ। ਸਾਡੀਆਂ ਸਾਰੀਆਂ ਕਾਢਾਂ ਅਤੇ ਸਾਰੀ ਤਰੱਕੀ ਪਦਾਰਥਕ ਸ਼ਕਤੀਆਂ ਨੂੰ ਬੌਧਿਕ ਜੀਵਨ ਦਿੰਦੀ ਲਗਦੀ ਹੈ ਅਤੇ ਮਨੁੱਖੀ ਜੀਵਨ ਨੂੰ ਇਕ ਪਦਾਰਥਕ ਸ਼ਕਤੀ ਵਾਲੀ ਜੁੜਤਾ ਦੇ ਰਹੀ ਹੈ।"

"ਸਨਅਤ ਦੀ ਕਿਸੇ ਸ਼ਾਖ ਵਿਚ ਕੇਂਦਰੀਕਰਨ ਆਪਣੇ ਅੱਤ ਦੀਆਂ ਹੱਦਾਂ ਤੱਕ ਪਹੁੰਚ ਜਾਏਗਾ ਜੇ ਸਾਰੇ ਵਿਅਕਤੀਗਤ ਸਰਮਾਏ ਜਿਹੜੇ ਇਸ ਵਿਚ ਲੱਗੇ ਹੋਏ ਹਨ, ਇਕੋ ਸਰਮਾਏ ਵਿਚ ਜਮ੍ਹਾਂ ਕਰ ਦਿੱਤੇ ਜਾਣ। ਕਿਸੇ ਸਮਾਜ ਵਿਚ ਸਿਖਰ ਉਦੋਂ ਹਾਸਲ ਹੋਵੇਗੀ ਜਦੋਂ ਸਾਰਾ ਸਮਾਜਕ ਸਰਮਾਇਆ ਜਾਂ ਤੇ ਇਕ ਪੂੰਜੀਦਾਰ ਦੇ ਜਾਂ ਸਰਮਾਏਦਾਰ ਕੰਪਨੀ ਦੇ ਹੱਥਾਂ ਵਿਚ ਇਕਮੁੱਠ ਹੋਵੇਗਾ।"

ਅਜੋਕੀਆਂ ਇਜਾਰੇਦਾਰੀਆਂ ਬਹੁਕੌਮੀ ਕੰਪਨੀਆਂ ਅਤੇ ਉਨ੍ਹਾਂ ਦੇ ਆਪਸੀ ਜੁਟ ਸਰਮਾਏ ਦੇ ਇਕਤਰੀਕਰਨ ਅਤੇ ਕੇਂਦਰੀਕਰਨ ਦੀਆਂ ਮੂੰਹ ਬੋਲਦੀਆਂ ਉਦਾਹਰਨਾਂ ਨਹੀਂ ਤਾਂ ਹੋਰ ਕੀ ਹੈ ?

"ਕੇਂਦਰੀਕਰਨ, ਇਕਤਰੀਕਰਨ ਦੇ ਅਸਰਾਂ ਨੂੰ ਇਿਉਂ ਡੂੰਘਾ ਅਤੇ ਤੇਜ਼ ਕਰਦਾ ਹੈ. ਇਹ ਨਾਲ ਹੀ ਸਰਮਾਏ ਦੀ ਤਕਨੀਕੀ ਬਣਤਰ ਵਿਚ ਉਨ੍ਹਾਂ ਇਨਕਲਾਬਾਂ ਨੂੰ ਵਧਾਉਂਦਾ ਹੈ ਅਤੇ ਤੇਜ਼ ਕਰਦਾ ਹੈ, ਜਿਹੜੇ ਕਿ ਇਸ ਦੇ ਅਸਥਿਰ ਹਿੱਸੇ ਦੀ ਕੀਮਤ ਉੱਤੇ ਇਸ ਦ ਸਥਿਰ ਹਿੱਸੇ ਨੂੰ ਵਧਾਉਂਦੇ ਹਨ ਅਤੇ ਇਿਉਂ ਕਿਰਤ ਲਈ ਮੁਕਾਬਲਤਨ ਮੰਗ ਨੂੰ ਘਟਾ ਦਿੰਦੇ ਹਨ।"

"ਪਰ ਸਮਾਂ ਪੈਣ ਨਾਲ ਪੁਰਾਣਾ ਸਰਮਾਇਆ ਵੀ ਅਜਿਹੀ ਘੜੀ ਵਿਚ ਆ ਸਕਦਾ ਹੈ ਜਦੋਂ ਇਸ ਨੂੰ ਸਿਰ ਤੋਂ ਪੈਰਾਂ ਤੱਕ ਨਵਾਂ ਕਰਨਾ ਹੁੰਦਾ ਹੈ, ਜਦ ਇਹ ਆਪਣੀ ਕੁੰਜ ਲਾਹ ਮਾਰਦਾ ਹੈ ਅਤੇ ਇਕ ਨਿਪੁੰਨ ਤਕਨੀਕੀ ਰੂਪ ਵਿਚ ਹੋਰਨਾਂ ਵਾਂਗ ਮੁੜ ਜਨਮ ਲੈਂਦਾ ਹੈ ਜਿਸ ਵਿਚ ਕਿਰਤ ਦੀ ਇਕ ਛੋਟੀ ਮਾਤਰਾ ਮਸ਼ੀਨਰੀ ਅਤੇ ਕੱਚੇ ਮਾਲਾਂ ਦੀ ਵਧੇਰੇ ਮਾਤਰਾ ਨੂੰ ਚਾਲੂ ਕਰੇਗੀ। ਇਸ ਲਈ ਇਕ ਪਾਸੇ ਇਕਤਰੀਕਰਨ ਦੇ ਦੌਰਾਨ ਬਣਿਆ ਵਾਧੂ ਸਰਮਾਇਆ ਆਪਣੇ ਆਕਾਰ ਦੇ ਤਨਾਸਬ ਨਾਲ ਘੱਟ ਅਤੇ ਹੋਰ ਘੱਟ ਕਿਰਤੀਆਂ ਨੂੰ ਖਿਚਦਾ ਹੈ। ਦੂਜੇ ਪਾਸੇ ਪੁਰਾਣਾ ਸਰਮਾਇਆ ਜਿਹੜਾ ਸਮੇਂ ਸਮੇਂ ਬਣਤਰ ਦੀ ਤਬਦੀਲੀ ਦੀ ਤਬਦੀਲੀ ਨਾਲ ਪੁਨਰ ਉਤਪਾਦਤ ਹੁੰਦਾ ਹੈ ਆਪਣੇ ਵਲੋਂ ਪਹਿਲਾਂ ਕੰਮ ਉੱਤੇ ਲਾਏ ਗਏ ਕਿਰਤੀਆਂ ਨੂੰ ਪਿਛਾਂਹ ਧਕਦਾ ਹੈ।"

ਸਵਾ ਸੌ ਸਾਲ ਹੋਇਆ, ਮਾਰਕਸ ਨੂੰ ਪੂੰਜੀਵਾਦੀ ਪੈਦਾਵਾਰੀ ਢੰਗ ਦੀ ਅਧੋਗਤੀ ਦੀ ਪੇਸ਼ੀਨਗੋਈ ਪੂੰਜੀ ਦੀ ਦਵੰਦਾਤਮਕਤਾ ਵਿਚੋਂ ਕੀਤੀ ਸੀ। ਉਸਨੇ ਦੱਸਿਆ ਕਿ ਪੂੰਜੀ ਦਾ ਵਿਨਾਸ਼ ਜਬਰੀ ਨਹੀਂ ਸਗੋਂ ਇਸ ਦੀ ਸਵੈ-ਸੁਰੱਖਿਆ ਲਈ ਇਕ ਸ਼ਰਤ ਵਜੋਂ ਹੋਵੇਗਾ, ਅਤਿਅੰਤ ਅਹਿਮ ਸ਼ਕਲ ਹੈ ਜਿਸ ਵਿਚ ਇਸ ਨੇ ਸਮਾਜਕ ਪੈਦਾਵਾਰ ਦੀ ਇਕ ਵਧੇਰੇ ਕਾਰਗਰ ਪ੍ਰਣਾਲੀ ਲਈ ਸਥਾਨ ਖਾਲੀ ਕਰਨਾ ਹੁੰਦਾ ਹੈ। ਇਸ ਨੂੰ ਵੀ ਸਥਾਨ ਖਾਲੀ ਕਰਨਾ ਪਵੇਗਾ।

## ਅਵੱਸ਼ਕ ਅਤੇ ਫਾਲਤੂ ਕਿਰਤ

ਮਾਰਕਸ ਦੱਸਦਾ ਹੈ ਕਿ ਪੂੰਜੀਪਤੀ ਨੂੰ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਵਿਚ ਦਿਲਚਸਪੀ ਹੁੰਦੀ ਹੈ। ਇਸ ਤਰ੍ਹਾਂ ਕਰਕੇ ਉਹ ਅਵੱਸ਼ਕ ਕਿਰਤ ਦਾ ਹਿੱਸਾ ਘਟਾ ਸਕਦਾ ਹੈ ਅਤੇ ਫਾਲਤੂ ਕਿਰਤ ਦਾ ਹਿੱਸਾ ਵਧਾ ਸਕਦਾ ਹੈ। ਇਸ ਤਰ੍ਹਾਂ ਉਹ ਫਾਲਤੂ ਕਦਰ ਦੀ ਪ੍ਰਾਪਤੀ ਕਰਦਾ ਹੈ। ਪਹਿਲਾਂ-ਪਹਿਲ ਇਹ ਅਵੱਸ਼ਕ ਕਿਰਤ ਤੇ ਫਾਲਤੂ ਕਿਰਤ ਬਰਾਬਰ-ਬਰਾਬਰ ਹੁੰਦੀ ਹੈ। ਹੌਲੀ-ਹੌਲੀ ਉਤਪਾਦਕਤਾ ਦੇ ਵਾਧੇ ਕਾਰਨ ਫਾਲਤੂ ਕਿਰਤ ਦਾ ਹਿੱਸਾ ਵਧਦਾ ਜਾਂਦਾ ਹੈ। ਫਿਰ ਤਿੱਖਾ ਫਰਕ ਪੈ ਜਾਂਦਾ ਹੈ। ਅਵੱਸ਼ਕ ਕਿਰਤ ਬਹੁਤ ਘੱਟ ਜਾਂਦੀ ਹੈ। ਲੈਨਿਨ ਨੇ ਮਾਰਕਸ ਦੇ ਇਸ ਸਿਧਾਂਤ ਨੂੰ ਇੰਜ ਬਿਆਨ ਕੀਤਾ : "ਕਿਰਤ ਦੀ ਉਤਪਾਦਕਤਾ ਵਿਚ ਵਾਧੇ ਦਾ ਮਤਲਬ ਅਸਥਿਰ ਸਰਮਾਏ ਦੇ



ਮੁਕਾਬਲੇ, ਵਿਚ ਸਥਿਰ ਸਰਮਾਏ ਦਾ ਵਧੇਰੇ ਤੇਜ਼ ਵਾਧਾ ਹੁੰਦਾ ਹੈ। ਜਿਥੋਂ ਤੱਕ ਵਾਧੂ ਕਦਰ ਅਸਥਿਰ ਸਰਮਾਏ ਦਾ ਹੀ ਸਿਰਫ ਕਾਰਜ ਹੈ, ਇਹ ਪ੍ਰਤੱਖ ਹੈ ਕਿ ਮੁਨਾਫੇ ਦੀ ਦਰ (ਸਾਰੇ ਸਰਮਾਏ ਨਾਲ, ਨਾ ਕਿ ਸਿਰਫ ਇਸ ਦੇ ਅਸਥਿਰ ਰੂਪ ਨਾਲ, ਵਾਧੂ ਕਦਰ ਦੀ ਨਿਸਬਤ) ਘੱਟਣ ਦਾਂ ਰੁਝਾਨ ਰਖਦੀ ਹੈ। ਮਾਰਕਸ ਇਸ ਰੁਝਾਨ ਦਾ ਤੇ ਬਹੁਤ ਸਾਰੇ ਹਾਲਾਤ ਦਾ, ਜਿਹੜੇ ਇਸਨੂੰ ਲੁਕਾਉਂਦੇ ਜਾਂ ਇਸਦੇ ਉਲਟ ਜਾਂਦੇ ਹਨ ਵਿਸਤਰਿਤ ਵਿਸ਼ਲੇਸ਼ਣ ਕਰਦਾ ਹੈ।"

ਮਾਰਕਸ ਅਵੱਸ਼ਕ ਕਿਰਤ ਅਤੇ ਫਾਲਤੂ ਕਿਰਤ ਵਿਚ ਅਨੁਪਾਤਹੀਣਤਾ ਤੱਕ ਨਿਰੂਪਣ ਕਰਦਾ ਹੈ। (ਜਿਵੇਂ ਅੱਜ ਕਲ ਤਕਨੀਕੀ ਇਨਕਲਾਬ ਉਤਪਾਦਕਤਾ ਨੂੰ ਵਧਾ ਰਹੇ ਹਨ) ਇਹ ਅਵੱਸ਼ਕ ਕਿਰਤ ਅਤੇ ਫ਼ਾਲਤੂ ਕਿਰਤ ਦੀ ਅਨੁਪਾਤਹੀਣਤਾ ਵਲ ਸੰਕੇਤ ਹੀ ਹਨ, ਮਾਰਕਸ ਪਾਠਕ ਨੂੰ ਇਕ ਅਜਿਹੇ ਸਥਿਤੀ ਨਿਰੂਪਣ ਦਾ ਸੱਦਾ ਦਿੰਦਾ ਹੈ, "ਜੇ ਅਵੱਸ਼ਕ ਕਿਰਤ ਪਹਿਲਾਂ ਹੀ (ਉਪਜਾਇਕਤਾ ਵਿਚ ਵੱਡੇ ਵਾਧੇ ਕਾਰਨ) 1/1000 ਤੱਕ ਘੱਟ ਗਈ ਹੋਵੇ ਤਾਂ ਕੁਲ ਫਾਲਤੂ ਕਿਰਤ 999/1000 ਹੋਵੇਗੀ, ਹੁਣ ਜੇ ਉਪਜਾਇਕਤਾ ਹਜ਼ਾਰ ਦਿਹਾੜੀ ਮੁੜ ਵਧਦੀ ਹੈ. ਅਵੱਸ਼ਕ ਕਿਰਤ, ਕਿਰਤ ਦਿਹਾੜੀ ਦਾ 1/1000000 ਤੱਕ ਘਟੇਗੀ ਅਤੇ ਕੁਲ ਫਾਲਤੂ ਕਿਰਤ, ਕਿਰਤ-ਦਿਹਾੜੀ ਦਾ 999999/1000000 ਵਧੇਗੀ ਅਰਥਾਤ ਉਪਜਾਇਕਤਾ ਵਿਚ ਹਜ਼ਾਰ ਗੁਣਾ ਵਾਧਾ ਕੁਲ ਫਾਲਤੂ (ਕਦਰ) ਨੂੰ 1/1001 ਵੀ ਨਹੀਂ ਵਧਾਏਗਾ।

ਉਪਜਾਇਕਤਾ ਦੀ ਇਕ ਹੱਦ ਤੇ ਪੁੱਜ ਕੇ ਫਾਲਤੂ ਕਦਰ ਅਮਲੀ ਤੌਰ ਉੱਤੇ ਵਧਣਾ ਬੰਦ ਕਰਦੀ ਹੈ। ਫਿਰ ਪੂੰਜੀ ਵੀ ਵਧਣਾ ਬੰਦ ਕਰਦੀ ਹੈ। ਇਹ ਸਵੈ ਵਾਧੇ ਵਾਲੀ ਕਦਰ ਅਰਥਾਤ ਆਪਣਾ ਆਪ ਨਹੀਂ ਰਹਿੰਦੀ ਹੈ।

ਇਸ ਦਵੰਦਾਤਮਕਤਾ ਵਿਚੋਂ ਮਾਰਕਸ ਨੇ ਪਹਿਲੇ ਪੈਦਾਵਾਰੀ ਢੰਗ (ਮੁਢਲੀ ਸਾਂਝੀਵਾਲਤਾ) ਵਾਂਗ ਪੂੰਜੀਵਾਦੀ ਪੈਦਾਵਾਰੀ ਢੰਗ ਨੂੰ ਵੀ ਆਰਜ਼ੀ ਕਿਹਾ ਸੀ। ਪੂੰਜੀਵਾਦੀ ਦਾ ਸਥਾਨ ਜ਼ਰੂਰੀ ਤੌਰ ਉੱਤੇ ਇਕ ਹੋਰ ਢੰਗ ਨੇ ਲੈ ਲੈਣਾ ਹੈ ਜਿਸ ਦਾ ਉਦੇਸ਼ ਫਾਲਤੂ ਕਦਰ ਦੀ ਪ੍ਰਾਪਤੀ ਨਹੀਂ ਹੋਵੇਗਾ ਸਗੋਂ ਉਤਪਾਦਕਤਾ ਦੇ ਵਾਧੇ ਨਾਲ ਪੈਦਾ ਹੋ ਰਹੇ ਫਾਲਤੂ ਕਿਰਤ ਸਮੇਂ ਨੂੰ ਸਮਾਜ ਲਈ, ਸਭਨਾਂ ਲਈ, ਸੁਤੰਤਰ ਸਮਾਂ ਉਪਜਾਉਣਾ ਅਤੇ ਮਨੁੱਖ ਦਾ ਸਰਬ ਪੱਖੀ ਵਿਕਾਸ ਕਰਨਾ ਹੋਵੇਗਾ।

ਜਦੋਂ ਮਾਰਕਸਵਾਦ ਸਮਾਜਕ ਪੈਦਾਵਾਰ ਤੇ ਪੂੰਜੀਵਾਦੀ ਢੰਗ ਦੀਆਂ ਹੱਦਾਂ ਮਿਥਦਾ ਹੈ ਤਾਂ ਇਸ ਦੇ ਅਰਥ ਇਹ ਬਿਲਕੁਲ ਨਹੀਂ ਹਨ ਕਿ ਹੱਦਾਂ ਆਉਣ ਤੱਕ ਇੰਤਜ਼ਾਰ ਕੀਤਾ ਜਾਵੇ। ਉਡੀਕ ਕੀਤੇ ਬਿਨਾਂ ਹੀ ਅਗੇਵਧੂ ਪ੍ਰਣਾਲੀ ਨੇ ਇਸ ਦੀ ਥਾਂ ਲੈਣ ਦਾ ਝੰਡਾ ਚੁਕਣਾ ਹੀ ਹੁੰਦਾ ਹੈ ਜਿਵੇਂ ਇਸ ਤੋਂ ਪਹਿਲੇ ਪੈਦਾਵਾਰੀ ਢੰਗ ਵਿਰੁੱਧ ਨਵੇਂ, ਅੱਗੇ ਵਧੂ ਨੇ ਚੁੱਕਿਆ ਸੀ। ਜਾਂ ਜਿਵੇਂ ਜਗੀਰਦਾਰੀ ਵਿਰੁੱਧ ਪੂੰਜੀਵਾਦੀ ਢੰਗ ਦੀ ਸਥਾਪਤੀ ਲਈ, ਪੂੰਜੀਵਾਦ ਨੇ ਝੰਡਾ ਚੁੱਕਿਆ ਸੀ।

ਪੂੰਜੀਵਾਦੀ ਪ੍ਰਣਾਲੀ ਤੋਂ, ਨਵੀਂ ਪ੍ਰਣਾਲੀ ਦੇ ਥਾਂ ਲੈਣ ਦੇ ਘੋਲ ਨੂੰ, ਸਮਾਜਵਾਦ ਦੀ ਉਸਾਰੀ ਦਾ ਘੋਲ ਕਿਹਾ ਜਾਂਦਾ ਹੈ।

ਪੂੰਜੀਵਾਦ ਵਿਰੁੱਧ ਸੰਗਰਾਮ, ਇਨਕਲਾਬ ਦਾ ਹੋਕਾ, ਸਮਾਜਵਾਦ ਦੀ ਉਸਾਰੀ ਰਾਹੀਂ ਸੰਸਾਰ ਦੇ ਸੱਭੇ ਲੋਕਾਂ ਲਈ ਕਮਿਊਨਿਜ਼ਮ ਦੀ ਪ੍ਰਾਪਤੀ ਲਈ ਹੈ। ਫਲਸਫੇ ਦੀ ਰੌਸ਼ਨੀ, ਰਾਜਨੀਤਕ ਆਰਥਕਤਾ ਦਾ ਤਜਰਬਾ, "ਆਧਾਰ ਉਸਾਰ ਨੂੰ ਜਨਮ ਦਿੰਦਾ ਹੈ, ਉਸਾਰ ਆਧਾਰ ਉਪਰ

ਅਸਰ ਕਰਦਾ ਹੈ ।" ਚੇਤਨ ਅਤੇ ਸਵੈ ਚੇਤਨਤਾ ਰਾਹੀਂ ਅੱਗੇ ਵਧੂ ਵਰਗ ਅਮਲ ਕਰਦਾ ਹੈ । ਇਸ ਸੰਗਰਾਮ ਵਿਚ ਅਮਲ ਦੌਰਾਨ ਜਾਣਕਾਰੀ ਦੀਆਂ ਇਤਿਹਾਸਕ ਘਾਟਾਂ (ਨਵਾਂ ਹੋਣ ਕਾਰਨ ਤਜਰਬੇ ਦੀਆਂ ਘਾਟਾਂ) ਗਲਤੀਆਂ ਦੀ ਗੁੰਜਾਇਸ਼ ਰੱਖਦੀਆਂ ਹਨ । ਕਿਉਂਕਿ ਮਨੁੱਖ ਜਾਤੀ ਦੇ ਲੱਖਾਂ ਸਾਲ ਲੰਬੇ ਇਤਿਹਾਸ ਵਿਚ ਇਸ ਦੀ ਉਮਰ ਕੁਲ ਮਿਲਾ ਕੇ ਬਹੁਤ ਛੋਟੀ (150) ਵਰ੍ਹੇ) ਹੈ । ਵਿਗਿਆਨਕ ਕਮਿਉਨਿਜਮ ਦਾ ਸੰਗਰਾਮ ਕੋਈ ਆਸਾਨ ਸੰਗਰਾਮ ਨਹੀਂ, ਨਾਲ ਹੀ, ਮਨੁੱਖ ਜ਼ਾਤੀ ਅੱਗੇ ਦੂਜਾ ਕੋਈ ਰਸਤਾ ਵੀ ਨਹੀਂ । ਮਾਰਕਸ ਦੇ ਆਪਣੇ ਸ਼ਬਦਾਂ ਵਿਚ "ਵਿਗਿਆਨ ਦਾ ਕੋਈ ਸਿੱਧਾ ਪੱਧਰਾ ਸ਼ਾਹੀ ਰਾਹ ਨਹੀਂ ਹੁੰਦਾ, ਇਸ ਦੀਆਂ ਰੌਸ਼ਨ ਉਚਾਈਆਂ ਤੇ ਕੇਵਲ ਉਹੀ ਪੁਜਦੇ ਹਨ ਜੋ ਇਸ ਦੀਆਂ ਢਲਾਣੀ ਤੇ ਥੱਕਾ ਦੇਣ ਵਾਲੀਆਂ ਚੜ੍ਹਾਈਆਂ ਤੋਂ ਨਹੀਂ ਡਰਦੇ ।"

ਮਾਰਕਸ ਦੀ ਜ਼ਿੰਦਗੀ ਵਿਚ 18'1 ਦਾ 'ਪੈਰਿਸ ਕਮਿਊਨ' ਇਨਕਲਾਬ ਉਠਿਆ । ਮਾਰਕਸ ਤੇ ਏਂਗਲਜ਼ ਸਿਧਾਂਤ ਦੇ ਸਾਕਾਰ ਹੁੰਦੇ ਰੂਪ ਨੂੰ ਦੇਖ ਗਦਗਦ ਹੋ ਉੱਠੇ, ਭਾਵੇਂ ਖਾਮੀਆਂ ਵੀ ਦਿਸਦੀਆਂ ਸਨ । ਉਨ੍ਹਾਂ ਲਿਖਿਆ, "ਅਸੀਂ ਫਰਾਂਸ ਵਿਚ ਗਣਰਾਜ ਦੀ ਸਥਾਪਤੀ ਦਾ ਸਵਾਗਤ ਕਰਦੇ ਹਾਂ ਪਰ ਇਹਦੇ ਸਾਨੂੰ ਕੁਝ ਤੌਖਲੇ ਵੀ ਹਨ" ਮਨੁੱਖ ਜਾਤੀ, ਖਾਸ ਤੌਰ ਤੇ ਲਹਿਰ ਦੇ ਵਾਰਸ ਜਾਣਦੇ ਹਨ ਕਿ 73 ਦਿਨਾਂ ਪਿੱਛੋਂ ਇਹਦਾ ਅੰਤ ਹੋ ਗਿਆ ਤੇ ਇਸ ਹਾਰ ਤੋਂ ਮਾਰਕਸ ਤੇ ਏਂਗਲਜ਼ ਨੇ ਵੱਡੇ ਦੁੱਖ ਨਾਲ ਇਸ ਦੀ ਇਤਿਹਾਸਕ ਮਹੱਤਤਾ ਉਜਾਗਰ ਕੀਤੀ ਅਤੇ ਅੱਗੋਂ ਸੰਗਰਾਮ ਲਈ ਸਬਕ ਕੱਢੇ। ਇਹ ਸਬਕ ਸਮਾਜਵਾਦ ਦੀ ਉਸਾਰੀ ਲਈ ਉਦੋਂ ਤੋਂ ਹੀ, ਸਦੀਵੀ ਮਹੱਤਤਾ ਵਾਲੇ ਹਨ । ਸਥਾਪਤ ਹੋਇਆ, 'ਲੁੱਟ ਖੋਹ ਅਤੇ ਜਬਰ ਤੋਂ ਕਿਰਤੀ ਲੋਕਾਂ ਦੀ ਬੇਦਖ਼ਲਾਸੀ ਵਿਗਿਆਨਕ ਪ੍ਰੋਗਰਾਮ ਨਾਲ ਲੈਸ ਇਕ ਇਨਕਲਾਬੀ ਪਾਰਟੀ ਤੋਂ ਬਿਨਾਂ ਸੰਭਵ ਨਹੀਂ ।' ਇਹ ਕਥਨ ਬਣ ਗਿਆ ਕਿ :

"ਇਨਕਲਾਬੀ ਸਿਧਾਂਤ ਬਿਨਾਂ ਇਨਕਲਾਬੀ ਪਾਰਟੀ ਨਹੀਂ ਹੋ ਸਕਦੀ ਇਨਕਲਾਬੀ ਪਾਰਟੀ ਬਿਨਾਂ ਇਨਕਲਾਬ ਨਹੀਂ ਹੋ ਸਕਦਾ ।"

ਇਹ ਸਿਧਾਂਤ ਅਤੇ ਅਮਲ ਵਿਰੋਧ-ਵਿਕਾਸ ਹੈ । ਮਾਰਕਸ ਦੀ ਮੌਤ (1883) ਤੇ ਏਂਗਲਜ਼ ਨੇ ਕਿਹਾ, "ਮਨੁੱਖਜਾਤੀ ਇਕ ਦਿਮਾਗ ਗੁਆ ਬੈਠੀ ਹੈ ਤੇ ਉਹ ਸਾਡੇ ਸਮੇਂ ਦਾ ਸਭ ਤੋਂ ਮਹਾਨ ਦਿਮਾਗ ਸੀ। ਪ੍ਰੋਲਤਾਰੀ ਦੀ ਲਹਿਰ ਜਾਰੀ ਹੈ ਪਰ ਉਹ ਕੇਂਦਰੀ ਨੁਕਤਾ ਨਹੀਂ ਰਿਹਾ, ਜਿਹਦੇ ਵੱਲ ਫਰਾਂਸੀਸੀ, ਰੂਸੀ, ਅਮਰੀਕੀ ਤੇ ਜਰਮਨ ਫੈਂਸਲਾਕੁੰਨ ਮੌਕਿਆਂ ਉੱਤੇ ਸਦਾ ਸਪਸ਼ਟ ਨਿਰਵਿਵਾਦ ਸਲਾਹ ਲੈਣ ਲਈ ਮੁੜਦੇ ਸਨ, ਜਿਹੜੀ ਸਿਰਫ ਪ੍ਰਤਿਭਾਵਾਨ ਅਤੇ ਸਥਿਤੀ ਦੇ ਬੇਓੜਕ ਗਿਆਨ ਵਾਲਾ ਹੀ ਦੇ ਸਕਦਾ ਹੈ । ਅੰਤਮ ਜਿੱਤ ਯਕੀਨੀ ਹੈ, ਪਰ ਮੋੜ-ਘੋੜ ਅਸਥਾਈ ਤੇ ਸਥਾਨਕ ਗਲਤੀਆਂ ਜਿਹੜੀਆਂ ਕਿਸੇ ਵੀ ਸੂਰਤ ਵਿਚ ਹੋ ਜਾਂਦੀਆਂ ਹਨ ਹੁਣ ਕਿਤੇ ਆਮ ਤੌਰ ਉੱਤੇ ਵਾਪਰਨਗੀਆਂ । ਖੈਰ, ਅਸੀਂ ਇਹਨੂੰ ਸਿਰੇ ਚਾੜ੍ਹਨਾ ਹੈ, ਹੋਰ ਅਸੀਂ ਏਥੇ ਕਾਹਦੇ ਵਾਸਤੇ ਹਾਂ ।

## ਮਾਰਕਸ ਤੋਂ ਪਿਛੋਂ

ਮਾਰਕਸ ਦੀ ਮੌਤ ਪਿੱਛੋਂ ਏਂਗਲਜ਼ ਇਸਦੇ ਵਿਰੋਧੀਆਂ ਨਾਲ ਟੱਕਰ ਲੈਂਦਾ ਰਿਹਾ । ਉਸਨੇ ਆਪਣੀਆਂ ਰਚਨਾਵਾਂ ਰਾਹੀਂ ਵਿਚਾਰਧਾਰਕ ਅਤੇ ਜਥੇਬੰਦਕ ਪਕਿਆਈ ਲਈ ਵੱਡੀ ਦੇਣ ਦਿੱਤੀ।



1886 ਵਿਚ ਕਿਰਤੀਆਂ ਨੇ ਅੱਠ ਘੰਟੇ ਦੀ ਕੰਮ ਦਿਹਾੜੀ ਦਾ ਘੋਲ ਸ਼ਿਕਾਗੋ ਤੋਂ ਨਵੇਂ ਉਤਸ਼ਾਹ ਨਾਲ ਆਰੰਭਿਆ । ਇਸ ਘੋਲ ਨੇ ਕਿਰਤੀ ਵਰਗ ਨੂੰ ਸਰਮਾਏਦਾਰੀ ਪ੍ਰਬੰਧ ਸਮੇਤ ਹਕੂਮਤ ਦੀ ਸਮਝ ਬਣਾਉਣ ਵਿਚ ਵੱਡਾ ਯੋਗਦਾਨ ਪਾਇਆ । ਪਿੱਛੋਂ 1889 ਵਿਚ 'ਦੂਜੀ ਕੌਮਾਂਤਰੀ' ਨੇ ਇਸ ਸਬਕ ਨੂੰ ਪ੍ਰਚਾਰਨ ਲਈ 1 ਮਈ 1890 ਤੋਂ "ਮਈ ਦਿਹਾੜਾ" "ਕਿਰਤੀਆਂ ਦਾ ਦਿਹਾੜਾ' ਮਨਾਉਣ ਦਾ ਸੱਦਾ ਦਿੱਤਾ ।

ਵਿਗਿਆਨਕ ਗਿਆਨ ਕਦੇ ਅੱਗੇ ਵਧਣਾ ਬੰਦ ਨਹੀਂ ਕਰਦਾ । ਨਵੀਆਂ ਲਭਤਾਂ ਨੇ ਐਟਮ (ਪ੍ਰੋਟੋਨਜ਼, ਨਿਊਟਰੋਨਜ਼, ਇਲੈਕਟਰੋਨਜ਼ ਤੱਕ) ਨੂੰ ਜਾਣ ਲਿਆ ਪਦਾਰਥਵਾਦੀਆਂ ਦੇ ਵਿਰੋਧੀਆਂ ਨੇ ਹੱਲਾ ਬੋਲ ਦਿੱਤਾ 'ਕ ਪਦਾਰਥਵਾਦੀਆਂ ਦਾ ਕਿਲਾ ਢੱਠ ਗਿਆ ਹੈ । ਪਦਾਰਥ ਦੀ ਛੋਟੀ ਇਕਾਈ ਐਟਮ ਅਲੋਪ ਹੋ ਗਿਆ ਹੈ । ਲੈਨਿਨ ਨੇ ਵਿਗਿਆਨਕ ਲੱਭਤਾਂ ਨੂੰ ਦਰਸ਼ਨਾਉਂਦਿਆਂ ਮੋੜਵਾਂ ਸੰਭਵ ਉੱਤਰ ਦਿੱਤਾ, "ਸਾਊਓ ਜੋ ਅਲੋਪ ਹੋ ਰਿਹਾ ਹੈ ਉਹ ਪਦਾਰਥ ਬਾਰੇ ਸਾਡੇ ਗਿਆਨ ਦੀ ਸੀਮਾ ਹੈ, ਪਦਾਰਥ ਨਹੀਂ ।"

"ਪਦਾਰਥ ਬਾਹਰਮੁਖੀ ਅਸਲੀਅਤ ਨੂੰ ਦਰਸਾਉਂਦਾ ਇਕ ਦਾਰਸ਼ਨਿਕ ਪ੍ਰਵਰਗ ਹੈ ਜੋ ਮਨੁੱਖ ਨੂੰ ਉਹਦੇ ਅਨੁਭਵ ਨੇ ਬਖਸ਼ਿਆ ਹੈ । ਪਦਾਰਥ ਉਹਨੂੰ ਕਹਿੰਦੇ ਹਨ, ਜੋ ਸਾਡੀਆਂ ਗਿਆਨ ਇੰਦਰੀਆਂ ਉੱਤੇ ਅਸਰ ਕਰਦਿਆਂ ਅਨੁਭਵ ਨੂੰ ਜਨਮ ਦੇਂਦਾ ਹੈ, ਪਦਾਰਥ ਉਹ ਬਾਹਰ ਮੁਖੀ ਅਸਲੀਅਤ ਹੈ, ਜੋ ਸਾਡੇ ਅਨੁਭਵ ਰਾਹੀਂ ਸਾਨੂੰ ਹਾਸਲ ਹੁੰਦੀ ਹੈ," ਆਦਿ ।

ਲੈਨਿਨ ਨੇ ਸਿਧਾਂਤਕ ਰਾਖੀ ਕਰਦਿਆਂ ਮਾਰਕਸਵਾਦ (ਦਰਸ਼ਨ ਅਤੇ ਆਰਥਕਤਾ) ਨੂੰ ਵਿਕਸਤ ਕੀਤਾ, ਇਸ ਲਈ ਲੈਨਿਨਵਾਦ ਦਾ ਨਾਮ ਮਾਰਕਸਵਾਦ ਦੇ ਨਾਮ ਨਾਲ ਜੁੜ ਗਿਆਂ ।

ਲੈਨਿਨ ਵੱਡੇ ਗੁਣਾਂ ਵਾਲਾ ਆਗੂ ਅਧਿਆਪਕ ਸੀ ਜਿਸ ਨੇ ਵਿਰੋਧ-ਵਿਕਾਸੀ ਵਿਧੀ ਵਿਚ ਸੰਭਵ ਹੱਦ ਤੱਕ ਨਿਪੁੰਨਤਾ ਪ੍ਰਾਪਤ ਕੀਤੀ । ਰੂਸ ਦੀਆਂ ਹਾਲਤਾਂ ਦਾ ਸਰਬੰਗੀ ਅਧਿਅਨ ਕਰਨ ਉਪਰੰਤ ਉਸਨੇ ਨਾਹਰਾ ਉੱਚਾ ਕੀਤਾ ਕਿ "ਇਨਕਲਾਬੀਆਂ ਦੀ ਜਥੇਬੰਦੀ ਦਿਓ, ਮੈਂ ਰੂਸ ਵਿਚ ਇਨਕਲਾਬ ਕਰ ਦਿਆਂਗਾ ।"

ਸਮਾਜਵਾਦੀ ਲਿਖਤਾਂ ਵਿਚ ਅਸੀਂ ਲੈਨਿਨ ਦੀ ਮੌਤ ਤੱਕ, ਆਗੂਆਂ ਵਿਚਕਾਰ ਅਖਬਾਰਾਂ ਰਾਹੀਂ, ਖੁੱਲ੍ਹੀ ਬਹਿਸ ਪੜ੍ਹਦੇ ਹਾਂ । ਉਸਾਰੀ ਦੇ ਸਵਾਲ ਤੇ ਵੱਖਰੀਆਂ ਪਹੁੰਚਾਂ ਵਿਚੋਂ ਸਹੀ ਪਹੁੰਚ ਦੀ ਸੇਧ ਉੱਤੇ ਚੱਲਣ ਦਾ, ਹੋਰ ਕੋਈ ਤਰੀਕਾ ਨਹੀਂ ਸੀ ਹੋ ਸਕਦਾ । ਲੈਨਿਨ ਕਦੀ ਟਰਾਟਸਕੀ ਧਾਰਨਾ ਵਿਰੁੱਧ ਕਦੀ ਬੁਖਾਰਨ ਧਾਰਨਾ ਵਿਰੁੱਧ. ਖੇ-ਕਿਰਕ ਘੋਲ ਕਰਦਾ ਹੈ, ਕਦੀ ਇਸ ਤੋਂ ਉਲਟ ਵੀ । ਸਾਧਾਰਨ ਨਜ਼ਰ ਨਾਲ ਦੇਖਿਆਂ ਆਪਾ-ਵਿਰੋਧ ਵੀ ਨਜ਼ਰ ਆ ਸਕਦਾ ਹੈ । ਪਰ ਵਿਰੋਧ-ਵਿਕਾਸੀ ਵਿਧੀ ਦਾ ਮਾਹਰ ਲੈਨਿਨ ਹੀ ਸੀ ਜੋ ਹਰ ਬਰੀਕ ਤੋਂ ਬਰੀਕ ਨੁਕਤੇ ਉੱਤੇ ਗਲਤ ਵਿਰੁੱਧ ਜੂਝਿਆ । ਠੀਕ ਵਿਕਸਤ ਕਰਨ ਲਈ ਅੱਗੇ ਆਇਆ । ਉਹ ਗਲਤ ਵਿਰੁੱਧ ਘੋਲ ਵਿਚ ਕਦੇ ਵੀ ਢਿੱਲ ਨਹੀਂ ਸੀ ਆਉਣ ਦੇਂਦਾ, ਕਿਉਂਕਿ ਫਲਸਫੇ ਬਾਰੇ ਉਹ ਬਹੁਤ ਸਪਸ਼ਟ ਸੀ ਕਿ ਸ਼ਕਤੀ ਲੋਕ ਹਨ । ਉਹਨਾਂ ਨੂੰ ਠੀਕ ਸੇਧ ਮੁਹੱਈਆ ਕਰਨੀ ਬੜੀ ਜ਼ਰੂਰੀ ਹੈ, ਤਦ ਹੀ ਲੋਕ "ਵੱਡੇ ਕਾਰਨਾਮੇ" ਕਰਦੇ ਹਨ ।

1924 ਵਿਚ, ਉਹ ਕੇਂਦਰ ਜਿਸ ਦੇ ਦਿਮਾਗ ਵਿਚ ਸਮਾਜਵਾਦ ਦੀ ਉਸਾਰੀ ਦਾ ਮਾਡਲ

ਦੂਜਿਆਂ ਨਾਲੋਂ ਵਧੇਰੇ ਸਪਸ਼ਟ ਸੀ. ਜੋ ਦੂਰ-ਅੰਦੇਸ਼ ਸੀ ਅਤੇ ਵਕਤੀ ਲਾਭਾਂ ਲਈ ਭਵਿੱਖ ਨੂੰ ਦਾਅ ਉੱਤੇ ਨਹੀਂ ਸੀ ਲਾਉਂਦਾ, ਜੋ ਲੋਕ ਹਿੱਤ ਦੇ ਪੈਂਤੜੇ ਤੋਂ ਨਵੇਂ ਅਨੁਸਾਰ ਸਾਥੀਆਂ ਨੂੰ ਪਾਰਟੀ ਨੂੰ ਢਾਲਦਾ ਸੀ, ਜੋ ਗਲਤੀਆਂ ਤੋਂ ਬੜੀ ਛੇਤੀ ਸਿੱਖ ਸਕਦਾ ਸੀ, ਜਿਸ ਦੀ ਕਹਿਣੀ ਕਰਨੀ ਦੇ ਸੁਮੇਲ ਅਤੇ ਉਸਦੀ (ਬਾਲਸ਼ਵਿਕ) ਪਾਰਟੀ ਦੇ ਨਿਭਾਏ ਰੋਲ ਸਦਕਾ ਲੋਕਾਂ ਵਿਚ ਬੇਹੱਦ ਹਰਮਨ ਪਿਆਰਾ ਸੀ, ਜੋ ਬੇ ਬਹਾ ਲੋਕਾਂ ਨੂੰ ਹਰਕਤ ਵਿਚ ਲਿਆਉਣ ਦੇ ਸਮਰਥ ਸੀ, ਜਿਸ ਰਾਹੀਂ ਕਮਿਊਨਿਸਟ ਸਦਾਚਾਰ (ਸੱਭਿਆਚਾਰ) ਦੇ ਪਾਰਟੀ ਅਤੇ ਮਿਹਨਤਕਸ਼ ਲੋਕਾਂ ਵਿਚ ਪੈਰ ਲਗਦੇ ਨਜ਼ਰ ਆਉਂਦੇ ਸਨ, ਉਹ ਨਾ ਰਿਹਾ। ਲੈਨਿਨ ਦੀ ਮੌਤ ਹੋ ਗਈ।

ਲੈਨਿਨ ਦੀ ਮੌਤ ਦੇ ਸਾਲ (1924) ਵਿਚ 2 ਲੱਖ 40 ਹਜ਼ਾਰ ਨਵੇਂ ਮੈਂਬਰ ਪਾਰਟੀ ਵਿਚ ਸ਼ਾਮਲ ਹੋਏ। ਲੈਨਿਨ ਦੇ ਘਾਟੇ ਨੂੰ ਗੁਣਾਂ ਦੀ ਥਾਂ ਗਿਣਤੀ ਰਾਹੀਂ ਪੂਰਾ ਕਰਨ ਦਾ ਰਾਹ ਬਣ ਗਿਆ। ਲੀਡਰਾਂ ਦੀ ਆਪਸੀ "ਗੈਰ ਕਮਿਊਨਿਸਟ ਸਦਾਚਾਰਕ" ਖਹਿ ਨੇ ਲੈਨਿਨ ਦੀ ਮੌਤ ਨਾਲ ਪਏ ਘਾਟੇ ਨੂੰ ਹੋਰ ਵਧਾ ,ਦਿੱਤਾ।

ਇਕ ਵਾਰੀ ਆਧਾਰ ਨੇ ਉਸਾਰ ਬਦਲਿਆ (ਇਨਕਲਾਬ ਕੀਤਾ) ਸੀ! ਮੁੜ ਉਸਾਰ ਨੇ ਆਧਾਰ ਬਦਲਿਆ। ਇਸ ਆਧਾਰ ਬਦਲੀ ਦੀ ਨੀਤੀ ਨਾਲ ਪੈਦਾ ਹੋਈਆਂ ਪੇਚੀਦਗੀਆਂ ਨੂੰ ਗੈਰ ਕਮਿਊਨਿਸਟ ਸਦਾਚਾਰ ਨਾਲ ਹੱਲ ਕੀਤਾ ਗਿਆ। ਸਿੱਟੇ ਵਜੋਂ ਵਿਕਾਸ ਨੂੰ ਬੰਨ੍ਹ ਵੱਜ ਗਿਆ। ਪਾਰਟੀ. ਹਕੂਮਤ ਅਤੇ ਸਮਾਜ ਵਿਚ ਖੜੋਤ ਪਾਲਣ ਲਗੀ। ਨਿਖੇਧ ਦੇ ਨਿਖੇਧ ਦਾ ਨਿਯਮ ਰੱਦ ਕਰ ਦਿੱਤਾ ਗਿਆ। ਜਮਹੂਰੀ ਪ੍ਰਕਿਰਿਆ ਰੁਕ ਗਈ। ਇਕ ਤੋਂ ਪਿੱਛੋਂ ਦੂਜੀ, ਇੰਜ ਵਿਗਾੜ ਲਗਾਤਾਰ ਜਮ੍ਹਾਂ ਹੁੰਦੇ ਗਏ। ਹਕੂਮਤ ਤੇ ਪਾਰਟੀ ਇਕ ਹੁੰਦੀਆਂ ਗਈਆਂ। ਪਾਰਟੀ ਅਤੇ ਹਕੂਮਤੀ ਆਗੂਆਂ ਦੀ ਟੇਕ ਅਫਸਰਸ਼ਾਹੀ ਤੇ ਵਧਦੀ ਗਈ, ਭ੍ਰਿਸ਼ਟਾਚਾਰ ਵਧਣ ਲੱਗਾ। ਇੰਜ ਪਾਰਟੀ ਹਕੂਮਤ ਲੋਕਾਂ ਵਿਚੋਂ ਨਿਖੜਦਿਆਂ ਨਿਖੜਦਿਆ ਨਿਖੜ ਗਈ।

ਪੈਦਾਵਾਰ ਵਿਚ ਸ਼ੁਰੂ ਦੇ ਵਾਧੇ ਦੀ ਦਰ ਲਗਾਤਾਰ ਘਟਦੀ ਗਈ! ਪੈਦਾਵਾਰ ਦਾ ਟੀਚਾ 'ਮਾਤਰਾ' ਜਾਂ 'ਗਿਣਤੀ' ਵਿਚ ਹੋਣ ਕਾਰਨ ਗੁਣਤਾ ਦੀ ਲੋੜ ਨਹੀਂ ਸਮਝੀ ਗਈ। ਉਤਪਾਦਕਤਾ ਵਧਾਉਣ ਦੀ ਥਾਂ ਰੁਜ਼ਗਾਰ ਦੀ ਗਰੰਟੀ ਤੇ ਟੇਕ ਰੱਖੀ। ਸਮਾਜਵਾਦ ਦੇ ਅਸੂਲ "ਹਰ ਇਕ ਤੋਂ ਉਸ ਦੀ ਯੋਗਤਾ ਮੁਤਾਬਕ ਕੰਮ ਅਤੇ ਕੰਮ ਮੁਤਾਬਕ ਉਜਰਤ" ਦੇ ਅਸੂਲ ਦੀ ਥਾਂ ਬਰਾਬਰੀ ਦੇ ਅਸੂਲ ਨੇ ਮੱਲ ਲਈ।

ਉਤਪਾਦਕਤਾ ਵਧਾਉਣ ਨਾਲ ਜਿਵੇਂ ਸਰਮਾਏਦਾਰੀ ਵੇਲੇ ਫਾਲਤੂ ਕਿਰਤ ਸਮਾਂ ਫਾਲਤੂ ਕਦਰ ਪੈਦਾ ਕਰਦਾ ਹੈ. ਸਮਾਜਵਾਦ ਵਿਚ ਇਸ ਨਿਯਮ ਨੇ ਮੁੜ ਉਤਪਾਦਨ ਵਿਚ ਪੈਣ ਨਾਲ, ਸਮਾਜਵਾਦੀ ਉੱਨਤੀ ਵਿਚ ਜਾਦੂ ਦਾ ਕੰਮ ਕਰਨਾ ਸੀ। ਤੇਜ਼ ਰਫਤਾਰ ਉੱਨਤੀ ਨੇ ਵਾਧੂ ਪੈਦਾਵਾਰ ਰਾਹੀਂ ਬਹੁਤਾਤ ਵਾਲੇ ਸਮਾਜ ਵੱਲ ਮਾਰਚ ਕਰਦਿਆਂ "ਹਰ ਇਕ ਤੋਂ ਉਸ ਦੀ ਯੋਗਤਾ ਮੁਤਾਬਕ ਅਤੇ ਹਰ ਇਕ ਨੂੰ ਲੋੜਾਂ ਮੁਤਾਬਕ" ਦੇ ਟੀਚੇ ਤੇ ਪੁੱਜਣਾ ਹੁੰਦਾ ਹੈ। ਕਾਮੇ ਦਾ ਹਿੱਤ ਪੈਦਾਵਾਰ ਨਾਲ ਨਾ ਰਿਹਾ, ਉਤਪਾਦਕਤਾ ਵਧਣੋਂ ਰੁਕ ਗਈ। ਰੁਜ਼ਗਾਰ ਦੇ ਹੁੰਦਿਆਂ ਖੜੋਤ ਦਾ ਬੋਲਬਾਲਾ ਹੋ ਗਿਆ। ਖੜੋਤ ਤੇ ਸਮਾਜਵਾਦ ਦੋ ਵਿਰੋਧੀ ਹਨ। ਦੋਵੇਂ ਇਕੋ ਸਮੇਂ ਨਹੀਂ ਹੋ ਸਕਦੇ। ਇਹ ਸਮਾਜਵਾਦ ਨਾ ਹੋ ਕੇ ਕੁੱਝ ਹੋਰ, ਇਕ ਪਾਰਟੀ ਸੀ. ਪੀ. ਐਸ. ਯੂ. ਦਾ ਰਾਜ ਸੀ।



ਜਿਸ ਤੋਂ ਲੋਕ ਜੋ ਪੀੜ੍ਹੀ-ਦਰ-ਪੀੜ੍ਹੀ ਬਦਲਦੇ ਗਏ ਸਨ, ਇਨਕਲਾਬ ਤੋਂ ਪਿੱਛੋਂ ਚੌਥੀ ਪੀੜ੍ਹੀ ਪ੍ਰਵਾਨ ਚੜ੍ਹ ਰਹੀ ਸੀ, ਉਹ ਖੜੋਤ (ਸਮਾਜਵਾਦ) ਤੋਂ ਮੋੜਾ ਕੱਟਣ ਤਕ ਪੁੱਜ ਰਹੇ ਸਨ।

ਉਪਰੋਕਤ ਤਸਵੀਰ ਅਤੇ ਇਸ ਵਿਚੋਂ ਨਿਕਲਦਾ ਭਵਿੱਖ ਹਾਕਮਾਂ ਨੂੰ ਨਜ਼ਰ ਆਉਂਦਾ ਸੀ। ਅੰਤਰ ਮੁਖੀ ਢੰਗ ਨਾਲ ਇਸ ਨੂੰ ਸੰਵਾਰਨ ਸੰਭਾਲਣ ਦੀਆਂ ਕਈ ਕੋਸ਼ਿਸ਼ਾਂ ਆਰੰਭ ਹੋਈਆਂ ਪਰ ਉਹ ਬਾਹਰਮੁਖੀ ਹਾਲਤਾਂ ਨਾਲ ਮੇਲ ਨਾ ਖਾਂਦੀਆਂ ਹੋਣ ਕਾਰਨ ਵਿਚੇ ਦਮ ਤੋੜ ਜਾਂਦੀਆਂ ਰਹੀਆਂ। ਲੋਕਾਂ ਉੱਪਰ ਇਸ ਦਾ ਹੋਰ ਮਾੜਾ ਅਸਰ ਪੈਂਦਾ ਰਿਹਾ। ਉਤਸ਼ਾਹਵਾਨ ਕਾਰਕੁੰਨ, ਵਧੀਆ ਕਮਿਊਨਿਸਟ, ਇਮਾਨਦਾਰ ਲੋਕ, ਉਤਸ਼ਾਹਹੀਨ, ਬੇ-ਉਮੀਦੇ ਅਤੇ 'ਡਰੂ' ਬਣਦੇ ਗਏ। ਇਹ ਮਾਰਕਸਵਾਦੀ ਨੀਤੀਆਂ ਤੋਂ ਹਟਵੀਆਂ ਨੀਤੀਆਂ ਦਾ ਨਤੀਜਾ ਸੀ। ਮਾਰਕਸਵਾਦ ਦੀ ਇਸ ਵਿਚ ਕੋਈ ਹਾਰ ਜਾਂ ਕਸੂਰ ਨਾ ਸੀ, ਨਾ ਹੈ।

ਸਰਮਾਏਦਾਰੀ ਤੇ ਸਮਾਜਵਾਦ ਬਾਰੇ ਮਾਰਕਸ ਦੀ ਟਿੱਪਣੀ ਅੱਜ ਵੀ ਓਨੀ ਹੀ ਸੱਚ ਹੈ।

"ਸਰਮਾਏਦਾਰੀ ਦੀ ਹਾਰ ਤੇ ਪ੍ਰੋਲੇਤਾਰੀ ਦੀ ਜਿੱਤ ਇਕੋ ਜਿੰਨੀ ਅਟੱਲ ਹੈ।" ਬੀਤੇ ਵਿਚ ਸਾਡੇ ਤੋਂ, ਮਾਰਕਸਵਾਦੀਆਂ ਤੋਂ ਗਲਤੀਆਂ ਹੋਈਆਂ ਹਨ। ਜੇ ਗਲਤੀ ਸਧਾਰਨ ਵਿਅਕਤੀ ਤੋਂ ਹੋਵੇ ਤਾਂ ਉਸਦਾ ਨੁਕਸਾਨ ਘੱਟ ਹੁੰਦਾ ਹੈ। ਜੇ ਗਲਤੀ ਇਕ ਜ਼ਿੰਮੇਵਾਰ ਵਿਅਕਤੀ ਤੋਂ ਹੋਵੇ ਤਾਂ ਉਸਦਾ ਨੁਕਸਾਨ ਵਧੇਰੇ ਹੁੰਦੈ। ਜੇ ਗਲਤੀ ਸਿਧਾਂਤਕ ਹੋਵੇ ਤਾਂ ਨੁਕਸਾਨ ਸੰਸਾਰ ਪੱਧਰੀ ਹੁੰਦੈ। ਸਾਡੀ ਗਲਤੀ ਦਾ ਨਕਸਾਨ ਸੰਸਾਰ ਪੱਧਰੀ ਹੈ।

ਮਾਰਕਸਵਾਦੀ ਦਰਸ਼ਨ ਵਿਰੋਧ-ਵਿਕਾਸੀ ਪਦਾਰਥਵਾਦ ਹੈ ਅਤੇ ਸਿਧਾਂਤ ਪਦਾਰਥਵਾਦੀ ਵਿਰੋਧ-ਵਿਕਾਸੀ ਹੈ। ਅਸੀਂ, ਮਾਰਕਸਵਾਦੀ ਦਰਸ਼ਨ ਦੀ ਸਮਝ ਰਾਹੀਂ, ਸੰਸਾਰ ਨੂੰ ਜਾਣਨ ਦੀ, ਵਿਆਖਿਆ ਕਰਨ ਦੀ ਜਾਚ ਸਿੱਖ ਲਈ ਹੈ, ਪਰ ਬਦਲਣਾਂ ਕਿਵੇਂ ਹੈ ? ਇਹ ਵਿਰੋਧ-ਵਿਕਾਸ, ਪਦਾਰਥਵਾਦੀ ਵਿਰੋਧ-ਵਿਕਾਸ ਲਾਗੂ ਕਰਨ ਵਿਚ ਭੰਬਲਭੂਸੇ ਪਏ ਹੋਏ ਹਾਂ।

ਫਾਇਰਬਾਖ ਦੇ ਦਰਸ਼ਨ ਤੇ ਟਿੱਪਣੀ ਕਰਦਿਆਂ ਮਾਰਕਸ ਨੇ ਕਿਹਾ ਸੀ, "ਇਹ ਸੰਸਾਰ ਦੇ ਅਰਥ ਹੀ ਕੱਢਦਾ ਹੈ ਜਦੋਂ ਕਿ ਮਾਮਲਾ ਇਸ ਨੂੰ ਬਦਲਣ ਦਾ ਹੈ।"

ਮਾਰਕਸ ਸਰਮਾਏ ਅਤੇ ਕਿਰਤ ਦੀ ਧਿਰ ਵਿਚਕਾਰ ਟੱਕਰ ਰਾਹੀਂ, ਜਮਾਤੀ ਸੰਗਰਾਮ ਰਾਹੀਂ, ਨਵੇਂ ਸਮਾਜ, ਸਮਾਜਵਾਦ ਦੇ ਨੈਣ-ਨਕਸ਼ ਵਿਰੋਧ ਵਿਕਾਸੀ ਢੰਗ ਨਾਲ ਉਭਰਦੇ ਦਿਖਾਉਂਦਾ ਹੈ। ਸਾਡੇ ਸਮੇਂ ਵਿਚ ਜਮਾਤੀ ਸੰਗਰਾਮ ਦੇ ਸੌਂ ਜਾਣ ਕਾਰਨ, ਇਹ ਨੈਣ-ਨਕਸ਼ ਧੁੰਦਲੇ ਹੁੰਦਿਆਂ ਹੁੰਦਿਆਂ ਅਲੋਪ ਹੋਣ ਤੱਕ ਪੁੱਜ ਗਏ। ਇਸ ਗਲਤੀ ਕਾਰਨ, ਇਸ ਦੇ ਸਮਰਥਕ ਲੇਖਕ ਸਾਹਿਤਕਾਰ, ਵਿਰੋਧੀਆਂ ਅੱਗੇ ਲਾਜਵਾਬ ਹੋਣ ਕਾਰਨ, ਪ੍ਰਯੋਗਵਾਦੀ, ਸੰਰਚਨਾਵਾਦੀ, ਉਤਰ ਆਧੁਨਿਕਤਾਵਾਦੀ ਰੁਝਾਨ ਅੱਗੇ ਨਾ ਮੰਨੇ ਦਿਲ ਨਾਲ ਡਰੂ ਬਣ ਜਾਂਦੇ ਹਨ। ਜਦੋਂ ਕਿ ਨਾ ਮਾਰਕਸਵਾਦੀ ਫਲਸਫੇ ਦਾ ਕੋਈ ਬਦਲ ਹੈ, ਨਾ ਉਸ ਦੀ ਆਰਥਕ ਵਿਕਾਸ ਦੀ ਸੇਧ ਦਾ ਕੋਈ ਵਿਕਲਪ ਹੈ ਅਤੇ ਨਾ ਹੀ ਸਮਾਜ, ਸਮਾਜ਼ਵਾਦ ਤੋਂ ਪਰ੍ਹੇ ਕਿਸੇ ਪਾਸੇ ਜਾ ਸਕਦੈ।

ਸਾਡਾ ਲੇਖਕ/ਸਾਹਿਤਕਾਰ ਅਤੇ ਆਮ ਆਦਮੀ ਵੀ, ਮਾਰਕਸਵਾਦੀ ਸਿਧਾਂਤ ਵਿਚੋਂ ਉਪਜੇ ਬਿੰਬ, ਜਮਾਤੀ ਸੰਗਰਾਮ, ਸਾਂਝੀਵਾਲਤਾ, ਕਿਰਤ ਨੂੰ ਪਿਆਰ, ਜਿੱਤਾਂ, ਈਮਾਨਦਾਰੀ, ਭਰੋਸਾ, ਨਵਾਂ ਮਨੁੱਖ ਅਤੇ ਸਮਾਜਵਾਦ ਆਦਿ ਨੂੰ ਨਿੱਤ ਲਗਦੀ ਢਾਹ ਕਾਰਨ ਖੜ੍ਹਾ ਹੈ। ਉਹ ਸਰਮਾਏ

ਦੇ ਪੈਦਾ ਕੀਤੇ ਮਨੁੱਖ ਵਿਚ ਖੁਦਗਰਜ਼ੀ, ਰਿਸ਼ਵਤਖੋਰ, ਭ੍ਰਿਸ਼ਟਾਚਾਰ, ਨਫਰਤ ਅਤੇ ਕਮੀਨਗੀ ਦੇਖਦੇ। ਉਹ ਸਰਮਾਏ ਦੇ ਪ੍ਰਬੰਧ ਵਿਚ ਗੈਰ ਜਮਹੂਰੀ ਅਮਲ, ਫ਼ਿਰਕਾਪ੍ਰਸਤੀ, ਜਾਤੀਵਾਦ, ਧਾਰ-ਮਿਕ ਮੂਲਵਾਦ, ਦਹਿਸ਼ਤਗਰਦੀ, ਅਪਰਾਧ ਤੇ ਸਿਆਸਤ ਦਾ ਸੁਮੇਲ ਆਦਿ ਦੇਖ ਕੇ ਬੇਬਸੀ ਦੀ ਹਾਲਤ ਵਿਚ ਡਿੱਗ ਰਿਹਾ ਹੈ। ਹੋਰ ਤੇ ਹੋਰ "ਨਵਾਂ ਜ਼ਮਾਨਾ" ਅਖਬਾਰ ਵਿਚ ਵੀ ਬੇਬਸੀ ਝਲ-ਕਦੀ ਹੈ। ਉਹ ਵਿਚਾਰਾ 'ਨਵਾਂ ਜ਼ਮਾਨਾ' ਬਣਕੇ ਰਹਿ ਗਿਆ ਹੈ। ਇਹ ਸਭ ਕੁਝ ਸਰਮਾਏ ਦੇ ਵਿਰੋਧ ਦੀ ਧਿਰ, ਕਿਰਤ ਦੀ ਧਿਰ, ਜਿਸਨੇ ਨਵਾਂ ਸਮਾਜ ਉਸਾਰਨ ਵੱਲ ਵਧਣਾ ਹੈ, ਉਸ ਦੇ ਸੰਗਰਾਮ, ਜਮਾਤੀ ਸੰਗਰਾਮ ਦੇ ਸੌਂ ਜਾਣ ਕਾਰਨ ਹੈ।

ਇਸ ਦੇ ਸੌਂ ਜਾਣ ਦਾ ਸਬੰਧ ਕਾਰਨ, ਮਾਰਕਸਵਾਦੀ ਜਮਾਤੀ ਸ਼ਬਦਾਵਲੀ ਛੱਡ ਕੇ ਸਰ-ਮਾਏ ਦੀ ਧਿਰ ਵੱਲੋਂ ਦਿੱਤੀ ਆਰਥਕ ਸ਼ਬਦਾਵਲੀ ਅਪਣਾ ਲੈਣ ਨਾਲ ਹੈ।

ਡਾ. ਕੇਸਰ ਲਿਖਦੇ -"ਇਸ ਸਥਿਤੀ ਵਿਚ ਸਾਹਿਤਕਾਰਾਂ ਨੂੰ ਕਾਲੀ ਮੰਡੀ, ਮਿਲਾਵਟ ਤੇ ਭ੍ਰਿਸ਼ਟਾਚਾਰ ਦੀ ਮਾਂ ਕਿਰਤ ਦੇ ਸ਼ੋਸ਼ਣ ਦੀ ਪ੍ਰਕਿਰਿਆ ਨੂੰ ਖੋਜਣਾ ਚਾਹੀਦਾ ਹੈ।" ਇਹ ਜ਼ਿੰਮੇਵਾਰੀ ਬੜੀ ਆਸਾਨੀ ਨਾਲ ਉਹ ਦੂਜਿਆਂ ਤੇ ਪਾਉਂਦੇ, ਆਪ ਵਿਚੋਂ ਬਾਹਰ ਰਹਿੰਦਾ ਹੈ। ਹੋਰ ਦੇਖੋ, ਸਾਡਾ ਇਹ ਵਿਦਵਾਨ ਕਿਵੇਂ ਕੇਵਲ ਵਿਆਖਿਆ ਤੇ ਆਰਥਕ ਸ਼ਬਦਾਵਲੀ ਤੱਕ ਸੀਮਤ ਰਹਿੰਦਾ ਹੈ। "ਅਮੀਰ ਗਰੀਬ ਦੀ ਨਾ ਬਰਾਬਰੀ ਤੇ ਤਕਨਾਲੋਜੀ ਦੇ ਉਲਾਰੂ ਵਿਕਾਸ ਨਾਲ ਰੁਜ਼ਗਾਰ ਦੇ ਮੌਕੇ ਘਟੇ ਹਨ। ਦਿਨੋ ਦਿਨ ਬਹੁ-ਗਿਣਤੀ ਕਿਰਤੀ ਕਾਮੇ ਬੇ-ਰੁਜ਼ਗਾਰ ਹੋ ਰਹੇ ਹਨ। ਇਸ ਸਮੱ-ਸਿਆ ਨੂੰ ਪੁਰਾਣੇ ਟਰੇਡ ਯੂਨੀਅਨਵਾਦ ਤੇ 'ਕਲਿਆਣਕਾਰੀ ਰਾਜ' ਦੇ ਫਾਰਮੂਲੇ ਆਪੋ-ਆਪਣੀਆਂ ਰਣਨੀਤੀਆਂ ਨਾਲ ਹੱਲ ਕਰਨ ਦੀ ਅਸਫਲ ਕੋਸ਼ਿਸ਼ ਕਰਦੇ ਆ ਰਹੇ ਹਨ। ਦਲਿਤ ਰਾਜਨੀਤੀ ਤੇ ਰਾਖਵਾਂਕਰਨ ਦੀ ਸਿਆਸਤ ਦਾ ਮੁੱਖ ਮੁੱਦਾ ਰੁਜ਼ਗਾਰ ਤੇ ਸੱਤਾ ਉੱਤੇ ਕਬਜਾ ਹੈ। ਇਸ ਸਿਆਸਤ ਤੇ ਸਥਿਤੀ ਤੋਂ ਪ੍ਰੇਰਿਤ ਹੋ ਕੇ ਪੰਜਾਬੀ ਵਿਚ ਤਥਾ-ਕਥਿਤ ਦਲਿਤ ਸਾਹਿਤ ਰਚਿਆ ਜਾਣ ਲੱਗਾ ਹੈ।

ਅਸੀਂ, ਸਾਡੇ ਟਰੇਡ ਯੂਨੀਨਿਸਟ, ਸਾਡੇ ਸਾਹਿਤਕਾਰ ਲੇਖਕ ਕਿਰਤ ਦੇ ਸ਼ੋਸ਼ਨ ਦਾ ਸੰਕਲਪ ਕੰਮ ਤੇ ਲੱਗੇ ਕਿਰਤੀ ਤੱਕ ਸੀਮਤ ਕਰੀ ਬੈਠੇ ਹਾਂ। ਸਰਮਾਏਦਾਰੀ ਨੇ ਰੁਜ਼ਗਾਰ ਤੇ ਬੇਰੁਜ਼ਗਾਰ ਸ਼ਬਦ ਦਿੱਤੇ ਹਨ। ਇਹ ਆਰਥਕਤਾ ਦੇ ਸ਼ਬਦ ਹਨ। ਮਾਰਕਸਵਾਦ ਦੀ ਰਾਜਨੀਤਕ ਆਰਥਕਤਾ ਵਿਚ ਇਹ ਸ਼ਬਦ 'ਪ੍ਰੋਲਤਾਰੀ' ਅਤੇ 'ਸਰਪਲਸ ਪ੍ਰੋਲਤਾਰੀ' ਕਾਮਾ ਤੇ ਵਾਧੂ ਕਾਮਾ) ਹਨ। ਸਰਮਾਏ ਤੇ ਕਿਰਤ ਦੀ ਟੱਕਰ ਵਿਚ, ਰਾਜਨੀਤਕ ਆਰਥਕਤਾ ਅਨੁਸਾਰ ਸਰਮਾਏ ਤੇ ਪ੍ਰੋਲਤਾਰੀ ਦੀ ਟੱਕਰ ਹੈ। ਸਰਮਾਏਦਾਰ ਉਤਪਾਦਕਤਾ ਵਧਾ ਕੇ ਜਿਥੇ ਸਰਮਾਏ ਵਿਚ ਵਾਧਾ ਕਰਦਾ ਹੈ ਉਥੇ ਪ੍ਰੋਲਤਾਰੀ ਨੂੰ 'ਵਾਧੂ ਪ੍ਰੋਲਤਾਰੀ' ਵਿਚ ਪਲਟਦਾ ਹੈ। ਇਸ ਤਰ੍ਹਾਂ ਕਿਰਤ ਦੀ ਧਿਰ ਦਾ ਹਿੱਸਾ ਘਟਦਾ ਜਾਂਦਾ ਹੈ। ਪਦਾਰਥਵਾਦੀ ਵਿਰੋਧ ਵਿਕਾਸ ਅਨੁਸਾਰ ਇਸ ਹਮਲੇ ਦਾ ਤੋੜ, ਕੰਮ ਦਿਹਾੜੀ (ਸਮਾਂ ਘੱਟ ਕਰਨ ਦੇ ਸੰਗਰਾਮ ਨਾਲ, ਕਿਰਤੀ ਨੂੰ ਰਾਹਤ ਦਵਾਉਣੀ ਅਤੇ 'ਵਾਧੂ ਕਿਰਤੀ' ਨੂੰ ਕੰਮ ਦਵਾਉਣ ਨਾਲ, ਕਿਰਤ ਦੀ ਧਿਰ ਦਾ ਹਿੱਸਾ ਵਧਾਉਣਾ ਹੁੰਦਾ ਹੈ।

ਅਜਿਹਾ ਨਹੀਂ ਕੀਤਾ ਗਿਆ। ਸਿੱਟੇ ਵਜੋਂ 1991 ਵਿਚ ਸੰਸਾਰ ਪੱਧਰੀ ਦੌਲਤ ਦੀ ਵੰਡ ਦੀ ਅਜਿਹੀ ਤਸਵੀਰ ਸਰਮਾਏਦਾਰੀ ਆਪ ਕਬੂਲ ਕਰਦੀ ਹੈ:

ਉਪਰਲੇ 20 ਫੀਸਦੀ ਅਮੀਰਾਂ ਕੋਲ ਸੰਸਾਰ ਦੀ ਦੌਲਤ ਦਾ 15 ਫੀ ਸਦੀ ਹੈ।

ਹੇਠਲੇ 20 ਫੀਸਦੀ ਗਰੀਬਾਂ ਕੋਲ ਸੰਸਾਰ ਦੀ ਦੌਲਤ ਦਾ 14 ਫੀਸਦੀ ਹੈ।



ਵਿਚਕਾਰਲੇ 60 ਫੀਸਦੀ ਕੋਲ ਸੰਸਾਰ ਦੀ ਦੌਲਤ ਦਾ 13.6 ਫੀਸਦੀ ਹੈ।

358 ਵਿਅਕਤੀਆਂ ਕੋਲ ਸੰਸਾਰ ਦੀ 45% ਵਸੋਂ 230 ਕਰੋੜ ਲੋਕਾਂ) ਜਿੰਨੀ ਦੌਲਤ ਹੈ।

ਅਮਰੀਕਾ ਵਿਚ 41 ਫੀਸਦੀ ਵਰਕ ਫੋਰਸ ਵਾਧੂ ਹੈ।

ਉਪਰੋਕਤ ਤੋਂ ਸਪੱਸ਼ਟ ਹੈ ਜੇ ਅਮਰੀਕਾ ਅੰਦਰ 30 ਫੀਸਦੀ ਕੰਮ ਦਿਹਾੜੀ ਛੋਟੀ ਕਰ ਦਿੱਤੀ ਜਾਵੇ ਤਾਂ ਹਰ ਇਕ ਅਮਰੀਕੀ ਨੂੰ ਕੰਮ ਦਿੱਤਾ ਜਾ ਸਕਦਾ ਹੈ।

| | |
|---|---|
| 10 ਫੀਸਦੀ ਕੰਮ ਦਿਹਾੜੀ ਛੋਟੀ ਕਰਨ ਤੇ | 11 ਫੀਸਦੀ ਰੁਜ਼ਗਾਰ ਵਧਦਾ ਹੈ |
| 20 ਫੀਸਦੀ | =25 ਫੀਸਦੀ ਰੁਜ਼ਗਾਰ ਵਧਦਾ ਹੈ |
| 30 ਫੀਸਦੀ | =42.6 ਫੀਸਦੀ ਰੁਜ਼ਗਾਰ ਵਧਦਾ ਹੈ |
| 40 ਫੀਸਦੀ | =66 ਫੀਸਦੀ ਰੁਜ਼ਗਾਰ ਵਧਦਾ ਹੈ |
| 50 ਫੀਸਦੀ | =100 ਫੀਸਦੀ ਰੁਜ਼ਗਾਰ ਵਧਦਾ ਹੈ |

ਜਿਸ ਨੇ ਵੀ ਮਾਰਕਸਵਾਦ ਦਾ ਅਧਿਐਨ ਕੀਤਾ ਹੈ ਉਹ ਜਾਣਦੇ ਹਨ ਕਿ ਮਾਰਕਸ ਕੰਮ ਦਿਹਾੜੀ (ਜ਼ਰੂਰੀ ਕੰਮ ਸਮਾਂ+ਵਾਧੂ ਕੰਮ ਸਮਾਂ) ਨੂੰ ਜ਼ਰੂਰੀ ਕੰਮ ਸਮੇਂ ਤੱਕ ਘੱਟ ਕੀਤੇ ਜਾ ਸਕਣ ਦੀ ਗੱਲ ਕਰਦਾ ਹੈ। ਜੇ ਲੋੜ ਪਵੇ ਤਾਂ ਸਮਾਜ ਆਪਣੀਆਂ ਵਧੇਰੇ ਲੋੜਾਂ ਦੀ ਪੂਰਤੀ ਲਈ ਮੁੜ ਹੋਰ ਸਮਾਂ ਕੰਮ ਕਰ ਸਕਦਾ ਹੈ।

ਕਲਪਨਾ ਕਰੋ: ਜੇ ਅਮਰੀਕਾ ਦੀ ਸਮਾਜਵਾਦੀ ਲਹਿਰ 30 ਫੀਸਦੀ ਕੰਮ ਦਿਹਾੜੀ ਛੋਟੀ ਕਰਨ ਦਾ ਨਾਅਰਾ ਬੁਲੰਦ ਕਰੇ ਤਾਂ ਅਮਰੀਕਾ ਅੰਦਰ ਸਾਰੇ ਸਰਮਾਏਦਾਰ ਇਕ ਮੋਰਚਾ ਬਣਾ ਕੇ ਵਿਰੋਧ ਕਰਨਗੇ ਅਤੇ ਦੂਜੇ ਪਾਸੇ ਸਮਾਜਵਾਦੀ ਲਹਿਰ ਨਾਲ 41 ਫੀਸਦੀ ਵਾਧੂ ਕਾਮੇ ਤੋਂ ਇਲਾਵਾ ਕੰਮ ਵਿਚ ਸੜ ਰਹੇ ਕਿਰਤੀ, ਜਿਨ੍ਹਾਂ ਕੋਲ ਜੇ ਕਿਸੇ ਚੀਜ਼ ਦੀ ਸਭ ਤੋਂ ਵਧੇਰੇ ਕਮੀ ਹੈ ਤਾਂ ਉਹ ਹੈ ਸਮਾਂ। ਉਨ੍ਹਾਂ ਨੂੰ 30 ਫੀਸਦੀ ਕੰਮ ਦਿਹਾੜੀ ਘਟਣ ਨਾਲ, 30 ਫੀਸਦੀ ਸਮੇਂ ਦੀ ਬਚਤ ਹੋਵੇਗੀ। ਇਸ ਤਰ੍ਹਾਂ ਇਹ ਦੋਵੇਂ (ਕਾਮਾ+ਵਾਧੂ ਕਾਮਾ) ਜੁੜ ਕੇ ਹੀ, ਸਮਾਜਵਾਦੀ ਲਹਿਰ, ਬਹੁ-ਗਿਣਤੀ ਲਹਿਰ ਹੋਣ ਕਾਰਨ, ਅੱਜ ਦੇ ਜਮਹੂਰੀ ਯੁੱਗ ਵਿਚ ਸਿਆਸਤ, ਕਾਨੂੰਨ, ਧਰਮ, ਇਖਲਾਕ ਨੂੰ ਬਦਲਕੇ ਰੱਖ ਦੇਣਗੇ। ਇਸੇ ਨੂੰ ਜਦੋਂ ਇਸ ਦਾ ਸਾਹਿਤਕਾਰ ਚਿਤਰੇਗਾ ਤਾਂ "ਸਾਹਿਤ ਸਮਾਜ ਦਾ ਸ਼ੀਸ਼ਾ" ਹੋਣ ਕਾਰਨ ਅੱਜ ਦੇ ਅਮਰੀਕੀ ਸਾਹਿਤ ਦੀ ਥਾਂ ਸਮਾਜਵਾਦੀ ਸਾਹਿਤ ਹੋਵੇਗਾ।

ਹੁਣ ਤੁਸੀਂ ਅਜੇਹੀ ਸਥਿਤੀ ਨੂੰ ਵਿਚਾਰ ਕੇ ਵੇਖੋ। ਜੇ ਮਾਰਕਸ ਤੇ ਏਂਗਲਜ਼ ਦੀ ਤਰ੍ਹਾਂ ਸਾਡੀ ਸਮਾਜਵਾਦੀ ਲਹਿਰ, ਸਮੇਂ ਸਮੇਂ ਸਿਰ, ਕੰਮ ਦਿਹਾੜੀ ਛੋਟੀ ਕਰਨ ਦਾ ਜਮਾਤੀ ਸੰਗਰਾਮ ਜਾਰੀ ਰੱਖਦੀ ਤਾਂ ਅੱਜ ਸਾਨੂੰ ਪੂਰਾ ਸੰਸਾਰ ਬਦਲਿਆ ਹੋਇਆ ਮਿਲਣਾ ਸੀ। ਅਸੀਂ ਸਮਾਜਵਾਦ ਤੋਂ ਕਮਿਊਨਿਜ਼ਮ ਵੱਲ ਮਾਰਚ ਕਰਨਾ ਸੀ। ਇਹ ਹੈ ਉਹ ਘਾਟਾ ਜੋ ਅਸੀਂ ਸਿਧਾਂਤਕ ਗਲਤੀ ਕਾਰਨ ਭੁਗਤ ਰਹੇ ਹਾਂ।

ਇਸ ਸਿਧਾਂਤਕ ਦਰੁਸਤੀ ਨਾਲ ਜਦੋਂ ਹੀ ਇਹ ਨਾਹਰਾ ਕੌਮਾਂਤਰੀ ਮੰਚ ਤੋਂ ਜਾਂ ਘੱਟੋ-ਘੱਟ ਕੌਮੀ ਮੰਚ ਤੋਂ ਉੱਠੇਗਾ ਤਾਂ ਅਸੀਂ ਕੰਮ ਦੇ ਮਹਾਨ ਕੈਂਪਾਂ ਬੁਰਜੂਆ ਅਤੇ ਪ੍ਰੋਲਤਾਰੀ ਨੂੰ ਇਕ ਦੂਜੇ ਦੇ ਸਾਹਮਣੇ ਮੁੜ ਖੜੇ ਪਾਵਾਂਗੇ। ਇਹ ਟੱਕਰ ਵਿਚ ਮੁੜ ਉਹ ਸਮਾਜਵਾਦੀ ਮਨੁੱਖ (ਜੋ ਜਮਾਤੀ ਟੱਕਰ ਦੀ ਅਣਹੋਂਦ ਕਾਰਨ ਹੌਲੀ ਹੌਲੀ ਅਲੋਪ ਹੋ ਗਏ ਹਨ) ਜਮਾਤੀ ਸੰਗਰਾਮ, ਸਾਂਝੀਵਾਲਤਾ, ਇਮਾਨਦਾਰੀ, ਨਵਾਂ ਮਨੁੱਖ ਸਮਾਜਵਾਦ ਆਦਿ ਉਭਰਨਗੇ। ਅੱਜ ਦੀਆਂ ਵਧੀਆਂ ਪੈਦਾਵਾਰੀ

ਸ਼ਕਤੀਆਂ ਅਤੇ ਤੇਜ਼ ਸੰਚਾਰ ਸਾਧਨਾਂ (ਕੰਪਿਊਟਰ ਤੇ ਇੰਟਰਨੈੱਟ) ਨਾਲ, ਇਸ ਟੱਕਰ ਵਿਚ ਕਿਰਤ ਦੀ ਧਿਰ ਬੜੀ ਤੇਜ਼ੀ ਨਾਲ ਅੱਗੇ ਵਧੇਗੀ। ਇਸ ਨੂੰ ਚਿੱਤਰਨ ਵਾਲਾ ਸਾਡਾ ਸਾਹਿਤਕਾਰ/ਲੇਖਕ ਡਰੂ ਨਹੀਂ ਸਗੋਂ ਪਹਿਲਾਂ ਨਾਲੋਂ ਵੀ ਵਧੇਰੇ ਉਤਸ਼ਾਹ ਭਰਪੂਰ ਹੋਵੇਗਾ। ਉਹ ਦਿਨ ਦੂਰ ਨਹੀਂ ਜਦੋਂ ਸਾਡਾ ਸਾਹਿਤਕਾਰ ਆਪਣੇ ਸਾਫ਼ ਭਵਿੱਖ ਨਕਸ਼ੇ ਰਾਹੀਂ ਸਮਾਜਵਾਦੀ ਸੱਭਿਆਚਾਰ ਦੀ ਉਸਾਰੀ ਵਿਚ ਆਪਣਾ ਭਰਪੂਰ ਯੋਗਦਾਨ ਪਾਵੇਗਾ। ਸੱਭਿਆਚਾਰ ਜਮਾਤੀ ਹੁੰਦਾ ਹੈ। ਸੱਭਿਆ-ਚਾਰ ਦੀ ਪਹਿਚਾਣ ਦਾ ਆਧਾਰ ਸੋਚ ਅਤੇ ਅਮਲ (ਸੋਚਣ ਅਤੇ ਵਿਚਰਨ) ਹੁੰਦਾ ਹੈ। ਮੂਲ ਰੂਪ ਵਿਚ ਇਕ ਯੁੱਗ ਦੇ ਦੋ ਮੁੱਖ ਸੱਭਿਆਚਾਰ ਹੁੰਦੇ ਹਨ। ਅੱਜ ਦੇ ਯੁੱਗ ਦੇ ਵੀ ਦੋ ਮੁੱਖ ਸੱਭਿਆਚਾਰ ਹੁੰਦੇ ਹਨ' ਅੱਜ ਦੇ ਯੁੱਗ ਦੇ ਵੀ ਦੋ ਮੁੱਖ ਸੱਭਿਆਚਾਰ (ਬੂਰਜੂਆ ਅਤੇ ਪ੍ਰੋਲਤਾਰੀ ਹਨ। ਬਾਕੀ ਸੱਭਿਆਚਾਰਕ ਪਰਤਾਂ (ਜ਼ਗੀਰੂ ਸੱਭਿਆਚਾਰ, ਦਲਿਤ ਸੱਭਿਆਚਾਰ, ਖੇਤਰੀ ਸੱਭਿਆ'ਚਾਰ ਉਪਭੋਗਤਾਵਾਦੀ ਸੱਭਿਆਚਾਰ ਜਾਤੀਵਾਦੀ ਸੱਭਿਆਚਾਰ, ਧਾਰਮਿਕ ਸੱਭਿਆਚਾਰ ਆਦਿ) ਕੁਝ ਇਤਿਹਾਸਕ ਕਾਰਨਾਂ ਕਰਕੇ ਹੁੰਦੀਆਂ ਹਨ, ਪਰ ਵਧੇਰੇ ਜਮਾਤੀ ਸੰਗਰਾਮ ਦੇ ਮੱਠਾ ਪੈ ਜਾਣ ਕਾਰਨ ਉੱਠਦੀਆਂ ਹਨ। ਇਹ ਪਰਤਾਂ ਜ਼ਮਾਤੀ ਸੰਘਰਸ਼ ਦੇ ਤਿੱਖਾ ਹੋਣ ਨਾਲ ਦੋ ਮੁੱਖ ਸੱਭਿਆਚਾਰਾਂ ਵਿਚ ਮਿਲ ਜਾਂਦੀਆਂ ਹਨ ਜਾਂ ਉਨ੍ਹਾਂ ਦੀਆਂ ਸਹਾਇਕ ਬਣ ਕੇ ਵਿਚਰਦੀਆਂ ਹਨ।

ਉਪਰੋਕਤ ਵਰਤਾਰੇ ਦੀ ਸਮਝ ਪਿੱਛੋਂ, ਮਾਰਕਸਵਾਦ ਦੀ ਸਾਰਥਕਤਾ ਦਾ ਪ੍ਰਸ਼ਨ ਉੱਠਣਾ ਤਾਂ ਇਕ ਪਾਸੇ, ਮਨ ਅੰਦਰ ਜਨਮ ਹੀ ਨਹੀਂ ਲਵੇਗਾ। ਉਹ ਜਿਹੜੇ ਅੱਜ ਸਾਡੇ ਸਾਹਿਤਕਾਰਾਂ ਨੂੰ 'ਪ੍ਰਤੀਬੱਧ' ਹੋਣ ਦਾ ਮੇਹਣਾ ਮਾਰਦੇ ਹਨ, ਕੱਲ੍ਹ ਉਨ੍ਹਾਂ ਨੂੰ ਮੂੰਹ ਲੁਕਾਉਣ ਲਈ ਥਾਂ ਲੱਭਣੀ ਪਵੇਗੀ। ਸ਼ਾਇਦ ਉਨ੍ਹਾਂ ਵਿਚੋਂ ਕਈ ਕਹਿਣ "ਅਸੀਂ ਤਾਂ ਅਜਿਹਾ ਪਹਿਲਾਂ ਹੀ ਕਹਿੰਦੇ ਸੀ"। ਸਾਡੇ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਸਾਡੀ ਧਿਰ ਵੱਲੋਂ ਡਾਵਾਂਡੋਲ ਹੋ ਰਿਹਾਂ ਨੂੰ ਮੁੜ ਸਿਧਾਂਤਕ ਤੌਰ ਉੱਤੇ ਤਿਆਰ ਕਰੀਏ। ਸਿਧਾਂਤਕ ਪਕਿਆਈ ਜਿਵੇਂ ਲੈਨਿਨ ਕਿਹਾ ਕਰਦਾ ਸੀ : "ਇਕ ਸਮਾਜਵਾਦੀ ਨੂੰ ਚੰਗੀ ਤਰ੍ਹਾਂ ਸੋਚੇ ਸਮਝੇ ਅਤੇ ਪੱਕੀ ਤਰ੍ਹਾਂ ਗ੍ਰਹਿਣ ਕੀਤੇ ਸੰਸਾਰ ਦ੍ਰਿਸ਼ਟੀਕੋਣ ਦੀ ਜ਼ਰੂਰਤ ਹੈ ਤਾਂ ਕਿ ਘਟਨਾਵਾਂ ਉਸ ਤੇ ਅਸਰ ਨਾ ਕਰਨ ਬਲਕਿ ਉਹ ਘਟਨਾਵਾਂ ਉੱਤੇ ਕਾਬੂ ਪਾ ਸਕੇ" ਦੇ ਨਾਲ, ਜਮਾਤੀ ਸੰਗਰਾਮ ਅਜਿਹਾ ਮਾਹੌਲ ਤਿਆਰ ਕਰੇਗਾ ਕਿ ਨਵਿਆਂ ਦੇ ਨਾਲ, ਸਾਡੇ ਤੋਂ ਦੂਰ ਗਏ ਵੀ ਮੁੜ ਆਉਣਗੇ।

ਸਾਹਿਤਕਾਰ ਕਿਸੇ ਵਿਗਿਆਨੀ ਤੋਂ ਘੱਟ ਨਹੀਂ ਹੁੰਦਾ। ਬਲਕਿ ਸ੍ਰੇਸ਼ਠ ਹੁੰਦਾ ਹੈ। ਸਾਹਿਤ-ਕਾਰ ਸਮਾਜਕ ਗਤੀ ਨਾਲ ਦੋ-ਚਾਰ ਹੁੰਦਾ ਹੈ, ਜੋ ਸਭ ਤੋਂ ਗੁੰਝਲਦਾਰ ਗਤੀ ਹੈ। ਕਿਉਂਕਿ ਇਸ ਵਿਚ ਮਕੈਨੀਕਲ, ਫਿਜ਼ੀਕਲ, ਕੈਮੀਕਲ ਅਤੇ ਬਾਇਲੋਜੀਕਲ ਗਤੀਆਂ ਇਕੋ ਸਮੇਂ ਹੁੰਦੀਆਂ ਹਨ। ਇਹ ਐਵੇਂ ਕਰਕੇ ਪ੍ਰਚੱਲਤ ਨਹੀਂ ਹੈ ਕਿ ਸਮਾਜ ਨੂੰ ਸਮਝਣਾ ਬਹੁਤ ਕਠਿਨ ਹੈ।

ਮਾਰਕਸਵਾਦੀ ਸਾਹਿਤਕਾਰ ਬਣਨ ਲਈ ਅਤਿਅੰਤ ਜ਼ਰੂਰੀ ਹੈ ਕਿ ਸਮਾਜ ਨੂੰ ਸਮਝਣ ਦੇ ਨਾਲ-ਨਾਲ, ਬਦਲਣ ਦਾ ਕਾਰਜ ਵੀ ਨਿਭਾਉਣਾ ਆਉਂਦਾ ਹੋਵੇ। ਇਹ ਮਾਰਕਸਵਾਦ ਦੇ ਸਿਧਾਂਤ ਪਦਾਰਥਵਾਦੀ-ਵਿਰੋਧ ਵਿਕਾਸ ਵਿਚ ਮੁਹਾਰਤ ਤੋਂ ਬਗੈਰ ਸੰਭਵ ਨਹੀਂ ਹੈ। ਇਹੀ ਮਾਰਕਸਵਾਦ ਦੀ ਪ੍ਰਸੰਗਕਤਾ ਅਤੇ ਸਾਰਥਕਤਾ ਹੈ।

ਆਓ ਸਿਧਾਂਤਕ ਦਰੁਸਤੀ, ਪਕਿਆਈ ਅਤੇ ਨਵੇਂ ਉਤਸ਼ਾਹ ਨਾਲ ਬੁਰਜੁਆ ਸਭਿਆਚਾਰ ਨੂੰ ਕਹੀਏ :

ਹੁਣ ਤੈਨੂੰ ਟਕਰਾਂਗੇ, ਸੱਜਰੇ ਸ਼ਰੀਕ ਤੇਰੇ ਬਣਕੇ।⊙





## ਯੋਧੇ/ਮਹਿਮਾ ਸਿੰਘ

ਗੱਲ ਉਨ੍ਹਾਂ ਦਿਨਾਂ ਦੀ ਆ ਜਦ ਅਸੀਂ ਐਮ. ਏ. ਵਿੱਚ ਦਾਖਲਾ ਲੈ ਕੇ ਵੀ ਦੁਚਿੱਤੀ ਦਾ ਸ਼ਿਕਾਰ ਸੀਗੇ...। ਅਸੀਂ ਜਾਣਦੇ ਸੀ ਕਿ ਪੜ੍ਹਾਈ ਪੂਰੀ ਕਰਕੇ ਕਿਹੜਾ ਪਰੋਸੀ ਪਈ ਨੌਕਰੀ ਚੁੱਕ ਲੈਣੀ ਆਂ...। ਕਦੇ ਅਸੀਂ ਮਨ ਬਣਾਉਂਦੇ ਕਿ ਖੇਤੀਬਾੜੀ ਦਾ ਇਕ ਵੱਡਾ ਆਧੁਨਿਕ ਕਿਸਮ ਦਾ ਫ਼ਾਰਮ ਬਣਾਈਏ ਜਿਸ ਵਿੱਚ ਕਾਮਿਆਂ ਨੂੰ ਵੀ ਸਾਡੇ ਵਾਂਗ ਬਰਾਬਰ ਦੇ ਹੱਕ ਹਾਸਿਲ ਹੋਣ। ਅਸੀਂ ਆਪਣੇ ਆਪ ਨੂੰ ਖਾਸੇ ਗਰਮ ਖਿਆਲਾਂ ਵਾਲੇ ਇਨਕਲਾਬੀ ਕਿਸਮ ਦੇ ਨੌਜਵਾਨ ਸਮਝਦੇ ਸਾਂ ਤੇ ਜੇ ਕਿਤੇ ਜਲਦੀ ਹੀ ਸਾਡੇ ਵੇਖਦਿਆਂ ਹੀ ਨਕਸਲਵਾੜੀ ਲਹਿਰ ਦਾ ਲੱਕ ਨਾ ਟੁੱਟ ਜਾਂਦਾ ਤਾਂ ਖੌਰੇ ਅਸੀਂ ਵੀ ਇਸ ਲਹਿਰ ਦੇ ਲੇਖੇ ਲੱਗ ਗਏ ਹੁੰਦੇ...।

ਉਸ ਦਿਨ ਅਸੀਂ ਤਿੰਨ ਜਣੇ ਕਾਲਜ ਦੇ ਹੋਸਟਲ ਵਿੱਚ ਸਾਡੇ ਇਕ ਸੀਨੀਅਰ ਕਾਮਰੇਡ ਦੋਸਤ ਭਗਵੰਤ ਦੇ ਕਮਰੇ ਮੂਹਰੇ ਕੁਰਸੀਆਂ ਡਾਹੀ ਬੈਠੇ ਸੀ ਕਿ ਲਹਿਰ ਦੀਆਂ ਖਾਮੀਆਂ ਬਾਰੇ ਚਰਚਾ ਛਿੜ ਪਈ ਤੇ ਫਿਰ ਹਰਦੇਵ ਨੇ ਜੋ ਦੋ ਦਿਨ ਪਹਿਲਾਂ ਹੀ ਪਿੰਡੋਂ ਵਾਪਿਸ ਆਇਆ ਸੀ ਆਪਣੀ ਕੋਈ ਪਿੰਡ ਬੀਤੀ ਘਟਨਾ ਬਿਆਨ ਕਰਨੀ ਸ਼ੁਰੂ ਕਰ ਦਿੱਤੀ।

"ਮੈਂ ਤਾਂ ਯਾਰ ਅੱਗੇ ਪੜ੍ਹਨ ਦਾ ਇਰਾਦਾ ਛੱਡ ਹੀ ਬੈਠਾ ਸਾਂ। ਐਥੋਂ ਜਾ ਕੇ ਕਈ ਦਿਨ ਸਵਰਨੇ ਪਾਪੀ ਕੋਲ ਰਿਹਾ। ਫਿਰ ਘਰ ਗਿਆ ਤਾਂ ਘਰ ਦੇ ਅੱਡ ਔਖੇ...। ਉਹਨਾਂ ਨੂੰ ਮੇਰਾ ਇੰਜ ਮੁੰਡਿਆਂ ਕੋਲ ਫਿਰਨ ਦਾ ਵਤੀਰਾ ਬਹੁਤ ਬੁਰਾ ਲੱਗਦਾ। ਪਰ ਸੂਬੇਦਾਰ ਦਾ ਇਕਲੌਤਾ ਪੁੱਤਰ ਸਾਂ...ਛੇਤੀ ਕੀਤੇ ਕਹਿੰਦਾ ਵੀ ਕੁਝ ਨਹੀਂ। ਫੇਰ ਭਾਈ ਮੈਂ ਘਰੇ ਟਿਕੇ ਰਹਿਣ ਦਾ ਹੀ ਮਨ ਬਣਾ ਲਿਆ ਤੇ ਖੇਤੀ ਦੇ ਕੰਮ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਮੈਂ ਜ਼ਿਆਦਾ ਸਮਾਂ ਖ਼ੇਤਾਂ ਵਿਚ ਹੀ ਰਹਿਣ ਲੱਗ ਪਿਆ। ਮੈਂ ਕਾਮਿਆਂ ਦੇ ਕੰਮ ਵਿੱਚ ਖਾਸਾ ਦਖਲ ਦਿੰਦਾ ਤੇ ਖੁਦ ਵੀ ਕੋਈ ਨ ਕੋਈ ਕੰਮ ਕਰਦਾ ਰਹਿੰਦਾ। ਪਰ ਕਾਮੇ ਜਿਨ੍ਹਾਂ ਦਾ ਮੈਂ ਮੁਕਤੀਦਾਤਾ ਬਣਨ ਬਾਰੇ ਸੋਚਦਾ ਸਾਂ ਮੇਰੇ ਕੰਮ ਤੋਂ ਕਾਤਰ ਜਿਹੇ ਰਹਿੰਦੇ ਤੇ ਆਪਣੇ ਕਿਸੇ ਕੰਮ ਵਿੱਚ ਮੇਰੇ ਦਖਲ ਤੋਂ ਔਖੇ ਜਿਹੇ ਹੁੰਦੇ। ਉਹ ਮੈਨੂੰ ਅਨਾੜੀ ਜਿਹਾ ਹੀ ਸਮਝਦੇ ਤੇ ਮੇਰੇ ਮਖੌਲਾਂ ਤੋਂ ਖਿਝਦੇ ਸਨ। ਉਹ ਸਮਝਦੇ ਹੀ ਨਹੀਂ ਸਨ ਕਿ ਮੈਂ ਉਨ੍ਹਾਂ ਦਾ ਮੁਦਈ ਹਾਂ ਤੇ ਕਿਸੇ ਤਰ੍ਹਾਂ ਉਨ੍ਹਾਂ ਦੀ ਕਾਇਆ-ਕਲਪ ਕਰਨੀ ਚਾਹੁੰਦਾ ਹਾਂ। ਉਹ ਤਾਂ ਸਗੋਂ ਮੇਰੀਆਂ ਗੱਲਾਂ ਨੂੰ ਇੱਕ ਡਰਾਮਾ ਹੀ ਸਮਝਦੇ...।

ਓਧਰ ਬਾਪੂ ਵੀ ਮੇਰੇ ਨਾਲ ਨਾਰਾਜ਼ ਸੀ। ਉਹ ਨਹੀਂ ਸੀ ਚਾਹੁੰਦਾ ਕਿ ਮੈਂ ਪੜ੍ਹ ਲਿਖ ਕੇ ਵੀ ਮਿੱਟੀ ਨਾਲ ਮਿੱਟੀ ਹੁੰਦਾ ਫਿਰਾਂ। ਉਸ ਨੇ ਤਾਂ ਇਹ ਆਸ ਲਾਈ ਸੀ ਕਿ ਮੈਂ ਪੜ੍ਹਾਈ ਪੂਰੀ ਕਰਕੇ ਕਿਸੇ ਮਾਣ-ਇੱਜਤ ਵਾਲੇ ਅਹੁਦੇ 'ਤੇ ਲੱਗ ਜਾਵਾਂਗਾ।

ਇਧਰ ਮੇਰੇ 'ਤੇ ਕਾਮਰੇਡੀ ਭੂਤ ਸਵਾਰ ਸੀ ਤੇ ਅਗਲੀ ਪੜ੍ਹਾਈ ਜਾਂ ਨੌਕਰੀ ਲਈ ਤਾਂ ਕੋਈ ਖਿੱਚ ਹੀ ਨਹੀਂ ਸੀ। ਮੈਂ ਤਾਂ ਉਹ ਜਿਵੇਂ ਆਪਾਂ ਕਹਿੰਦੇ ਹੁੰਦੇ ਸੀ ..ਉਹ ਸਹਿਕਾਰੀ ਫ਼ਾਰਮ ਵਾਲਾ ਤਜਰਬਾ ਵੀ ਕਰਨਾ ਚਾਹੁੰਦਾ ਸੀ ਤੇ ਬੇਬੇ ਦੇ ਕਹਿਣ 'ਤੇ ਵਿਆਹ ਕਰਵਾਉਣਾ ਵੀ ਮੰਨ ਨਹੀਂ ਸਾਂ ਰਿਹਾ। ਪਰ ਮੈਂ ਹੁਣ ਇਹ ਵੀ ਮਹਿਸੂਸ ਕਰਨ ਲੱਗ ਪਿਆ ਸਾਂ ਕਿ ਚਾਹੇ ਮੈਂ ਸਮਾਜ-ਵਾਦੀ ਖ਼ਿਆਲਾਂ ਦਾ ਹਾਮੀ ਸੀ ਪਰ ਮੇਰੇ ਵਲੋਂ ਕਾਮਿਆਂ ਵਿਚ ਖੁਦ ਵਿਚਰਨ 'ਤੇ ਮੇਰੇ ਵਿੱਚ ਕੋਈ

ਤਬਦੀਲੀ ਵੀ ਆ ਰਹੀ ਸੀ...। ਖੌਰੇ ਮੇਰੇ ਅੰਦਰਲਾ ਜ਼ੱਦੀ ਜਾਇਦਾਦ ਦਾ ਮਾਲਕ ਜਾਗ ਰਿਹਾ ਸੀ। ਹੁਣ ਮੈਨੂੰ ਐਂ ਵੀ ਲੱਗਦਾ ਬਈ ਜ਼ਿਆਦਾ ਕਾਮੇ ਤਾਂ ਬੇਈਮਾਨ ਤੇ ਕਮਚੋਰ ਹੀ ਹਨ। ਭਾਵੇਂ ਪੜ੍ਹੇ ਹੋਏ ਮਾਰਕਸੀ ਫਲਸਫੇ ਦੇ ਚਾਨਣ ਵਿੱਚ ਕਦੇ ਇੰਜ ਦੀ ਸੋਚਦਾ ਕਿ ਇਸ ਤਰ੍ਹਾਂ ਦੇ ਵਿਚਾਰ ਪਿੱਛੇ ਉਹਨਾਂ ਦੀਆਂ ਗਰੀਬੀ ਕਾਰਨ ਪਈਆਂ ਆਦਤਾਂ ਦਾ ਰੋਲ ਹੈ...।

ਪਰ ਫੇਰ ਵੀ ਕਈ ਵਾਰੀ ਮੈਂ ਇੰਜ ਸੋਚਦਾ, 'ਕੀ ਇਹ ਲੋਕ ਸਗੋਂ ਸਮਾਜ਼ਵਾਦੀ ਪ੍ਰਣਾਲੀ ਦੇ ਲਾਇਕ ਵੀ ਹਨ...?' ਮੈਂ ਦੇਖਿਆ ਇਨ੍ਹਾਂ ਵਿੱਚ ਬਦਲੇ ਦੀ ਭਾਵਨਾ ਵੀ ਦੱਬੀ ਹੋਈ ਚਿੰਗਾਰੀ ਵਾਂਗ ਹੈ ਜੋ ਸਮਾਂ ਆਉਣ 'ਤੇ ਭਾਂਬੜ ਵੀ ਬਣ ਸਕਦੀ ਆ। ਭਲਾਂ ਜੇ ਸਮਾਜਵਾਦ ਦੇ ਪੱਖ ਵਿਚ ਤੇਜ਼ੀ ਨਾਲ ਤਬਦੀਲੀਆਂ ਵਾਪਰ ਜਾਣ ਤਾਂ ਕੀ ਉਸੇ ਤੇਜ਼ੀ ਨਾਲ ਸਮਾਜ ਵਿੱਚ ਇੱਕ ਲੋੜੀਂਦਾ ਸੰਤੁਲਨ ਕਾਇਮ ਹੋ ਸਕੇਗਾ...?"

"ਸਮਝੌਤਾ ਵਾਦੀ ਹੋ ਚੱਲਿਆ ਬਈ ਸਾਡਾ ਕਾਮਰੇਡ ਹੁਣ ਤਾਂ ਸੁੱਤੇ ਸਿੱਧ ਬ੍ਰਹਮਣਵਾਦੀ ਨੀਤੀ ਦਾ ਸ਼ਿਕਾਰ ਹੋ ਰਿਹਾ ਏ...।" ਮੈਂ ਵਿਅੰਗ ਨਾਲ ਕਿਹਾ ਤਾਂ ਹਰਦੇਵ ਨੇ ਖਸਿਆਣਾ ਜਿਹਾ ਹੋ ਕੇ ਫਿਰ ਅੱਗੇ ਕਹਿਣਾ ਸ਼ੁਰੂ ਕੀਤਾ।

"ਨਕਸਲਵਾੜੀ ਲਹਿਰ ਨੇ ਪਿੰਡਾਂ ਦੇ ਕੁਝ ਕਾਮਿਆਂ ਵਿੱਚ ਵੀ ਨਵੀਂ ਚੇਤਨਾ ਜ਼ਰੂਰ ਲਿਆਂਦੀ ਸੀ। ਭਾਵੇਂ ਉਹ ਇਹ ਨਹੀਂ ਸਨ ਜਾਣਦੇ ਕਿ ਇਸ ਸੂਝ ਨੂੰ ਉਸਾਰੂ ਢੰਗ ਨਾਲ ਕਿਵੇਂ ਵਰਤਣਾ...। ਪਰ ਦਰਅਸਲ ਸਾਰੇ ਹਰੀਜਨ ਵਰਗ ਵਿੱਚ ਸ਼ੁਰੂ ਤੋਂ ਹੀ ਕਾਂਗਰਸ ਪਾਰਟੀ ਦਾ ਪ੍ਰਭਾਵ ਜ਼ਿਆਦਾ ਰਿਹਾ ਤੇ ਇਨ੍ਹਾਂ ਲੋਕਾਂ ਨੇ ਜ਼ਿਆਦਾ ਕਾਂਗਰਸੀਏ ਸਮਾਜਵਾਦ ਦੇ ਹੀ ਸੁਪਨੇ ਦੇਖੇ ਨੇ...।

ਸਾਡੇ ਫ਼ਾਰਮ ਵਿੱਚ ਕਈ ਕਾਮੇ ਸੀਗੇ, ਜਿਨ੍ਹਾਂ ਨਾਲ ਮੈਂ ਅਕਸਰ ਬਹਿਸ ਵਿਚ ਉਲਝਦਾ ਰਿਹਾ ਹਾਂ ਅਤੇ ਇਸ ਤਰ੍ਹਾਂ ਹੀ ਇੱਕ ਦਿਨ ਕੁਝ ਘਟੀਆ ਜਿਹੀ ਬਹਿਸ ਦੌਰਾਨ ਮੈਂ ਆਪਣੇ ਇਕ ਪੱਕੇ ਸਾਲ ਭਰ ਲਈ ਰਲੇ ਹੋਣੇ ਸੀਰੀ ਨੂੰ ਕੁੱਟ ਬੈਠਾ...। ਬੱਸ ਐਵੇਂ ਕੁਝ ਸਿੱਧੀਆਂ ਪੁੱਠੀਆਂ ਜਿਹੀਆਂ ਗੱਲਾਂ ਕਰਦਿਆਂ ਦਾ ਸਾਡਾ ਝਗੜਾ ਵਧ ਗਿਆ।

'ਬਚਨ' ਨਾਂ ਦਾ ਇਹ ਮੁੰਡਾ ਕਾਫੀ ਆਕੜ ਵਾਲਾ ਸੀ। ਜਿਵੇਂ ਪਿੰਡਾਂ ਵਿੱਚ ਕੁਝ ਗਰੀਬ ਤਬਕੇ ਦੇ ਬੰਦੇ ਵੀ ਵੈਲਪੁਣੇ ਵਿੱਚ ਪੈਰ ਧਰਦੇ ਹੁੰਦੇ ਨੇ ਨਾ...। ਬਾਪੂ ਨੇ ਪਤਾ ਨਹੀਂ ਕਿਉਂ ਅਜਿਹਾ ਬੰਦਾ ਸਾਂਝੀ ਰਲਾ ਲਿਆ ਸੀ...? ਜਾਂ ਉਹ ਅਜਿਹੇ ਬੰਦਿਆਂ ਨਾਲ ਵਰਤਣਾ ਜਾਣਦਾ ਹੋਊਗਾ...। ਪਰ ਮੈਂ ਦੇਖਿਆ ਕਿ ਐਹੋ ਜਿਹੇ ਬੰਦਿਆਂ ਤੋਂ ਪਿੰਡ ਦੇ ਮਾੜੇ ਮੋਟੇ ਜੱਟ ਵੀ ਡਰਿਆ ਕਰਦੇ ਨੇ...।

ਉਸ ਦਿਨ ਸਾਡੀ ਬਹਿਸ ਦਾ ਮੁੱਦਾ ਸੀ ਕਾਂਗਰਸ ਸਰਕਾਰ ਵੱਲੋਂ ਹਰੀਜਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਜ਼ਮੀਨਾਂ। ਤਾਂ ਮੈਂ ਆਖ ਰਿਹਾ ਸੀ ਕਿ ਇਹ ਕਾਂਗਰਸ ਪਾਰਟੀ ਦੀ ਵੋਟਾਂ ਲੈਣ ਵਾਲੀ ਡੰਗ ਟਪਾਊ ਨੀਤੀਆਂ ਜਿਸ ਤੋਂ ਹਰੀਜਨ ਗੁਮਰਾਹ ਹੋ ਰਹੇ ਨੇ...। ਪਰ ਹਰੀਜਨ ਤਾਂ ਹਾਲੇ ਤੱਕ ਵੀ ਕਾਂਗਰਸ ਪਾਰਟੀ ਨੂੰ ਹੀ ਆਪਣੀ ਕਾਇਆ-ਕਲਪ ਕਰਨ ਵਾਲੀ ਪਾਰਟੀ ਸਮਝਦੇ ਆ। ਸੋ ਬਚਨ ਨੇ ਮੈਨੂੰ ਵਿਅੰਗ ਜਿਹੇ ਨਾਲ ਕਿਹਾ।



"ਤੁਸੀਂ ਇਸ ਪਾਰਟੀ ਤੋਂ ਇਸ ਲਈ ਜਲਦੇ ਓ ਕਿ ਇਹ ਪਾਰਟੀ ਸਾਨੂੰ ਜ਼ਮੀਨਾਂ ਦੇਣ ਵਾਲੀ ਆ...। ਸਾਨੂੰ ਤਾਂ ਐਂ ਲਗਦਾ ਬਈ ਸਾਨੂੰ ਹੁਣ ਜ਼ਮੀਨਾਂ ਮਿਲ ਹੀ ਜਾਣਗੀਆਂ...। ਅਸੀਂ ਵੀ ਫੇਰ ਜੱਟਾਂ ਤੋਂ ਕਈ ਨਿੱਕੇ-ਮੋਟੇ ਕੰਮ ਧੰਦੇ ਕਰਵਾਇਆ ਕਰਾਂਗੇ...।" ਉਸ ਨੇ ਮਖੌਲ ਵਜੋਂ ਕਿਹਾ ਜਾਂ ਕਿਸੇ ਗੁੱਝੇ ਵਿਅੰਗ ਨਾਲ ਪਰ ਪਤਾ ਨਹੀਂ ਕਿਉਂ ਮੈਨੂੰ ਇਹ ਗੱਲ ਖਾਸੀ ਚੁਭੀ...। ਮੈਂ ਕਿਹਾ, "ਮਨ ਖੁਸ਼ ਰੱਖਣ ਨੂੰ ਇਹ ਖਿਆਲ ਚੰਗਾ ਵਾ...ਪਰ ਪਹਿਲੀ ਗੱਲ ਤਾਂ ਇਹ ਨਿਰਾ ਚਕੌਂਸਲਾ ਵਾ. ਤੇ ਦੂਜੀ ਗੱਲ ਜੇ ਕੋਈ ਐਹੋ ਜਿਹਾ ਸਰਕਾਰੀ ਪੁੰਨਦਾਨ ਹੋਇਆ ਵੀ ਤਾਂ ਕਿਸੇ ਨੂੰ ਇਕ ਅੱਧ ਏਕੜ ਤੋਂ ਵੱਧ ਜ਼ਮੀਨ ਨਹੀਂ ਮਿਲਣੀ। ਪਰ ਚਲੋ ਮੰਨ ਲਓ ਕੰਮੀਆਂ ਨੂੰ ਕੁਝ ਵੱਧ ਜ਼ਮੀਨ ਵੀ ਮਿਲ ਗਈ...ਤਾਂ ਤੇਰੇ ਵਰਗੇ ਕੰਮਚੋਰ ਤਾਂ ਫੇਰ ਵੀ ਭੁੱਖੇ ਹੀ ਮਰਨਗੇ...ਊਂ ਬੋਲਣ ਨੂੰ ਤੂੰ ਬਘੇਰਾ ਸ਼ੇਰ ਆਂ...ਪਰ ਕੰਮ ਵੇਲੇ ਤੂੰ ਘੰਟੇ ਬਾਅਦ ਪੈਰ ਚੁੱਕਦਾ ਏਂ ਮੌਲੇ ਬਲਦ ਵਾਂਗੂੰ.।'

ਮੇਰੀ ਏਨੀ ਗੱਲ ਸੁਣਦਿਆਂ ਬਚਨ ਦੀਆਂ ਅੱਖਾਂ ਵਿਚੋਂ ਸੇਕ ਜਿਹਾ ਨਿੱਕਲਿਆ, ਪਰ ਮੈਂ ਫੇਰ ਵੀ ਆਪਣਾ ਕਾਮਰੇਡੀ ਭਾਸ਼ਣ ਜਾਰੀ ਰੱਖਿਆ।

"ਸਮਾਜਵਾਦੀ ਢਾਂਚੇ ਵਿੱਚ ਵੀ ਜਿਹੜਾ ਬੰਦਾ ਇਮਾਨਦਾਰੀ ਨਾਲ ਵੱਧ ਕੰਮ ਕਰੂਗਾਂ ਉਹਦੀ ਹੀ ਵੱਧ ਕਦਰ ਪਊਗੀ। ਤੇਰੇ ਵਰਗੇ ਕੰਮਚੋਰਾਂ ਦੀ ਤਾਂ ਫੇਰ ਵੀ ਕੋਈ ਵੁੱਕਤ ਨਹੀਂ ਹੋਣੀ...।"

ਬਚਨ ਪਹਿਲਾਂ ਹੀ ਮੇਰੀਆਂ ਗੱਲਾ ਨਾਲ ਚਿੜ੍ਹ ਰਿਹਾ ਸੀ। ਕਈ ਵਾਰ ਕਮਚੋਰ ਕਹੇ ਜਾਣ ਨਾਲ ਉਸਨੇ ਗੁੱਸੇ ਵਿੱਚ ਆ ਕੇ ਹਥਲੀ ਕਹੀ ਖਾਲੇ ਦੇ ਨੱਕੇ ਵਿੱਚ ਪੂਰੀ ਧੁਸੋ ਦਿੱਤੀ ਤੇ ਸਿਰ ਚੁੱਕ ਕੇ ਬੋਲਿਆ।

"ਤਾਂ ਫੇਰ ਅਸੀਂ ਤਾਂ ਹੋਏ ਕਮਜ਼ੋਰ ਤੇ ਬੇਈਮਾਨ...ਤੁਸੀਂ ਫਸਲਾਂ ਵਿੱਚ ਕਮੀਆਂ ਦੀਆਂ ਕੁੜੀਆਂ ਨੱਪਣ ਆਲੇ ਭਲੇਮਾਨਸ ਓਂ ਸਾਰੇ...!"

"ਆਹ ਗੱਲ, ਮੈਨੂੰ ਲਾ ਕੇ ਕਿਵੇਂ ਕਹੀ ਆ ਤੂੰ ?" ਕਿਉਂਕਿ ਮੈਂ ਇਸ ਗੱਲ ਦਾ ਬਚਨ ਦੀਆਂ ਅੱਖਾਂ ਵਿਚੋਂ ਆਪਣੇ ਨਾਲ ਕੋਈ ਸਬੰਧ ਵੇਖ ਲਿਆ ਸੀ।

"ਓਦਣ ਤੇਰੇ ਭਾ ਦਾ ਮੀਤੋ ਨਾਲ ਗੱਲਾਂ ਕਰਦਾ ਮੈਂ ਦੇਖਿਆ ਨਹੀਂ ਤਾਂ ਤੈਨੂੰ...।" ਉਹਨੇ ਜਿਵੇਂ ਵੰਗਾਰ ਜਿਹੀ ਨਾਲ ਕਿਹਾ ਸੀ। ਮੈਨੂੰ ਬੜਾ ਗੁੱਸਾ ਆਇਆ ਤੇ ਮੈਂ ਲੈਂਦਿਆਂ ਇਕ ਕਾੜ੍ਹ ਕਰਦਾ ਬੱਪੜ ਉਸ ਦੇ ਮੂੰਹ 'ਤੇ ਮਾਰਿਆ ਤੇ ਕਿਹਾ।

"ਸਾਲਿਆ ਸਾਡੇ ਪੁਰਾਣੇ ਵਗਾਰੀਆਂ ਦੀ ਕੁੜੀ ਆਂ ਉਹ...ਮੈਂ ਤਾਂ ਉਹਨੂੰ ਨਿੱਕੀ ਭੈਣ ਵਾਂਗੂੰ ਸਮਝਨਾ...ਤੈਨੂੰ ਗੰਦਗੀ ਦੇ ਕੀੜੇ ਨੂੰ ਸਭ ਕੁਝ ਗੰਦਾ ਈ ਦਿਸਦਾ।"

ਉਹ ਪਹਿਲਾਂ ਤਾਂ ਬੱਪੜ ਪੈਣ ਨਾਲ ਚਕਰਾ ਜਿਹਾ ਗਿਆ ਪਰ ਫੇਰ ਸਾਲੇ ਨੇ ਬੁੜ੍ਹਕ ਕੇ ਮੇਰੇ ਕੁੜਤੇ ਦਾ ਗਲਮਾ ਫੜ ਲਿਆ। ਮੈਂ ਇਕ ਘਸੁੰਨ ਉਹਦੇ ਜੁਬਾੜੇ 'ਤੇ ਮਾਰਿਆ ਤਾਂ ਪਿੱਛੇ ਨੂੰ ਉਲਰ ਰਹੇ ਨੇ ਉਸ ਨੇ ਝਟਕੇ ਨਾਲ ਮੇਰਾ ਕੁੜਤਾ ਪਾੜ ਦਿੱਤਾ। ਪਰ ਜਦ ਲੜਖੜਾਉਂਦਾ ਹੋਇਆ ਉਹ ਫੇਰ ਮੇਰੇ ਵੱਲ ਨੂੰ ਅਹੁਲਿਆ ਤਾਂ ਮੈਂ ਠਿੱਬੀ ਮਾਰ ਕੇ ਥੱਲੇ ਸੁੱਟ ਲਿਆ ਤੇ ਛਾਤੀ ਤੇ ਬਹਿ ਕੇ ਚੰਗੀਆਂ ਰਗਾਂ ਮਲੀਆਂ। ਹੁਣ ਡਰੇ ਹੋਏ ਨੇ ਉਹਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ।

ਪਹਿਲਾਂ ਤਾਂ ਉਹਨੂੰ ਉੱਕਾ ਖ਼ਿਆਲ ਨਹੀਂ ਸੀ ਕਿ ਇਸ ਸ਼ਹਿਤੀਏ ਜਿਹੇ ਬੰਦੇ ਵਿੱਚ ਏਨੀ ਜਾਨ ਵੀ ਹਊਗੀ।

ਸਾਡਾ ਰੌਲਾ ਸੁਣ ਕੇ ਬਾਪੂ ਤੇ ਸਾਡਾ ਇੱਕ ਹੋਰ ਕਾਮਾ ਕਰਮਾ, ਨਾਲ ਦੀ ਪੈਲੀ ਵਿਚੋਂ ਭੱਜੇ ਆਏ। ਉਹਨਾਂ ਦੇ ਉਥੇ ਆਉਣ ਤੱਕ ਮੈਂ ਉਸ ਦਾ ਹੁਲੀਆ ਵਿਗਾੜ ਦਿੱਤਾ ਸੀ। ਭਾਵੇਂ ਫਟੇ ਹੋਏ ਕੁੜਤੇ ਨਾਲ ਹੁਲੀਆ ਤਾਂ ਮੇਰਾ ਵੀ ਵਿਗੜਿਆ ਹੀ ਹੋਇਆ ਸੀ। ਬਾਪੂ ਤੇ ਕਰਮੇ ਨੇ ਮੈਨੂੰ ਖਿੱਚ ਕੇ ਬਚਨ ਤੋਂ ਲਾਹਿਆ। ਬਚਨ ਉੱਠ ਕੇ ਪਹਿਲਾਂ ਤਾਂ ਬੇਤਰਿਆਂ ਵਾਂਗ ਝਾਕਿਆ...। ਫਿਰ ਕੁਝ ਕਾਹਲੇ ਕਦਮੀਂ ਪਿੱਛੇ ਨੂੰ ਹਟ ਗਿਆ ਤੇ ਫਿਰ ਲਗਭਗ ਭੱਜਦਾ ਹੋਇਆ ਗੜਕਿਆ, "ਕੋਈ ਨਾ ਬੱਚੂ ਏਸੇ ਪਿੰਡ 'ਚ ਰਹਿਣਾ ਨਾ...ਲੰਮੇ ਹੱਥੀਂ ਨਾ ਟੱਕਰਿਆ ਤਾਂ ਮੇਰਾ ਵੀ ਨਾਂਅ ਬਚਨ ਨਹੀਂ...।"

"ਖੜਾ ਤੇਰੇ ਲੰਮੇ ਹੱਥਾਂ ਦੀ...।" ਜਦ ਮੈਂ ਥੋੜ੍ਹਾ ਜਿਹਾ ਉਧਰ ਨੂੰ ਹੋਇਆ ਤਾਂ ਬਚਨ ਪੱਤਰੇ ਤੋੜ ਹੋ ਲਿਆ।

"ਤੂੰ ਜਾਣ ਦੇ ਸਰਦਾਰਾ ਹੁਣ...ਕਮਲਾ ਸੌਹਰਾ ਉਹ ਤਾਂ।" ਕਰਮੇ ਨੇ ਮੈਨੂੰ ਸਮਝੌਤੀ ਜਿਹੀ ਦਿੱਤੀ। ਫਿਰ ਬਾਪੂ ਨੇ ਕੁਝ ਔਖਾ ਜਿਹਾ ਜਿਹਾ ਹੋ ਕੇ ਪੁੱਛਿਆ, "ਕੀ ਗੱਲ ਹੋਗੀ ਸੀ ?"

ਮਖਿਆ, "ਗੱਲ ਕੀ ਹੋਣੀ ਸੀ—ਸਾਲਾ ਬੋਲਦਾ ਈ ਬਹੁਤ ਪੁੱਠਾ...ਪਤਾ ਨਹੀਂ ਕਿੱਥੋਂ ਲੱਭ ਪਿਆ ਥੋਨੂੰ ਇਹ ਬੰਦਾ ..।" ਮੈਂ ਆਂਪਣਾ ਪਾਇਆ ਹੋਇਆ ਕੁੜਤਾ ਲਾਹ ਕੇ ਮੋਢੇ 'ਤੇ ਸੁੱਟਿਆ ਤੇ ਔਲੂ ਵੱਲ ਨੂੰ ਚਲਾ ਗਿਆ।

ਬਾਪੂ ਤੇ ਕਰਮਾ ਕੁਝ ਚਿਰ ਸਾਡੇ ਦੋਹਾਂ ਦੇ ਮੂੜ ਮੱਤ ਹੋਣ ਬਾਰੇ ਤਬਸਰਾ ਕਰਦੇ ਰਹੇ। ਔਲੂ ਤੋਂ ਮੂੰਹ-ਹੱਥ ਧੋ ਕੇ ਜਦ ਮੈਂ ਪਿੰਡ ਵੱਲ ਨੂੰ ਤੁਰ ਪਿਆ ਤਾਂ ਕਰਮਾ ਕਹਿੰਦਾ, "ਰੁਕ ਜਾ ਸਰਦਾਰ ਹਾਲੇ ਤੂੰ...ਕੱਠੇ ਚੱਲਾਂਗੇ ਪਿੰਡ ਨੂੰ, ਉਹਦਾ ਕੀ ਪਤਾ ਕਮਲੇ ਦਾ ਰਾਹ 'ਚ ਪੰਗਾ ਲੈ ਲਵੇ ਕੋਈ ..।"

"ਕੀ ਪੰਗਾ ਲਊਗਾ ?" ਮੈਂ ਗੁੱਸੇ ਨਾਲ ਬੋਲਿਆ ਤਾਂ ਕਰਮਾ ਝੇਪ ਗਿਆ। "ਘਰੇ ਟਿਕ ਕੇ ਬੈਠੀਂ ਉਏ...ਅਸੀਂ ਵੀ ਆਉਨੇ ਆਂ। ਅੱਜ ਡੰਗਰ ਨਹਾ ਲਈਂ ਤੂੰ ਘਰੇ ਚੱਲ ਕੇ ਕਰਮਿਆ ...। ਸੁੱਟ ਪੱਠੇ ਰੇਹੜੀ ਵਿੱਚ ਚੱਲੀਏ ਆਪਾਂ ਵੀ...।" ਬਾਪੂ ਨੇ ਤਿਊੜੀਆਂ ਭਰੇ ਮੱਥੇ ਤੋਂ ਪਸੀਨਾ ਪੂੰਝਿਆ।

ਬਚਨ ਜਦ ਸਾਡੇ ਨਾਲ ਰਲਿਆ ਸੀ, ਦੋ ਹਜ਼ਾਰ ਤਾਂ ਉਸ ਨੇ ਪਹਿਲਾ ਹੀ ਲੈ ਲਿਆ ਸੀ। ਇਕ ਹਜ਼ਾਰ ਦੀਵਾਲੀ ਤੋਂ ਬਾਅਦ ਤੇ ਫਿਰ ਇਕ ਹਜ਼ਾਰ ਹਾੜ੍ਹੀ ਤੋਂ ਬਾਅਦ ਲੈਣਾ ਕੀਤਾ ਸੀ। ਪਰ ਉਸ ਨੂੰ ਰਲੇ ਨੂੰ ਹਾਲੇ ਡੇਢ ਮਹੀਨਾ ਵੀ ਨਹੀਂ ਸੀ ਹੋਇਆ ਕਿ ਆਹ ਰੱਫੜ ਖੜਾ ਹੋ ਗਿਆ।

ਕੁਝ ਦਿਨਾਂ ਬਾਅਦ ਬਾਪੂ ਉਹਨਾਂ ਦੇ ਘਰ ਗਿਆ ਤੇ ਉਸ ਨੂੰ ਸਮਝਾਇਆ, "ਅੱਗੇ ਤੋਂ ਤੈਥੋਂ ਜਿਹੜਾ ਕੰਮ ਕਰਾਉਣਾ ਹੋਊ ਮੈਂ ਕਰਾਊਂਗਾ...ਜਾਹ ਤੈਨੂੰ ਹਰਦੇਵ ਨਾ ਕਹੂ ਕੁਝ...। ਮੈਂ ਮੰਨਦਾ ਗਲਤੀ ਉਹਦੀ ਵੀ ਆ...ਪਰ ਬੋਲਿਆ ਤਾਂ ਵੱਧ ਘੱਟ ਤੂੰ ਵੀ ਆਂ ।" ਪਰ ਜਦ



ਬਾਪੂ ਦੀਆਂ ਸਾਰੀਆਂ ਗੱਲਾਂ ਦੇ ਜਵਾਬ ਵਿੱਚ ਬਚਨ ਘਸੁੰਨ-ਵੱਟਾ ਜਿਹਾ ਹੀ ਬਣਿਆ ਰਿਹਾ ਤਾਂ ਬਾਪੂ ਨੇ ਹਿਸਾਬ ਕਰਨ ਲਈ ਕਿਹਾ।

"ਕਿਹੜਾ ਹਿਸਾਬ ?" ਬਚਨ ਹੁਣ ਅੱਗ-ਬਬੂਲਾ ਹੋ ਉੱਠਿਆ। ਮੂੰਹੋਂ ਥੁੱਕ ਸੁੱਟਦਾ ਉਹ ਬੋਲਿਆ, "ਨਾਲੇ ਤਾਂ ਜੱਟਾਂ ਨੇ ਕੁੱਟ ਲਿਆ...ਨਾਲੇ ਪੈਸੇ ਭਾਲਦੇ ਨੇ ਹਾਲੇ...ਮੈਂ ਥਾਣੇ ਰਿਪੋਟ ਨਈਂ ਲਿਖਾਈ ਤਾਂ ਕਰਕੇ ?"

ਫਿਰ ਦੂਜੇ ਦਿਨ ਬਾਪੂ ਸਰਪੰਚ ਨੂੰ ਨਾਲ ਲੈ ਕੇ ਗਿਆ। ਬਚਨ ਪਹਿਲਾਂ ਤਾਂ ਪੁਰਾਣੀ ਸੁਰ ਵਿਚ ਹੀ ਖਾਸਾ ਚਿਰ ਬੋਲਦਾ ਰਿਹਾ। ਅਖੀਰ ਸਰਪੰਚ ਨੇ ਕੁਝ ਗੁੱਸੇ ਵਿੱਚ ਆ ਕੇ ਕਿਹਾ।

"ਮੈਂ ਜਾਣਦਾ ਤੈਨੂੰ ਵੱਡੇ ਭਲੇਮਾਣਸ ਨੂੰ...ਜਾ ਕੰਮ 'ਤੇ ਚੱਲ ਪੈ ਕੱਲ੍ਹ ਤੋਂ.. ਜਾਂ ਫ਼ਿਰ ਪੈਸੇ ਮੋੜ, ਬੋਲ ਕੀ ਕਹਿੰਦਾ...?"

"ਜਿਹੜਾ ਕੁੱਟਿਆ ਮੈਨੂੰ ਇਹਨਾਂ...?" ਉਹ ਸਰਪੰਚ ਵੱਲ ਕੌੜਾ ਜਿਹਾ ਝਾਕ ਕੇ ਬੋਲਿਆ।

"ਤਾਂ ਫਿਰ ਇਜਲਾਸ ਵਿੱਚ ਆ ਜੀਂ...ਤੇਰੀਆਂ ਕੀਤੀਆਂ ਕਰੀਆਂ ਦਾ ਵੀ ਸਭ ਨੂੰ ਪਤਾ ਲੱਗ ਜੂ...ਜੇ ਇਹਨਾਂ ਦਾ ਕਸੂਰ ਹੋਊਗਾ ਤਾਂ ਵੀ ਨਿੱਤਰ ਆਉਗੀ ਗੱਲ। ਪਰ ਸੋਚ ਲਾ ਹਾਲੇ ਵੀ। ਜੇ ਮਤਾ ਤੇਰੇ ਉਲਟ ਗਿਆ ਤਾਂ ਦੁੱਗਣਾ ਜੁਰਮਾਨਾ ਵੀ ਪਊ। ਹੁਣੇ ਸੋਚ ਲੈ ਤੂੰ ਕੀ ਲੈਣਾ ਪੰਚਾਇਤ ਵਿਚ ਜਾ ਕੇ ? ਜਾਂ ਕੰਮ 'ਤੇ ਤੁਰ ਪੈ ਜਾਂ ਪੈਸੇ ਹੀ ਮੋੜ ਦੇ ਬਾਕੀ ਦੇ। ਏਸੇ ਗੱਲ 'ਚ ਭਲਾ ਤੇਰਾ।"

ਅੜਬ ਸਰਪੰਚ ਦੀ ਧਮਕੀ ਸੁਣ ਕੇ ਬਚਨ ਲੇਟ ਗਿਆ। ਫਿਰ ਕੁਝ ਸੋਚ ਕੇ ਬੋਲਿਆ, "ਅਜੇ ਤਾਂ ਪੈਸੇ ਹੈਨੀ ਮੇਰੇ ਪਾਸ...। ਕੰਮ 'ਤੇ ਵੀ ਨਹੀਂ ਮੈਂ ਇਨ੍ਹਾਂ ਦੇ ਜਾਣਾਂ...ਪੈਸਿਆ ਦਾ ਬੰਦੋਬਸਤ ਕਰਦੂੰ ਮਹੀਨੇ ਡੇਢ ਤੱਕ...।"

"ਕਿੰਨੇ ਬਣਦੇ ਆ ਇਸ ਵੱਲ ਪੈਸੇ ?" ਸਰਪੰਚ ਨੇ ਪੁੱਛਿਆ। ਸੂਬੇਦਾਰ ਮੱਥੇ 'ਤੇ ਹੱਥ ਫੇਰਕੇ ਬੋਲਿਆ, "ਇਹਦਾ ਲਗਿਆ ਸਾਰਾ ਡੇਢ ਮਹੀਨਾ। ਪੰਜ ਸੌ ਨਹੀਂ ਬਣਦਾ ਸਾਰਾ ਇਹਦੀ ਤਨਖਾਹ ਦਾ। ਚੱਲ ਪੰਦਰਾਂ ਸੌ ਮੋੜ ਦਵੇ ਇਹ...।"

"ਤਾਂ ਦੋ ਹਜ਼ਾਰ ਪਹਿਲਾਂ ਈ ਦੇਤਾ ਸੀ ?" ਸਰਪੰਚ ਨੇ ਕੁਝ ਹੈਰਾਨੀ ਜ਼ਾਹਰ ਕੀਤੀ।

"ਮੈਨੂੰ ਜੀ ਲੋੜ ਸੀ ਪੈਸਿਆਂ ਦੀ ਪਹਿਲਾਂ ਤਾਂ ਹੀ ਲਏ ਸੀ...ਤੇ ਹੁਣ ਮੈਂ ਖੜ੍ਹੇ ਪੈਰ ਕਿੱਥੋਂ ਲਿਆ ਦਵਾਂ ?" ਬਚਨ ਨੇ ਕੁਝ ਠਰੰਮੇ ਨਾਲ ਕਿਹਾ।

"ਤਾਂ ਫ਼ਿਰ ਕੰਮ 'ਤੇ ਤੁਰ ਪੈ ?" ਸਰਪੰਚ ਨੇ ਕਿਹਾ।

"ਕੰਮ ਨਾ ਕੁਝ ਹੋਰ...ਕੰਮ ਕਰਨੇ ਦੇ ਹੀ ਪੈਸੇ ਲਏ ਸੀ ਕੁੱਟ ਖਾਣੇ ਦੇ ਤਾਂ ਨਹੀਂ ?" ਬਚਨ ਨੇ ਇਕ ਤਰ੍ਹਾਂ ਪੈਸੇ ਦੱਬਣ ਦਾ ਜੋ ਇਰਾਦਾ ਬਣਾਇਆ ਸੀ ਉਸ ਟੇਢੇ ਢੰਗ ਨਾਲ ਜ਼ਿਕਰ ਕੀਤਾ।

"ਵੇਖ ਗੱਲ ਸੁਣ ਲੈ ਮੇਰੀ ਕੰਨ ਖੋਲ੍ਹ ਕੇ ਤੂੰ...ਜਾਂ ਤਾਂ ਕੱਲ੍ਹ ਤੋਂ ਸਿੱਧਾ ਹੋ ਕੇ ਕੰਮ 'ਤੇ ਚੱਲ ਪੈ ਜਾਂ ਫਿਰ ਦੋ ਹਫ਼ਤਿਆਂ ਦੀ ਮੋਹਲਤ ਦਿੰਨੇ ਆਂ ਤੈਨੂੰ ਪੈਸੇ ਮੋੜਨ ਲਈ। ਨਹੀਂ ਫਿਰ ਅਸੀਂ ਕੋਈ ਹੋਰ ਕਾਰਵਾਈ ਕਰਾਂਗੇ...। ਸਮਝ ਗਿਆ ਨਾ ਮੇਰੀ ਗੱਲ...?" ਸਰਪੰਚ ਨੇ ਲੰਬੀ ਦਾੜ੍ਹੀ 'ਤੇ ਹੱਥ ਫੇਰਿਆ : ਫਿਰ ਉਹ ਬਚਨ ਦਾ ਕੋਈ ਜਵਾਬ ਉਡੀਕੇ ਬਿਨਾਂ ਉਥੋਂ ਤੁਰ ਆਏ।

'ਹਾਂ !' ਉਸਦੀ ਲੇਰ ਸੁਣਕੇ ਨਾਮ੍ਹੇ ਦੇ ਪੈਰ ਅਟਕ ਗਏ।

'ਅੱਜ ਨਿੱਕਾ ਜਿਹਾ ਕੰਮ ਸਾਰ। ਆਟਾ ਦੁਆਦੇ ਸਰਦਾਰਨੀ ਤੋਂ ਕਿਲੋ ਦੁਸੇਰ, ਜੁਆਕ ਰਾਤ ਦੇ ਅੱਧ ਭੁੱਖੇ ਬੈਠੇ ਆ, ਮੈਂ ਤਾਂ ਰਾਤ ਆਉਣਾ ਸੀ, ਉਨ੍ਹਾਂ ਹਰਾਮਦਿਆਂ ਨੇ ਆਉਣ ਨੀ ਦਿੱਤਾ? ਕੇਹਰੂ ਨੇ ਜਿਵੇਂ ਪੈਰੀਂ ਲਿਟਣ ਵਾਂਗ ਕਿਹਾ।

'ਆ ਜਾ ਲੈ ਜਾ, ਸੌਹਰਿਆ ਜੁਆਕ ਤਾਂ ਨੀ ਮਾਰਨੇ ਭੁੱਖੇ, ਕੋਹੜਿਆ ਹੜਤਾਲ 'ਚ ਨਿਆਣੇ ਮਾਰ ਲੈਣੇ ਸੀ ਤੂੰ ਤਾਂ', ਨਾਮ੍ਹੇ ਨੇ ਹਮਦਰਦੀ ਨਾਲ ਆਖਿਆ।

ਜਿੱਥੇ ਉਪ੍ਰੋਕਤ ਕਹਾਣੀ ਵਿਕਸਿਤ ਹੋ ਰਹੇ ਅਰਥਚਾਰੇ ਵਿੱਚ ਬਦਲ ਰਹੇ ਮਨੁੱਖੀ ਰਿਸ਼ਤਿਆਂ ਦੀਆਂ ਉਲਝੀਆਂ ਹੋਈਆਂ ਤੰਦਾਂ ਦੀ ਖਿੱਚੋਤਾਣ ਦੀ ਤਸਵੀਰ ਉਲੀਕਦੀ ਹੈ ਉੱਥੇ ਸਮਾਜ-ਵਿਗਿਆਨੀਆਂ ਤੇ ਅਰਥ-ਸ਼ਾਸਤਰੀਆਂ ਲਈ ਨਵੇਂ ਸਵਾਲ ਵੀ ਖੜ੍ਹੇ ਕਰਦੀ ਹੈ।

ਜਾਨਵਰਾਂ ਤੇ ਇਨਸਾਨਾਂ ਵਿੱਚ ਕਾਮੁਕ ਉਤੇਜਨਾ ਤੇ ਉਲਟ ਲਿੰਗ ਪ੍ਰਤੀ ਖਿੱਚ ਅਤੇ ਉਕਸਾਹਟ ਦੇ ਅੱਡ ਅੱਡ ਪੱਧਰਾਂ ਦਾ ਪ੍ਰਗਟਾਵਾ ਕਰਦੀਆਂ ਕਹਾਣੀਆਂ 'ਹਨੀਮੂਨ' ਤੇ 'ਅਗਨ-ਬਾਣ' ਇੱਕ ਵਰਗ ਵਿੱਚ ਰੱਖੀਆਂ ਜਾ ਸਕਦੀਆਂ ਹਨ।

ਇੱਕ ਕਹਾਣੀ 'ਮੁਕਤੀ ਨਹੀਂ' ਉਪ੍ਰੋਕਤ ਵਰਗਾਂ ਵਿੱਚੋਂ ਕਿਸੇ ਵਿੱਚ ਵੀ ਫਿੱਟ ਨਹੀਂ ਹੁੰਦੀ ਤੇ ਸ਼ਾਇਦ ਇਸੇ ਕਾਰਨ ਇਸ ਸੰਗ੍ਰਹਿ ਦੀ ਸੱਭ ਤੋਂ ਰੌਚਕ ਕਹਾਣੀ ਭਾਸਦੀ ਹੈ।

ਮਨੁੱਖੀ ਜੀਵਨ ਕਿਤਨਾ ਵੀ ਕਸ਼ਟਦਾਇਕ ਕਿਉਂ ਨਾ ਹੋਵੇ ਫਿਰ ਵੀ ਸਧਾਰਨ ਪ੍ਰਾਣੀ ਮਰਨ ਤੋਂ ਬਾਅਦ ਮੁੜ ਮਨੁੱਖ ਬਣਨਾ ਹੀ ਲੋਚਦਾ ਹੈ ਭਾਵੇਂ ਵੇਦ, ਸ਼ਾਸਤਰ ਜਿਤਨਾ ਮਰਜ਼ੀ ਆਤਮਾ ਦੀ ਮੁਕਤੀ ਦਾ ਦੁਹਾਈ ਦਿੰਦੇ ਰਹਿਣ। ਕਹਾਣੀ ਵਿਚਲਾ ਇਹ ਵਾਰਤਾਲਾਪ ਇਸ ਤੱਥ ਦੀ ਪੁਸ਼ਟੀ ਕਰਦਾ ਹੈ—

'ਇਹ ਮੁਕਤ ਕਿਵੇਂ ਹੋ ਜੂਗਾ ਭਲਾ' ਗੱਲ ਕਰਨ ਵੇਲੇ ਮੂੰਹ 'ਚੋਂ ਚਿੱਥੀ ਦਾਤਣ ਮੁੜ ਮੂੰਹ ਵਿੱਚ ਪਾਂਦੇ ਸਰਪੰਚ ਨੂੰ ਜੈਲੀ ਨੇ ਜੇਰਾ ਕਰਕੇ ਪੁੱਛ ਹੀ ਲਿਆ।

'ਕੁਲਿਆ...ਬੰਦਾ ਚੌਰਾਸੀ ਦੇ ਗੇੜ 'ਚੋਂ ਨਿਕਲ ਜਾਂਦੈ, ਜੰਮਣ ਮਰਨ ਦੇ ਗੇੜ 'ਚ ਨਿਕਲ ਜਾਂਦੈ, ਫੇਰ ਨਾ ਕਦੇ ਜੰਮਦੈ ਨਾ ਮਰਦੈ...ਬੱਸ...ਹੋਰ ਕੀ।

ਸਰਪੰਚ ਦੀ ਧੀਰਜ ਨਾਲ ਕਹੀ ਗੱਲ ਸੁਣਕੇ ਵੀ ਜਿਵੇਂ ਜੈਲੀ ਘਬਰਾ ਗਿਆ। ਉਸਦਾ ਰੰਗ ਖੱਗਾ ਫੂਸ ਹੋ ਗਿਆ। ਆਪਣੀ ਪੂਰੀ ਸ਼ਕਤੀ ਜਮ੍ਹਾ ਕਰਕੇ ਉਹ ਮਸਾਂ ਏਨਾ ਹੀ ਬੋਲ ਸਕਿਆ, 'ਹੈਂ ਜੀ...ਫੇਰ ਜਵਾਂ ਈ ਬੱਸ...ਬੰਦੇ ਦਾ ਜਾਮਾ ਨੀ ਮਿਲਦਾ ਫੇਰ ਕਦੇ ਵੀ ?'

ਸੋ ਇਸ ਤਰ੍ਹਾਂ ਨਾਲ ਸਮੁੱਚਾ ਕਹਾਣੀ ਸੰਗ੍ਰਹਿ ਕਿਸੇ ਇੱਕ ਵਿਸ਼ੇ ਦੁਆਲੇ ਘੁੰਮਦਾ ਰਹਿਣ ਦੀ ਬਜਾਇ ਮਨੁੱਖੀ ਜ਼ਿੰਦਗੀ ਦੇ ਵੱਖ ਵੱਖ ਪਹਿਲੂਆਂ ਨੂੰ ਛੂੰਹਦਾ, ਟਟੋਲਦਾ ਤੇ ਬਿਆਨਦਾ ਹੈ। ਵਿਸ਼ਿਆਂ ਦੀ ਬਹੁਪੱਖਤਾ ਜਿੱਥੇ ਕਹਾਣੀ ਸੰਗ੍ਰਹਿ ਨੂੰ ਨੀਰਸਤਾ ਮੁਕਤੀ ਪ੍ਰਦਾਨ ਕਰਦੀ ਹੈ ਉਥੇ ਲੇਖਕ ਦੇ ਪੇਂਡੂ, ਸ਼ਹਿਰੀ ਤੇ ਅਰਧ-ਸ਼ਹਿਰੀ ਜੀਵਨਾਂ ਪ੍ਰਤੀ ਅਨੁਭਵਾਂ ਦੀ ਤਰਜਮਾਨੀ ਵੀ ਕਰਦੀ ਹੈ। ਆਮ ਤੌਰ ਤੇ ਕਿਸੇ ਵਿਕਸਿਤ ਸਭਿਆਚਾਰ ਤੇ ਅਰਥ-ਵਿਵਸਥਾ ਵਿੱਚ ਰਹਿੰਦਿਆਂ ਘੱਟ ਵਿਕਸਿਤ ਅਰਥ-ਵਿਵਸਥਾ ਵਿੱਚ ਰਹਿਣ ਵਾਲਿਆਂ ਪ੍ਰਤੀ ਨਾ-ਵਾਜਬ ਤੇ ਉਲਾਰ ਧਾਰਨਾਵਾਂ ਬਣੀਆਂ ਰਹਿੰਦੀਆਂ ਹਨ ਜੋ ਕਿ ਅਕਸਰ ਅਗਿਆਨਤਾ ਦਾ ਉਪਜ ਹੁੰਦੀਆਂ ਹਨ। ਹਥਲੇ ਕਹਾਣੀ ਸੰਗ੍ਰਹਿ ਦੀਆਂ ਬਹੁ-ਗਿਣਤੀ ਕਹਾਣੀਆਂ ਇਸ ਪਹਿਲੂ ਨੂੰ ਭਲੀ ਭਾਂਤ ਉਜਾਗਰ ਕਰਦੀਆਂ ਹਨ।



ਇਸ ਕਹਾਣੀ ਸੰਗ੍ਰਹਿ ਵਿਚਲਾ ਮੁਹਾਵਰਾ ਨਿਸਚੇ ਹੀ ਇਸਦਾ ਸਭ ਤੋਂ ਦਿਲਚਸਪ ਪਹਿਲੂ ਜਾਪਦਾ ਹੈ। ਠੇਠ ਇਲਾਕਾਈ ਹੋਣ ਦੇ ਨਾਲ ਨਾਲ ਕਹਾਵਤਾਂ, ਕਿੱਸਿਆਂ ਤੇ ਬੋਲਾਂ ਵਿਚਲੀ ਸਵਭਾਵਿਕਤਾ ਦੇ ਰਸ ਭਰਪੂਰ ਸੰਵਾਦ ਪਾਤਰ ਉਸਾਰੀ ਨੂੰ ਕਲਾਤਮਿਕ ਬਣਾਉਂਦੇ ਹਨ। ਵਾਰਤਾਲਾਪ ਤੇ ਬਿਰਤਾਂਤ ਦਾ ਢੁੱਕਵਾਂ-ਫ਼ੱਬਵਾਂ ਅਨੁਪਾਤ ਬਹੁ-ਗਿਣਤੀ ਕਹਾਣੀਆਂ ਨੂੰ ਚੁਸਤ ਚਾਲੇ ਤੋਰੀ ਰੱਖਦਾ ਹੈ ਤੇ ਇਸ ਤਰ੍ਹਾਂ ਪਾਠਕ ਕਥਾ-ਵਸਤੂ ਦੀ ਵਿਸ਼ਾਲਤਾ ਤੇ ਗਹਿਰਾਈ ਨਾਪਦਿਆਂ ਉਸ ਵਿੱਚ ਡੁੱਬ-ਗੁਆਚਣ ਤੋਂ ਬਚਿਆ ਰਹਿੰਦਾ ਹੈ।

ਕੁੱਝ ਇਕ ਆਮ ਤੌਰ ਤੇ ਵਰਜਿਤ ਸ਼ਬਦਾਂ ਦੀ ਵਰਤੋਂ ਕੁੱਝ ਪਾਠਕਾਂ ਨੂੰ ਅਣ-ਸੁਖਾਵੀਂ ਜਾਪ ਸਕਦੀ ਹੈ ਕਿੰਤੂ ਹਾਲਾਤਾਂ ਦੀ ਪ੍ਰਸੰਗਤਾ ਤੇ ਪਾਤਰਾਂ ਦੇ ਸੁਭਾਅ ਅਤੇ ਮਾਨਸਿਕਤਾ ਅਨੁਕੂਲ ਇਹ ਸ਼ਬਦ ਕੁਥਾਵੇਂ ਜਾਂ ਚੁੱਭਵੇਂ ਨਹੀਂ ਜਾਪਦੇ। ਉਂਝ ਵੀ ਜੇਕਰ ਅਸੀਂ ਪੰਜਾਬੀ ਕਹਾਣੀ ਨੂੰ ਸਮਕਾਲੀ ਹੋਰ ਭਾਸ਼ਾਵਾਂ ਦੀ ਕਹਾਣੀ ਨਾਲ ਮੇਚਣਾ ਹੈ ਤਾਂ ਟੈਬੂ (TABoo)ਵਿਸ਼ਿਆਂ ਜਾਂ ਸ਼ਬਦਾਂ ਦੇ ਵਰਤਣ ਜਾਂ ਨਾ-ਵਰਤਣ ਦੀ ਬਹਿਸ ਤੋਂ ਉਤਾਂਹ ਉੱਠਣਾ ਪਵੇਗਾ।

ਪਹਿਲੇ ਵਰਗ ਦੀਆਂ ਕੁੱਝ ਕਹਾਣੀਆਂ ਜਿਵੇਂ 'ਐਡਮ ਤੇ ਈਵ,' 'ਓਪਰੀ ਹਵਾ' 'ਸੱਪ ਛੱਡਣਾ' 'ਦਹਿਸ਼ਤਗਰਦ' ਜਾਂ (ਔਤ) ਵਿੱਚ ਪਿੰਡ ਦਾ ਜਮਪਲ ਨੌਜਵਾਨ ਮੁਖ ਪਾਤਰ ਜੋ ਕਿ ਸ਼ਹਿਰ ਵਿੱਚ ਨੌਕਰੀ ਕਰਦਾ ਜਾਂ ਪੜ੍ਹਦਾ ਹੈ ਦੇ ਕਿਰਦਾਰਾਂ ਵਿੱਚ ਭਿੰਨਤਾਂ ਦਾ ਅਭਾਵ ਹੈ। ਅਜਿਹਾ ਸ਼ਾਇਦ ਇਸ ਕਾਰਨ ਹੈ ਕਿ ਇਹਨਾਂ ਪਾਤਰਾਂ ਰਾਹੀਂ ਲੇਖਕ ਖੁਦ ਆਪਣੇ ਆਪ ਨੂੰ ਪਾਠਕਾਂ ਸਾਹਮਣੇ ਪੇਸ਼ ਕਰਨ ਦਾ ਚਾਹਵਾਨ ਹੈ। ਇਸੇ ਤਰ੍ਹਾਂ 'ਐਡਮ ਤੇ ਈਵ' ਅਤੇ 'ਦਹਿਸ਼ਤਗਰਦ' ਵਿੱਚ ਮੁੱਖ-ਪਾਤਰ ਦੀ ਪਤਨੀ ਦਾ ਕਿਰਦਾਰ ਤੇ ਇਹਨਾਂ ਹੀ ਕਹਾਣੀਆਂ ਵਿੱਚ ਬਾਪੂ ਤੇ ਬੇਬੇ ਦੇ ਕਿਰਦਾਰ ਲਗਭੱਗ ਇਕੋ ਜਿਹੇ ਹਨ। ਸ਼ਾਇਦ ਵਿਸ਼ੇ-ਵਸਤੂ ਦੀ ਸਮਾਨਤਾ ਕਾਰਨ ਨਾ ਚਾਹੁੰਦੇ ਹੋਇਆਂ ਵੀ ਪਾਤਰਾਂ ਦੇ ਸੁਭਾਵਾਂ ਵਿੱਚ ਇਕਸੁਰਤਾ ਆ ਜਾਂਦੀ ਹੈ। 'ਨਾਂ ਦਾ ਪਿਛਲਾ ਅੱਧ' ਤੇ 'ਹਨੀਮੂਨ' ਕਹਾਣੀਆਂ ਵਿੱਚ ਵਾਰਤਾਲਾਪ ਦੀ ਰੌਚਕਤਾ ਦੇ ਬਾਵਜੂਦ ਪਲਾਟ ਦੀ ਕਮਜ਼ੋਰੀ ਛੁਪਦੀ ਨਹੀਂ। ਇਸੇ ਤਰ੍ਹਾਂ 'ਤਕੜੀ ਦੀ ਡੰਡੀ' ਕਹਾਣੀ ਵਿੱਚ ਨਾਟਕੀਅਤਾ ਦੀ ਘਾਟ ਰੜਕਦੀ ਹੈ।

'ਅਗਨ-ਬਾਣ' 'ਫੈਸਲਾ' ਤੇ 'ਕੁੱਬ' ਕਹਾਣੀਆਂ ਦੇ ਅੰਤ ਵਿਚ ਲੇਖਕ ਕਈ ਕੁੱਝ ਅਣਕਿਹਾ ਛੱਡ ਜਾਂਦਾ ਹੈ। ਸੂਝਵਾਨ ਪਾਠਕ ਲਈ ਜਿੱਥੇ ਇਹ ਕਲਾਤਮਕ ਸੂਹਜ ਦਾ ਪ੍ਰਗਟਾਅ ਹੈ ਉੱਥੇ ਸਧਾਰਨ ਪਾਠਕ ਲਈ ਅਜਿਹਾ ਅੰਤ ਜ਼ਰਾ ਉਲਝਵਾਤਮਕ ਵੀ ਬਣ ਸਕਦਾ ਹੈ।

ਉਪ੍ਰੋਕਤ ਟਿੱਪਣੀਆਂ ਦੇ ਬਾਵਜੂਦ ਪੰਜਾਬੀ ਗਲਪ-ਜਗਤ ਵਿੱਚ ਓਪਰੀ ਹਵਾ' ਨੂੰ 'ਜੀ ਆਇਆਂ' ਕਹਿਣਾ ਬਣਦਾ ਹੈ ਤੇ ਲੇਖਕ ਦੇ ਮੁਹਾਵਰੇ ਤੇ ਸ਼ੈਲੀ ਦੀ ਦਾਦ ਦੇਣੀ ਬਣਦੀ ਹੈ। ਆਸ ਹੈ ਕਿ ਪਾਠਕ ਇਹਨਾਂ ਕਹਾਣੀਆਂ ਨੂੰ ਪੜ੍ਹ ਅਤੇ ਗੁੜ੍ਹ ਕੇ ਬੌਧਿਕ ਤ੍ਰਿਪਤੀ ਮਹਿਸੂਸ ਕਰਨਗੇ। (ਅਮਨ ਪਾਲ ਸਾਰਾ, ਕੈਨੇਡਾ)

## ਬੇਗਾਨੇ ਪਿੰਡ ਦੀ ਜੂਹ'—ਸਰਲ ਭਾਸ਼ਾ ਵਿੱਚ ਜਟਿਲ ਯਥਾਰਥ ਦੀ ਪੇਸ਼ਕਾਰੀ

ਬਲਬੀਰ ਪਰਵਾਨਾ ਨੇ ਪਿਛਲੇ ਸਮੇਂ ਤੋਂ ਲਘੂ-ਨਾਵਲ ਲਿਖ ਕੇ ਪੰਜਾਬੀ ਨਾਵਲ ਖੇਤਰ ਵਿੱਚ ਆਪਣੀ ਜ਼ਿਕਰਯੋਗ ਥਾਂ ਬਣਾ ਲਈ ਹੈ। ਉਸ ਦਾ ਲਘੂ-ਨਾਵਲ 'ਜੰਗਲ ਕਦੀ ਸੌਂਦਾ ਨਹੀਂ' ਸਾਹਿਤਕ ਹਲਕਿਆਂ ਵਿੱਚ ਚਰਚਿਤ ਰਿਹਾ ਹੈ। ਇਸ ਹਥਲੀ ਪੁਸਤਕ ਵਿੱਚ ਉਸ ਦੇ ਚਾਰ ਛੋਟੇ ਨਾਵਲ ਆਪਣੀਆਂ-ਆਪਣੀਆਂ ਵੰਨਗੀਆਂ ਅਤੇ ਵਿਸ਼ੇਸ਼ਤਾਵਾਂ ਰੱਖਦੇ ਹਨ।

## ਖੰਡਿਤ ਮਾਨਵੀ ਚੇਤਨਾ ਦੀ ਕਵਿਤਾ-'ਹਰਫ਼ਾਂ ਦੀ ਖੁਸ਼ਬੋ'

ਇਸ ਸਮੇਂ ਪੰਜਾਬੀ ਕਵਿਤਾ ਇਕ ਅਜਿਹੇ ਮਹੱਤਵਪੂਰਨ ਮੋੜ ਉੱਤੇ ਖੜੀ ਹੈ ਜਿਸਨੇ ਪੰਜਾਬੀ ਕਵਿਤਾ ਨੂੰ ਬਹੁਤ ਸਾਰੀਆਂ ਸੰਭਾਵਨਾਵਾਂ ਪ੍ਰਦਾਨ ਕੀਤੀਆਂ ਹਨ, ਭਾਵੇਂ ਕਿ ਕੁਝ ਇਤਿਹਾਸਕ ਸੀਮਾਵਾਂ ਦਾ ਸਾਥ ਵੀ ਇਹਨਾਂ ਨਾਲ ਹੈ। ਪੰਜਾਬ ਸੰਕਟ, ਪੰਜਾਬ ਦੇ ਰਾਜਨੀਤਕ-ਸਮਾਜਿਕ ਸੰਦ੍ਰਿਸ਼ ਤੋਂ ਉਹਲੇ ਹੋ ਗਿਆ ਹੈ ਤੇ ਇਸ ਦੇ ਨਾਲ-ਨਾਲ ਹੀ ਇਹ ਪੰਜਾਬੀ ਕਵਿਤਾ ਵਿੱਚ ਵੀ, ਇਕ ਥੀਮਕ ਇਕਾਈ ਵਜੋਂ, ਆਪਣੀ ਸਿਰਜਣਾਤਮਕਤਾ ਹੰਢਾ ਚੁੱਕਾ ਹੈ। ਵਰਤਮਾਨ ਪੰਜਾਬੀ ਕਵਿਤਾ ਇਕ ਨਵੀਂ ਥੀਮਕ ਤਲਾਸ਼ ਵਿਚ ਨਿਕਲ ਤੁਰੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਪ੍ਰਕਾਸ਼ਿਤ ਬਹੁਤ ਸਾਰੀਆਂ ਕਾਵਿ-ਪੁਸਤਕਾਂ ਦਾ ਗਹਿਨ ਅਧਿਐਨ ਸਾਨੂੰ ਰਹੱਸਵਾਦੀ-ਅਧਿਆਤਮਕ ਖੰਡਾਂ-ਬ੍ਰਹਿਮੰਡਾਂ ਦੀ ਯਾਤਰਾ ਵੀ ਕਰਵਾਉਂਦਾ ਹੈ ਤੇ ਨਾਦ ਬਣਕੇ ਗੂੰਜਦੇ ਦੇਹੀ ਦੇ ਸਵਰਗਾਂ ਦੇ ਦਰਸ਼ਨ ਵੀ ਕਰਵਾਉਂਦਾ ਹੈ। ਕਿਤੇ-ਕਿਤੇ ਇਹ ਕਵਿਤਾ, ਸੁਚੇਤ ਹੋ ਕੇ ਸਹਿਜ ਹੋਣ ਦਾ ਯਤਨ ਕਰਦੀ, ਸਰਲੀਕ੍ਰਿਤ ਯਥਾਰਥ ਦੀ ਪੇਸ਼ਕਾਰੀ ਵੱਲ ਰੁਚਿਤ ਹੋ ਜਾਂਦੀ ਹੈ । ਪ੍ਰਗਤੀਸ਼ੀਲ ਮੁਹਾਂਦਰੇ ਵਾਲੀ ਕਵਿਤਾ ਵੀ, ਨਵੇਂ ਬਦਲ ਰਹੇ ਯਥਾਰਥ ਬੋਧ ਦੀ ਅਭਿਵਿਅਕਤੀ ਨਵੀਆਂ ਸੂਹਜ ਸਮੀਕਰਣਾਂ ਦੀ ਸਿਰਜਣਾ ਕਰਨ ਦਾ ਯਤਨ ਕਰ ਰਹੀ ਹੈ। ਇਸ ਅੰਤਰ ਵਰਤੀ ਸਮੇਂ ਦੌਰਾਨ ਮਾਨਵੀ ਸੰਬੰਧ ਇਕ ਬਹੁਤ ਹੀ ਵਿਆਪਕ ਤੇ ਸਰਬ ਪ੍ਰਵਾਨਤ ਥੀਮਕ ਇਕਾਈ ਵਜੋਂ ਪੰਜਾਬੀ ਕਵਿਤਾ ਵਿਚ ਉੱਭਰੇ ਹਨ। ਵਰਤਮਾਨ ਪੰਜਾਬੀ ਕਵਿਤਾਂ ਦਾ ਇਹ ਸੱਚ ਗੁਰਦਿਆਲ ਪੱਲ੍ਹਾ ਦੀ ਕਾਵਿ-ਪੁਸਤਕ 'ਹਰਫਾਂ' ਦੀ ਖੁਸ਼ਬੋ ਦਾ ਵੀ ਸੱਚ ਹੈ ਕਿਉਂਕਿ ਇਸ ਪੁਸਤਕ ਵਿਚ ਵੀ ਇਕ ਪ੍ਰਮੁੱਖ ਥੀਮਕ ਇਕਾਈ ਮਾਨਵੀ ਸੰਬੰਧ ਹੀ ਹਨ।

ਵਧੇਰੇ ਕਵਿਤਾਵਾਂ ਵਿਚ ਪੱਲ੍ਹਾ ਮਰਦ-ਔਰਤ ਸੰਬੰਧਾਂ ਦੇ ਪ੍ਰਸੰਗ ਵਿਚ ਮਾਨਵ ਦੇ ਖੰਡਿਤ ਆਂਤਰਿਕ ਸੰਸਾਰ ਨੂੰ ਚਿਤਰਣ ਦੀ ਰੁਚੀ ਵਿਖਾਉਂਦਾ ਹੈ। ਇਸ ਆਂਤਰਿਕ ਸੰਸਾਰ ਵਿਚ ਮਾਨਵ, ਨਿਰੰਤਰ ਭਰਮ ਵਿਚ ਵਿਚਰਦਾ ਆਤਮ-ਅਨਾਤਮ ਨਾਲ ਸੰਬੰਧਤ ਸੰਕਟ ਨਾਲ ਦੋ-ਚਾਰ ਹੁੰਦਾ, ਲਗਾਤਾਰ ਭਟਕਣ ਦਾ ਸ਼ਿਕਾਰ ਦ੍ਰਿਸ਼ਟੀਗੋਚਰ ਹੁੰਦਾ ਹੈ। ਸਥਿਤੀ ਦੀ ਵਿਡੰਬਨਾ ਤੇ ਸੰਕਟ ਦਾ ਸਿਖਰ ਇਸ ਗੱਲ ਵਿੱਚ ਹੈ ਕਿ ਪਿਆਰ ਵਰਗਾ ਜਜ਼ਬਾ ਵੀ ਇਸ ਸਥਿਤੀ ਦੇ ਕਿਸੇ ਸਥਾਈ ਜਾਂ ਅਸਥਾਈ ਹੱਲ ਜਾਂ ਦਿਲਾਸੇ ਤੇ ਪ੍ਰੇਰਨਾ ਦੇ ਯੋਗ ਨਜ਼ਰ ਨਹੀਂ ਆਉਂਦਾ।

ਇਹ ਕਾਵਿ-ਸਥਿਤੀ, ਪੱਲ੍ਹਾ ਕਾਵਿ ਵਿੱਚ 'ਮੈਂ-ਤੂੰ' ਦੇ ਕਾਵਿ-ਜੁੱਟ ਨਾਲ ਸੰਬੰਧਤ ਹੈ ਜਿਹੜਾ ਕਿਸੇ ਅੰਤਰੀਵੀ ਦੋ-ਪਾਸੀ ਸੰਵਾਦ ਦਾ ਧਾਰਨੀ ਨਹੀਂ ਹੈ ਸਗੋਂ 'ਮੈਂ' ਜੋ ਦਰਅਸਲ ਕਾਵਿ-ਨਾਇਕ ਦੀ ਹੀ ਹੋਂਦ ਹੈ, ਦੇ ਇਕ-ਦਿਸ਼ਾਵੀ ਸੰਬੋਧਨ ਤੇ ਕਾਵਿ-ਚੇਤਨਾ ਰਾਹੀਂ ਅਭਿਵਿਅਕਤ ਹੁੰਦੀ ਹੈ। ਕਿਤੇ ਕਿਤੇ ਕੋਈ ਤੀਸਰਾ ਵੀ ਇਸ ਇਕ ਦਿਸ਼ਾਵੀ ਸੰਬੋਧਨ ਵਿਚ ਇਕ ਮਾਧਿਅਮ ਜਾਂ ਵਿਚੋਲੇ ਵਜੋਂ ਹਾਜ਼ਰ ਹੈ ਤੇ 'ਮੈਂ-ਤੂੰ' ਦੇ ਜੁੱਟ ਨੂੰ ਬਾਹਰੀ ਸੰਸਾਰ ਨਾਲ ਸੰਬੰਧਤ ਕਰਦਾ ਹੈ। ਸਮੁੱਚੀਆਂ ਕਵਿਤਾਵਾਂ ਵਿਚ 'ਮੈਂ-ਤੂੰ' ਇਕ ਨਿਰੰਤਰ ਤਣਾਉ ਦੀ ਸਥਿਤੀ ਵਿਚ ਵਿਚਰਦੇ ਹਨ ਤੇ 'ਮੈਂ' ਦੀ ਸੰਬੋਧਨੀ ਸੁਰ ਕਿਤੇ ਵੀ ਇਸ ਤਣਾਉ ਨੂੰ ਤਣਾਉ-ਮੁਕਤੀ ਦੇ ਸਫਰ 'ਤੇ ਨਹੀਂ ਲੈ ਕੇ ਜਾਂਦੀ।

ਕਾਵਿ-ਮੈਂ ਜਾਂ ਕਾਵਿ-ਨਾਇਕ ਸਮੁੱਚੀਆਂ ਕਵਿਤਾਵਾਂ ਵਿੱਚ ਗਹਿਨ ਉਦਾਸੀ, ਵਿਸ਼ਾਦ ਤੇ ਭਟਕਣ ਦੇ ਵਾਤਾਵਰਣ 'ਚ ਵਿਚਰ ਰਿਹਾ ਉਹ ਵਿਅਕਤੀ ਹੈ ਜੋ ਪ੍ਰਾਪਤ ਯਥਾਰਥ ਤੇ ਇੱਛਤ ਯਥਾਰਥ ਦੇ ਅੰਤਰ ਨੂੰ ਭਾਵਨਾਤਮਕ ਪੱਧਰ 'ਤੇ ਹੰਢਾਉਂਦਾ ਹੈ। ਇਸ ਕਾਵਿ-ਨਾਇਕ ਦੇ ਸਮਾ-



ਜਿਕ-ਸੱਭਿਆਚਾਰਕ ਤੇ ਸਾਹਿਤਕ ਪਰਿਪੇਖ ਨੂੰ ਕੁਰੇਦੀਆਂ, ਅਸੀਂ ਪ੍ਰਯੋਗਵਾਦੀ ਕਵਿਤਾ ਦੇ ਖੰਡਿਤ ਚੇਤਨਾ ਵਾਲੇ ਕਾਵਿ-ਵਿਅਕਤੀ ਤੱਕ ਪਹੁੰਚਦੇ ਹਾਂ ਪ੍ਰੰਤੂ ਪ੍ਰਯੋਗਵਾਦੀ ਲਹਿਰ ਦੀ ਇਤਿਹਾਸਕ ਸੀਮਾ ਉਸ ਖੰਡਿਤ ਕਾਵਿ-ਵਿਅਕਤੀ ਨੂੰ ਕਵਿਤਾ ਵਿਚ ਸੂਹਜਸ਼ੀਲ ਬਿੰਬ ਵਜੋਂ ਸਥਾਪਤ ਨਹੀਂ ਸੀ ਕਰ ਸਕੀ। ਪੱਲ੍ਹਾ ਦਾ ਕਾਵਿ-ਵਿਅਕਤੀ (ਜੇ ਨਾਇਕ ਦੇ ਸੰਕਲਪ ਨੂੰ ਧਿਆਨ ਵਿੱਚ ਰੱਖੀਏ ਤਾਂ ਇਹੀ ਕਹਿਣਾ ਵਧੇਰੇ ਉਚਿਤ ਹੈ ਉਸ ਪ੍ਰਯੋਗਵਾਦੀ ਕਾਵਿ-ਵਿਅਕਤੀ ਦਾ ਹੀ ਪ੍ਰਤੀਰੂਪ ਹੈ ਜਿਹੜਾ ਵਧੇਰੇ ਉਚਿਤ ਹੈ।) ਉਸ ਪ੍ਰਯੋਗਵਾਦੀ ਕਾਵਿ-ਵਿਅਕਤੀ ਦਾ ਹੀ ਪ੍ਰਤੀਰੂਪ ਹੈ ਜਿਹੜਾ, ਪੰਜਾਬੀ ਆਰਥਿਕਤਾ ਦੀਆਂ ਪੂੰਜੀਵਾਦੀ ਲੀਹਾਂ ਦੇ ਵਧੇਰੇ ਮਜ਼ਬੂਤ ਹੋਣ ਉਪਰੰਤ, ਅੱਜ ਦੀ ਬਹੁਤ ਸਾਰੀ ਪੰਜਾਬੀ ਕਵਿਤਾ ਵਿੱਚ ਉਭਰ ਕੇ ਸਾਹਮਣੇ ਆ ਰਿਹਾ ਹੈ। ਇਹ ਕਾਵਿ-ਵਿਅਕਤੀ ਚੇਤਨਾ-ਮਨਫ਼ੀ ਸੋਚ ਦਾ ਧਾਰਨੀ ਸੀ, ਉਪਰਾਮ, ਖੰਡਿਤ ਆਪੇ ਵਾਲਾ ਉਹ ਵਿਅਕਤੀ ਹੈ ਜੋ ਕਾਵਿ-ਨਾਇਕਾ ਦੀ ਪ੍ਰੇਰਨਾ ਬਣਨ ਤੋਂ ਵੀ ਅਸਮਰਥ ਹੈ।

'ਤੂੰ' ਜਾਂ ਕਾਵਿ-ਨਾਇਕਾ, ਕਾਵਿ-ਨਾਇਕ ਦੀ ਚੇਤਨਾ 'ਚੋਂ ਗੁਜ਼ਰਦੀ ਹੋਈ, ਉਸ ਦੇ ਸੰਬੋਧਨ ਤੇ ਟਿੱਪਣੀਆਂ ਰਾਹੀਂ ਸਾਡੇ ਤੱਕ ਪਹੁੰਚਦੀ ਹੈ । ਇਹ ਕਾਵਿ-ਨਾਇਕਾ ਉਹ ਪਰੰਪਰਾਗਤ ਭਾਰਤੀ ਨਾਰੀ ਹੈ ਜਿਸ ਦੀਆਂ ਮੁਸਕੁਰਾਹਟਾਂ ਹਿਯਾ ਦੀ ਮਿੱਟੀ ਵਿੱਚ ਗਰਕ ਹੋ ਜਾਂਦੀਆਂ ਹਨ ਤੇ 'ਰੋਂਦੀ ਅੱਖ ਵਿਚ ਹੀ ਪੀੜ ਪੱਥਰ' ਹੋ ਜਾਂਦੀ ਹੈ। ਕੁਝ ਕਵਿਤਾਵਾਂ ਵਿੱਚ ਉਹ 'ਬਦਬੂ, ਹੰਕਾਰ ਅਤੇ ਮੱਕਾਰ ਸ਼ਬਦਾਂ ਨਾਲ ਸੰਬੋਧਤ ਹੁੰਦੀ ਹੈ ਤੇ ਕੁਝ ਹੋਰ ਕਵਿਤਾਵਾਂ ਵਿਚ ਉਹ ਸਮੁੱਚੇ ਵਾਤਾਵਰਣ ਨੂੰ ਖੁਸ਼ਗਵਾਰ ਬਣਾ ਦੇਣ ਦੇ ਸਮਰੱਥ ਵੀ ਦਿਸਦੀ ਹੈ। ਉਹ ਇਕ ਉਲਝਣ ਵਿਚ ਫਸੀ ਹੋਈ ਨਾਰੀ ਵਜੋਂ ਸਾਡੇ ਸਾਹਮਣੇ ਪੇਸ਼ ਹੈ ਪ੍ਰੰਤੂ ਪਹਿਲੀ ਹੀ ਕਵਿਤਾ ਵਿਚਲੀ 'ਹੰਭੇ ਹੋਏ ਮੁਸਾਫਰ ਵਾਂਗ' ਦੀ ਤੁਲਨਾ ਇਹ ਵੀ ਦੱਸਦੀ ਹੈ ਕਿ ਪ੍ਰਾਪਤੀ ਲਈ ਉਸ ਦੇ ਯਤਨ ਵੀ ਗੈਰ-ਹਾਜ਼ਰ ਨਹੀਂ ਹਨ। ਕਵਿਤਾ 'ਅਨੁਭਵ' ਵਿੱਚ ਉਹ ਵੀ ਪੂੰਜੀਵਾਦੀ ਮਾਨਵੀ ਸੰਕਟ ਦਾ ਸ਼ਿਕਾਰ ਨਜ਼ਰ ਆਉਂਦੀ ਹੈ ਜਿੱਥੇ 'ਮੈਂ' ਸੁਚੇਤ ਹੋ ਕੇ 'ਤੂੰ' ਦੀ ਖੰਡਿਤ ਹੋਂਦ ਬਾਰੇ ਟਿੱਪਣੀ ਕਰਦਾ ਹੈ।

ਇਸ ਤਰ੍ਹਾਂ ਦੋ ਖੰਡਿਤ ਵਿਅਕਤੀਤਵਾਂ ਦੀ ਪਛਾਣ ਤੋਂ ਹੀ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹਨਾਂ ਦਰਮਿਆਨ ਸੰਬੰਧ ਨਾ ਤਾਂ ਕਿਸੇ ਰਚਨਾਤਮਕ ਮੋੜ ਤੇ ਪਹੁੰਚ ਸਕਦੇ ਹਨ ਤੇ ਨਾ ਹੀ ਕਿਸੇ ਭਾਵੁਕ ਇਕਸੁਰਤਾ ਤੇ ਸਾਂਝ ਨੂੰ ਹੀ ਜਨਮ ਦੇਣ ਦੇ ਸਮੱਰਥ ਹੋ ਸਕਦੇ ਹਨ। ਇਹ ਭਾਵੁਕ ਸੰਬੰਧ ਜਾਂ ਪਿਆਰ ਰਚਨਾਤਮਕ ਊਰਜਾ ਦਾ ਉਤਪ੍ਰੇਰਕ ਵੀ ਨਹੀਂ ਬਣਦਾ ਸਗੋਂ ਇਕ ਬਹੁਤ ਹੀ ਨਿਰਾਸ਼ਾਮਈ ਤੇ ਵਿਸ਼ਾਦ ਯੁਕਤ ਸੰਸਾਰ ਸਾਹਮਣੇ ਆਉਂਦਾ ਹੈ, ਜਿੱਥੇ ਮਾਨਵੀ ਹੋਂਦ ਲਈ ਮੌਤ ਵਿੱਚ ਦੀ ਕੋਈ ਦਿਲਾਸਾ ਨਹੀਂ ਹੈ! ਇਹ ਪਿਆਰ ਸਾਮੰਤੀ ਸਮਾਜ ਵਿਚਲੇ ਆਦਰਸ਼ਕ ਤੇ ਰੁਮਾਨੀ ਬਿਰਤੀ ਵਾਲੇ ਪਿਆਰ ਦੇ ਫਲਸਫ਼ੇ ਤੋਂ ਕੋਹਾਂ ਦੂਰ ਵਿਚਰਦਿਆਂ, ਵਿਅਕਤੀ ਦੇ ਅਧੂਰੇਪਣ ਦੇ ਅਹਿਸਾਸ ਨੂੰ ਦੂਰ ਕਰਨ ਦਾ ਭਰਮ ਮਾਤਰ ਵੀ ਨਹੀਂ ਸਿਰਜਦਾ ਤੇ ਨਾ ਹੀ ਕਿਸੇ ਹੋਰ ਦੁਨਿਆਵੀ ਤੇ ਭੌਤਕੀ ਤਣਾਉ ਨੂੰ ਹੱਲ ਕਰਨ ਪ੍ਰਤੀ ਹੀ ਯਤਨਸ਼ੀਲ ਨਜ਼ਰ ਆਉਂਦਾ ਹੈ। 'ਇਕ ਪਿਆਰ' ਤੇਰੇ ਤੇ ਮੇਰੇ ਵਿਚਕਾਰ। ਆਤਮਦਾਹ ਨੂੰ ਜਾਂਦੀ ਸੜਕ ਦੇ ਵਿਸਫੋਟਕੀ ਐਲਾਨ ਵਜੋਂ ਪੇਸ਼ ਹੁੰਦਾ ਹੈ। ਇਸੇ ਤਰ੍ਹਾਂ ਕਵਿਤਾ 'ਰਿਸ਼ਤਾ' ਵਿਚ ਪਿਆਰ ਬਾਹਰੇ ਵਿਆਹ ਸੰਬੰਧਾਂ ਦੀ ਨਾ ਸਿਰਫ਼ ਅਪ੍ਰਭਾਵਕਤਾ ਸਗੋਂ ਨਿਸਫ਼ਲਤਾ ਪ੍ਰਗਟ ਹੁੰਦੀ ਹੈ ਜੋ 'ਬਿੰਦੂ ਅਬਿੰਦੂ' ਵਿੱਚ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ।

ਪੱਲ੍ਹਾ-ਕਾਵਿ ਵਿੱਚ ਉਹ ਮਾਹੌਲ ਵੀ ਨਜ਼ਰ ਆਉਂਦਾ ਹੈ ਜਿਸ ਵਿੱਚ ਜੀਵਨ ਤੇ ਪਿਆਰ ਨਾਲ ਸੰਬੰਧਤ ਜਨਮ ਲੈਂਦੀਆਂ ਵਿਗਸਦੀਆਂ ਤੇ ਮਾਹੌਲ ਨੂੰ ਪ੍ਰਭਾਵਿਤ ਕਰਦੀਆਂ ਹਨ। ਯਾਂਤਰਿਕ ਜੀਵਨ ਵਿਚਲੀ ਆਪੋਧਾਪੀ ਤੇ ਜੜ੍ਹ ਕਦਰਾਂ-ਕੀਮਤਾਂ ਦਾ 'ਹੁੱਸੜ' ਜੀਵਨ ਦੀ ਗਤੀਸ਼ੀਲਤਾ ਤੇ ਸੰਵੇਦਨਸ਼ੀਲ ਵਿਅਕਤੀ ਚੇਤਨਾ ਦਰਮਿਆਨ ਸੰਤੁਲਨ ਸਥਾਪਤ ਨਹੀਂ ਹੋਣ ਦਿੰਦਾ ਤੇ ਫਲਸਰੂਪ, ਆਤਮ-ਅਨਾਤਮ, ਦੋਹਾਂ ਨਾਲ ਸੰਬੰਧਤ ਸੰਕਟ ਪੈਦਾ ਹੋ ਜਾਂਦਾ ਹੈ।

ਗੁਰਦਿਆਲ ਪੱਲ੍ਹਾ ਕੁਝ ਕਵਿਤਾਵਾਂ ਵਿੱਚ ਜੀਵਨ ਦੇ ਉੱਜਲੇ ਤੇ ਸੰਘਰਸ਼ਮਈ ਪੱਖ ਦੀ ਵੀ ਗੱਲ ਕਰਦਾ ਹੈ। ਇਹਨਾਂ ਕਵਿਤਾਵਾਂ ਵਿੱਚ ਕਾਵਿ-ਨਾਇਕ ਦੀ ਚੇਤਨਾ ਜਾਂ ਹੋਂਦ 'ਮੈਂ' ਤੋਂ ਅਸੀਂ ਵਿੱਚ ਰੂਪਾਂਤਰਿਤ ਹੋ ਸਮੂਹਿਕ ਚੇਤਨਾ ਵਿੱਚ ਜਜ਼ਬ ਹੋ ਜਾਂਦੀ ਹੈ ਜੋ ਆਪਣੇ ਅੰਤਿਮ ਸਿਖਰ ਵਿੱਚ ਯੁੱਧ-ਚੇਤਨਾ ਦਾ ਰੂਪ ਲੈ ਲੈਂਦੀ ਹੈ। ਇਹ ਕਵਿਤਾਵਾਂ ਪਰੰਪਰਕ ਪ੍ਰਗਤੀਵਾਦੀ ਤੇ ਜੁਝਾਰਵਾਦੀ ਮੁਹਾਵਰੇ ਦਾ ਝਾਉਲਾ ਦਿੰਦੀਆਂ, ਪੱਲ੍ਹਾ ਦੇ ਸਿਲ੍ਹੇ, ਹਨੇਰੇ ਤੇ ਸ਼ੋਕਮਈ ਕਾਵਿ-ਸੰਸਾਰ ਵਿਚ ਰੋਸ਼ਨੀ ਦੀ ਇਕ ਕਿਰਨ ਦਾ ਸੰਚਾਰ ਕਰਦੀਆਂ ਹਨ।

'ਹਰਫ਼ਾਂ ਦੀ ਖੁਸ਼ਬੋ' ਵਿੱਚ ਗੁਰਦਿਆਲ ਪੱਲ੍ਹਾ ਨੇ ਨਜ਼ਮ, ਗ਼ਜ਼ਲ ਤੇ ਗੀਤ, ਤਿੰਨਾਂ ਵਿਧਾਵਾਂ ਉੱਪਰ ਹੱਥ ਅਜ਼ਮਾਇਆ ਹੈ। ਰੂਪ ਤੇ ਤਕਨੀਕ ਦੇ ਪੱਖ ਤੋਂ ਗ਼ਜ਼ਲ ਤੇ ਗੀਤ, ਨਜ਼ਮ ਦੇ ਮੁਕਾਬਲਤਨ ਵਧੇਰੇ ਸਰਲ ਤੇ ਇਕਹਿਰੀ ਪ੍ਰਵਿਰਤੀ ਵਾਲੇ ਹਨ, ਕਿਉਂਕਿ ਇਹ ਦੋਵੇਂ ਵਿਧਾਵਾਂ ਸਰਲ ਯਥਾਰਥਬੋਧ ਦੀ ਅਭਿਵਿਅਕਤੀ ਵੱਲ ਰੁਚਿਤ ਹੋ, ਸੁਹਜ ਸਿਰਜਣ ਲਈ ਸ਼ਬਦਾਂ ਦੇ ਬਾਹਰੀ ਸੰਗੀਤ ਉੱਪਰ ਵਧੇਰੇ ਨਿਰਭਰ ਹਨ। ਇਹਨਾਂ ਦੋਹਾਂ ਵਿਧਾਵਾਂ ਵਿੱਚ ਸਪਾਟ ਬਿਆਨੀ ਨੂੰ ਵੀ, ਕਾਫ਼ੀਏ-ਰਦੀਫ਼ ਦੀ ਸਹਾਇਤਾ ਨਾਲ, ਕਵਿਤਾ ਹੋਣ ਦਾ ਝਾਉਲਾ ਪਵਾਇਆ ਜਾ ਸਕਦਾ ਹੈ। ਪਰ ਨਜ਼ਮ, ਆਧੁਨਿਕ-ਜਟਿਲ ਯਥਾਰਥ-ਬੋਧ ਦੀ ਉਪਜ ਹੋਣ ਕਾਰਨ ਸੁਹਜ ਸਿਰਜਣ ਪ੍ਰਕਿਰਿਆ ਵਿੱਚ ਵੀ ਵਧੇਰੇ ਜਟਿਲ ਹੈ। ਇਥੇ ਸ਼ਬਦਾਂ ਦੇ ਸਹਿਜ ਤੇ ਉੱਚੀ ਸੁਰ ਵਾਲੇ ਸੰਗੀਤ ਦੀ ਬਜਾਏ ਅੰਤਰੀਵੀ, ਮੱਧਮ ਤੇ ਸਹਿਜ ਸੰਗੀਤ ਉੱਪਰ ਵਧੇਰੇ ਬਲ ਦਿੰਦਿਆਂ, ਮੌਲਿਕ ਤੇ ਨਿਵੇਕਲਾ ਬਿੰਬ-ਵਿਧਾਨ ਸਿਰਜਦਿਆ, ਸ਼ਬਦਾਂ ਦੇ ਪ੍ਰੰਪਰਕ ਅਰਥਾਂ ਨੂੰ ਉਲੰਘ ਕੇ ਸੁਹਜ ਸਿਰਜਣ ਦੀ ਪ੍ਰਕਰਿਆ ਆਪਣੀ ਪੂਰਨਤਾ ਤੱਕ ਪਹੁੰਚਦੀ ਹੈ। ਪੱਲ੍ਹਾ ਦੇ ਬਿੰਬ-ਵਿਧਾਨ ਨੂੰ ਵਿਚਾਰਦਿਆਂ ਕੁਝ ਨੁਕਤਿਆਂ ਉੱਤੇ ਵਿਚਾਰ ਕਰਨਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਉਸਦਾ ਬਿੰਬ-ਵਿਧਾਨ ਅਰਥ-ਸੰਚਾਰ ਦਾ ਕਾਰਜ ਨਿਭਾਉਣ ਵੱਲ ਘੱਟ ਰੁਚਿਤ ਹੈ ਤੇ ਅਰਥਾਂ ਉੱਪਰ ਰੰਗ-ਬਰੰਗੇ ਪਰਦੇ ਪਾਉਣ ਵੱਲ ਵਧੇਰੇ। ਅਰਥਾਂ ਤੱਕ ਪਹੁੰਚਣ ਲਈ ਸਬਦਾਂ ਦੇ ਇਕ ਘਣੇ ਜੰਗਲ ਵਿੱਚੋਂ ਦੀ ਗੁਜ਼ਰਨਾ ਪੈਂਦਾ ਹੈ।

ਰੀਝਾਂ—
ਜਿਹਨਾਂ ਦੇ ਰਾਂਗਲੇ ਹੱਥਾਂ ਤੇ
ਸੂਕਦੀਆਂ ਸਨ ਚਾਵਾਂ ਅਤੇ ਮਲ੍ਹਾਰਾਂ ਦੀਆਂ ਲੀਕਾਂ
ਡੁੱਬੇ ਸਨ ਜਿਹਨਾਂ ਦੀਆਂ ਅੱਖਾਂ ਵਿੱਚ
ਚਾਹਤ ਦੇ ਸੱਤੇ ਸਮੁੰਦਰ—ਆਫ਼ਰੇ ਹੋਏ
ਜਿਹਨਾਂ ਦਿਆਂ ਹੋਠਾਂ 'ਤੇ ਟਪਕਦੀ ਸੀ
ਸਾਗਰਾਂ ਦੀਆਂ ਛੱਲਾਂ ਵਰਗੀ ਮੁਸਕਰਾਹਟ (ਰੀਝਾਂ, ਪੰਨਾ 19) (ਬਾਕੀ ਸਫਾ 80 ਤੇ)



## ਇਕ ਵਿਚਾਰ ਮੁਖੀ ਕਵਿਤਾ—ਇੰਤਹਾ ਤੋਂ ਪਹਿਲਾਂ

ਬਲਬੀਰ ਪਰਵਾਨਾ ਪੰਜਾਬੀ ਕਵਿਤਾ ਦਾ ਇਕ ਚਰਚਿਤ ਹਸਤਾਖਰ ਹੈ। ਉਹ ਇਕ ਪ੍ਰਤੀਬੱਧ ਸ਼ਾਇਰ ਹੈ! 'ਇੰਤਹਾ ਤੋਂ ਪਹਿਲਾਂ' ਕਾਵਿ-ਸੰਗ੍ਰਹਿ ਵਿੱਚ ਵੀ ਉਸ ਦੀ ਪ੍ਰਤੀਬੱਧਤਾ ਸਪੱਸ਼ਟ ਉਜਾਗਰ ਹੁੰਦੀ ਹੈ। ਉਸ ਦੀ ਕਵਿਤਾ ਸਮਾਜਿਕ ਸਰੋਕਾਰਾਂ ਨਾਲ ਜੁੜੀ ਕਵਿਤਾ ਹੈ। ਯਥਾਰਥ ਦੀਆਂ ਵਿਭਿੰਨ ਪਰਤਾਂ ਨੂੰ ਆਪਣੀ ਸੂਖਮ ਕਾਵਿ-ਦ੍ਰਿਸ਼ਟੀ ਰਾਹੀਂ ਖੋਲ੍ਹਦਾ ਹੋਇਆ, ਉਹਨਾਂ ਵਿੱਚ ਪਸਰੀਆਂ ਅਮਾਨਵੀ ਕਰੂਰਤਾਵਾਂ ਦਾ ਸਹਿਜ ਚਿਤ੍ਰਣ ਕਰਦਾ ਹੈ। ਵਿਕਾਸ ਕਰ ਰਹੇ ਅਜੋਕੇ ਮਨੁੱਖ ਦੇ ਅੰਤਰੀਵ ਆਪੇ ਵਿੱਚ ਪੈਦਾ ਹੋ ਰਹੀਆਂ ਦੁਬਿਧਾਵਾਂ ਅਤੇ ਅੰਤਰ-ਵਿਰੋਧਤਾਈਆਂ ਨੂੰ ਨੀਝ ਲਾਕੇ ਵੇਖਦਾ ਹੈ। ਪੰਜਾਬੀ ਕਵਿਤਾ ਵਿੱਚ ਅਜੇ ਵੀ ਇਕ ਧਿਰ ਹੈ ਜਿਹੜੀ ਜਨ-ਵਿਰੋਧੀ ਸਮਾਜਿਕ-ਆਰਥਿਕ ਪ੍ਰਸਥਿਤੀਆਂ ਵਿਰੁੱਧ ਜੂਝਣ ਦਾ ਹੋਕਾ ਦੇਣ ਦੇ ਨਾਲ ਨਾਲ ਪੂੰਜੀਵਾਦੀ ਪ੍ਰਬੰਧ ਵਿਚ ਮਨੁੱਖੀ ਮਨੋਸਥਿਤੀ ਵਿੱਚ ਪਨਪ ਰਹੀਆਂ ਚਿੰਤਾਵਾਂ, ਅੰਤਰ-ਸਬੰਧਾਂ ਵਿੱਚ ਪੈਦਾ ਹੋ ਰਹੀ ਬੇ-ਵਿਸ਼ਵਾਸ਼ੀ, ਵਰਤਮਾਨ ਦੇ ਪਲਾਂ ਛਿਣਾਂ ਵਿੱਚ ਜੀਣ ਦੀ ਬਿਰਤੀ ਅਤੇ ਸਵੈ-ਕੇਂਦਰਿਤ ਰੁਚੀ ਦੇ ਕਾਰਨਾ ਨੂੰ ਪਛਾਨਣ ਅਤੇ ਇਹਨਾਂ ਨੂੰ ਲੋਕਾਂ ਵਿੱਚ ਲਿਜਾਣ ਲਈ ਕਮਰਬੰਦ ਹੈ। ਬਲਵੀਰ ਪਰਵਾਨਾ ਐਸੀ ਹੀ ਕੋਟੀ ਦਾ ਕਵੀ ਹੈ। ਉਸ ਨੂੰ ਚਿੰਤਾ ਹੈ ਕਿ ਅੱਜ ਦਾ ਸਵਾਰਥੀ ਮਨੁੱਖ ਸੀਮੇਂਟ ਦੇ ਘਰ ਵਿੱਚ ਰਹਿੰਦਾ ਰਹਿੰਦਾ ਆਪਣੀ ਮਾਨਸਿਕਤਾਂ ਨੂੰ ਵੀ ਸੀਮੇਂਟ ਵਰਗੀ ਕਠੋਰ ਅਤੇ ਬੇਜਾਨ ਕਰ ਬੈਠਾ ਹੈ। ਉਹ ਹਰ ਪਲ ਦੁਬਿਧਾ ਵਿੱਚ ਰਹਿੰਦਾ ਹੈ। ਜਿਉਣ ਦੀ ਲਲਕ ਪਹਿਲਾਂ ਵਰਗੀ ਨਹੀਂ ਰਹੀ। ਦਿੱਖ ਵਿੱਚ ਸਾਬਤ ਸਬੂਤ ਅਤੇ ਸੰਘਣਤਾ ਭਰਪੂਰ ਪਰ ਅੰਦਰੋਂ ਤਿੜਕਿਆ ਹੋਇਆ ਅਤੇ ਤਰਲਤਾ ਭਰਿਆ। ਐਸੀ ਸਥਿਤੀ ਦਾ ਕਵੀ ਬਾਖੂਬੀ ਚਿਤ੍ਰਣ ਕਰਦਾ ਹੈ। ਪਰ ਐਸੀ ਸਥਿਤੀ ਕਿਉਂ ? ਇਹ ਬੁਨਿਆਦੀ ਪ੍ਰਸ਼ਨ ਹੈ। ਕਵੀ ਨੇ ਮਾਨਵੀ ਚੇਤਨਾ ਦੇ ਖੰਡਿਤ ਹੋਣ ਦੀ ਦੁਖਾਂਤਮਈ ਪ੍ਰਕਿਰਿਆ ਦਾ ਮਾਨਸਿਕ ਚਿਤ੍ਰਣ ਤਾਂ ਕੀਤਾ ਹੈ ਪਰ ਕਿਉਂ ? ਵਾਲੇ ਪ੍ਰਸ਼ਨ ਨੂੰ ਏਨੀ ਸ਼ਿੱਦਤ ਨਾਲ ਨਹੀਂ ਪਕੜਿਆ ਗਿਆ। ਇਹ ਸ਼ਾਇਦ ਕਵਿਤਾ ਵਿੱਚ ਸੰਭਵ ਨਹੀਂ, ਜਾਂ ਸ਼ਾਇਦ ਇਹ ਫਿਲਾਸਫ਼ਰਾਂ ਦਾ ਕੰਮ ਹੈ। ਕਵੀ ਨੇ ਤਾਂ ਲੋਕ-ਭਾਵਾਂ ਦੀ ਸੁਹਿਰਦ ਪੇਸ਼ਕਾਰੀ ਕਰਨੀ ਹੁੰਦੀ ਹੈ। ਪਰ ਅੱਜ ਦੀਆਂ ਜਟਿਲ ਪ੍ਰਸਥਿਤੀਆ ਅਤੇ ਪੂੰਜੀਵਾਦ ਵਲੋਂ ਮਨੁੱਖ ਉੱਪਰ ਹੋ ਰਹੇ ਬਹੁ-ਦਿਸ਼ਾਵੀਂ ਹਮਲਿਆਂ ਕਾਰਨ ਇਕ ਪ੍ਰਤੀਬੱਧ ਲੇਖਕ ਨੂੰ ਫਿਲਾਸਫ਼ਰ ਵੀ ਬਣਨਾ ਪਵੇਗਾ। ਇਹ ਸਮੇਂ ਦੀ ਲੋੜ ਹੈ।

ਪਰਵਾਨਾ ਜ਼ਿੰਦਗੀ ਨੂੰ ਜਿਉਣ ਦਾ ਜਿਹੜਾ ਲੋਕ-ਮੁਹਾਵਰਾ ਪੇਸ਼ ਕਰਦਾ ਹੈ ਉਹ ਪੰਜਾਬੀ ਸੱਭਿਆਚਾਰ ਦੀ ਹਰੇਕ ਤੰਦ ਵਿੱਚ ਕੱਤਿਆ ਬੁਣਿਆ ਪਿਆ ਹੈ। ਕਣ ਕਣ ਵਿੱਚ ਵਿਦਮਾਨ ਹੈ। 'ਜਿੰਨ ਚਿਰ ਜੀਣਾ ਸ਼ੇਰ ਵਾਂਗੂੰ ਜੀਣਾ' ਜਾ ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮਟਕ ਦੇ ਨਾਲ। ਕਵੀ ਜ਼ਿੰਦਗੀ ਨੂੰ ਰੀਂਘ ਰੀਂਘ ਕੇ ਜਿਉਣ ਦੇ ਵਿਰੁੱਧ ਹੈ। ਪਲ ਪਲ ਧੁਖਣਾ ਉਸ ਨੂੰ 'ਸਲੋਅ ਡੈਥ' ਜਿਹਾ ਲੱਗਦਾ ਹੈ, ਇਸੇ ਕਰਕੇ ਉਹ ਲਟ ਲਟ ਬਲਣਾ, ਮੱਚਣਾ ਅਤੇ ਚਾਰ ਚੁਫੇਰਾ ਰੁਸ਼ਨਾਉਣਾ, ਗਰਮਾਉਣਾ ਲੋਚਦਾ ਹੈ। ਉਹ ਜਜ਼ਬਾਤਾਂ ਵਿਚ ਵਹਿ ਜਾਣ ਤੋਂ ਵੀ ਸੁਚੇਤ ਕਰਦਾ ਹੈ ਪਰ ਜਜ਼ਬਾਤਾਂ ਦੇ ਮਰ ਮੁੱਕ ਜਾਣ ਨੂੰ 'ਬੇਨਾਮ ਮੌਤ' ਦੀ ਤ੍ਰਾਸਦੀ ਕਹਿੰਦਾ ਹੈ, ਠੀਕ ਰਸਤਾ ਵਿਚਕਾਰਲਾ ਹੈ, ਜਜ਼ਬਾਤਾਂ, ਭਾਵਾਂ ਤੇ ਖਿਆਲਾਂ ਨੂੰ ਸਮਾਜਿਕ ਪਰਿਵਰਤਨ ਦੇ ਵਿਸ਼ਾਲ ਕਾਰਜ ਵੱਲ ਸੇਧਿਤ ਕਰਨਾ ਅਤੇ ਹਰ ਪ੍ਰਕਾਰ ਦੇ ਟੋਏ ਟਿੱਬੇ ਇਕਸਾਰ ਕਰਦੇ ਸਭ ਨੂੰ ਧੌਣ ਸਿੱਧੀ ਕਰਕੇ

ਤੁਰਨ ਦਾ ਹੱਕ ਪ੍ਰਦਾਨ ਕਰਨਾ । ਇਸ ਪੁਸਤਕ ਵਿੱਚ ਅਨੇਕਾਂ ਕਵਿਤਾਵਾਂ ਉਪਰੋਕਤ ਵਿਚਾਰਾਂ ਨੂੰ ਸ਼ਿੱਦਤ ਨਾਲ ਪੇਸ਼ ਕਰਦੀਆਂ ਹਨ । ਕਵਿਤਾ 'ਰਵਾਇਤ' ਅਨੁਸਾਰ—

ਸਿਧਾਰਥ ਨੇ ਘਰ ਤਿਆਗਿਆ ਸੀ
ਕਿਸੇ ਮੁਕਤੀ ਦੀ ਭਾਲ 'ਚ ਨਹੀਂ
ਨੀਰਸ ਭਰੀ 'ਸਲੋਅ ਡੈਥ' ਤੋਂ ਤੰਗ ਆਕੇ......
ਜਿੰਦਗੀ ਜੀਵੰਤ ਪਲਾਂ ਦੀ ਹਾਣੀ ਹੋ ਕੇ
ਜਿਉਣ ਦਾ ਨਾਂ ਹੈ
ਨਾ ਕਿ ਸਾਰੀ ਉਮਰ ਧੁਖਦੇ ਰਹਿਣਾ
ਫਿਰ ਬੁੱਢੇ ਹੋ ਕੇ ਮਰ ਜਾਣਾ—ਪੰਨਾ 21.

ਆਧੁਨਿਕ ਵਿਕਾਸ ਨੇ ਜਿੱਥੇ ਮਨੁੱਖ ਲਈ ਗਿਆਨ ਦੇ ਨਵੇਂ ਦਰ ਖੋਹਲੇ ਹਨ, ਸਵੈ-ਪ੍ਰਗ-ਟਾਵੇ ਦੇ ਅਨੇਕ ਮਾਧਿਅਮ ਆਏ ਹਨ, ਮੀਡੀਆ ਕਾਰਨ ਦੂਰੀਆਂ ਘਟੀਆਂ ਹਨ, ਅੰਤਰ-ਸਬੰਧਾਂ ਲਈ ਨਵੇਂ ਵਿਸ਼ਾਲ ਜਨ-ਸਮੂਹ ਮਿਲੇ ਹਨ, ਉਥੇ ਇਸ ਵਿਕਾਸ ਨਾਲ ਮਨੁੱਖ ਅੰਦਰੋਂ ਅੰਦਰ ਟੁੱਟਿਆ ਵੀ ਹੈ, ਤਿੜਕਿਆ ਵੀ ਹੈ, ਪਲ ਪਲ ਭੁਰਦਾ ਜਾ ਰਿਹਾ ਹੈ । ਅੰਤਰ-ਸਬੰਧਾਂ ਵਿਚ ਬੇਵਿਸ਼ਵਾਸੀ ਵਧੀ ਹੈ, ਵਿਰੋਧਤਾਈਆਂ ਦੇ ਨਵੇਂ ਕਾਂਡ ਸ਼ੁਰੂ ਹੋ ਗਏ ਹਨ । ਕਵੀ ਚਿੰਤਾਤੁਰ ਹੈ ਕਿ ਵਿਕਾਸ ਦੀ ਇਹ ਕੇਹੀ ਤ੍ਰਾਸਦੀ ਹੈ, ਇਹ ਕਿਹੜਾ ਰੂਪ ਹੈ ਕਿ ਬਾਹਰੋਂ ਪਹਿਲਾਂ ਨਾਲ ਵਧੇਰੇ ਪੀਡੇ ਹਾਂ, ਪਰ ਅੰਦਰੋਂ ਪਲ ਪਲ ਖੁਰਦੇ ਜਾ ਰਹੇ ਹਾਂ । ਸਾਰੀਆਂ ਸੁਖ-ਸੁਵਿਧਾਵਾਂ ਹਨ, ਪਰ ਜ਼ਿੰਦਗੀ ਜਿਉਣ ਲਈ ਉਹ ਪਹਿਲਾਂ ਜਿਹੀ ਲਲਕ, ਖੇੜਾ ਨਹੀਂ, ਤ੍ਰਿਪਤੀ ਲਈ ਅਨੇਕਾਂ ਵਸੀਲੇ ਜੁਟਾ ਰਹੇ ਹਾਂ, ਪਰ ਅਤ੍ਰਿਪਤੀ ਦੇ ਆਲਮ 'ਚ ਗੁੰਮ ਹਾਂ । ਹੁੰਦਿਆਂ ਸੁੰਦਿਆਂ ਵੀ ਕੁਝ ਖੁੱਸਿਆ ਖੁੱਸਿਆ ਲੱਗਦਾ ਹੈ । ਸੀਮੇਂਟ ਘਰਾਂ 'ਚ ਰਹਿੰਦੇ ਮਨੁੱਖ ਦਾ ਆਪਣਾ ਖਾਸਾ ਵੀ ਸੀਮੇਂਟ ਜਿਹਾ ਹੋ ਗਿਆ ਹੈ । ਮ੍ਰਿਗ ਤ੍ਰਿਸ਼ਨਾ ਉਸਦੀ ਹੋਣੀ ਬਣ ਗਈ ਹੈ । ਕਵਿਤਾਵਾਂ ਰੁਟੀਨ. ਵਿਕਾਸ ਪੱਥ, ਜ਼ਿੰਦਗੀ ਦਾ ਤਰਕ, ਭੁੱਖ ਦਾ ਦੁਖਾਂਤ, ਆਦਿ ਵਿੱਚ ਇਹ ਵਿਚਾਰ ਖੁੱਲ ਕੇ ਪ੍ਰਗਟ ਹੋਏ ਹਨ ।

ਸੀਮੇਂਟਡ ਘਰ ਪੱਕੀਆਂ ਸੜਕਾਂ
ਪਰ, ਮਾਹੌਲ ਦੀ ਘੁਟਣ
ਮਾਨਸਿਕ ਤਿੜਕਣ
ਕਿਸ ਰਾਹੇ ਤੁਰ ਰਿਹਾ ਹੈ ਵਿਕਾਸ—ਪੰਨ-19
ਵਾਹਿਯਾਤ ਸਮਿਆਂ ਦਾ ਇਹ ਕੈਸਾ ਦੌਰ ਹੈ
ਕਿ ਵਰਤਮਾਨ ਸਾਡੇ ਕੋਲ ਨਹੀਂ
ਭੂਤ ਹੈ ਜਾਂ ਭਵਿੱਖ ਹੈ
ਤੇ ਜਾਂ ਫਿਰ ਪਛਤਾਣਾ—ਪੰਨਾ-16



ਬਲਬੀਰ ਪਰਵਾਨਾ ਯਥਾਰਥ ਨਾਲ ਜੂਝਣ ਦਾ ਹੋਕਾ ਬੜੀ ਉੱਚੀ ਸੁਰ ਵਿੱਚ ਦਿੰਦਾ ਹੈ, ਅਸਲ ਵਿੱਚ ਇਸ ਕਾਵਿ-ਸੰਗ੍ਰਹਿ ਦੀ ਪ੍ਰਧਾਨ ਸੁਰ ਇਹੀ ਹੈ । ਇਸ ਸੁਰ ਵਿੱਚ ਸਮਾਜ-ਆਰਥਿਕ ਨਾ ਬਰਾਬਰੀ ਤਹਿਤ ਉਪਜੇ ਅਹਿਸਾਸ ਨੂੰ ਉਦਾਸੀਨਤਾ ਦੀ ਥਾਂ ਪ੍ਰਚੰਡ ਰੋਹ ਵਿੱਚ ਬਦਲਣ ਦਾ ਅਲਾਪ ਹੈ, ਇਹ ਬਹੁਪਰਤੀ ਹੈ । ਪਿਆਰ ਤੋਂ ਲੈ ਕੇ ਰਿਜਕ ਤੱਕ ਦਾ ਸਫ਼ਰ ਇਸ ਵਿੱਚ ਹੈ । ਦੇਹ ਭੋਗ ਤੋਂ ਧਰਮ ਤੱਕ ਦਾ ਪੈਂਡਾ ਇਸ ਦੀਆਂ ਪਰਤਾਂ ਵਿੱਚ ਹੈ । ਅਤੇ ਹਰ ਪਰਤ ਨੂੰ ਖੋਲ੍ਹਦਾ ਹੋਇਆ ਕਵੀ ਜਿਸ ਨੁਕਤੇ ਨੂੰ ਬਾਰ ਬਾਰ ਉਭਾਰਦਾ ਹੈ, ਉਹ ਹੈ ਬਰਾਬਰੀ ਦਾ ਜੀਵੰਤ ਅਹਿਸਾਸ । ਜੂਝਣ ਦਾ ਹੋਕਾ ਵੀ ਇਸੇ ਦੀ ਪ੍ਰਾਪਤੀ ਲਈ ਹੈ । ਪਿਆਰ ਵਰਗੀ ਭਾਵਨਾ ਵਿੱਚ ਵੀ ਕਵੀ ਅਨੁ-ਸਾਰ ਮਹਿਲਾਂ ਪ੍ਰਤੀ ਸ਼ਰਧਾ ਭਾਵ ਦੀ ਥਾਂ ਕੁੱਲੀ ਵਿਚ ਰਹਿ ਕੇ ਬਰਾਬਰੀ ਦਾ ਅਹਿਸਾਸ ਜਿਊਂਦਾ ਰੱਖਣਾ ਜ਼ਰੂਰੀ ਹੈ (ਵੇਖੋ ਕਵਿਤਾਵਾਂ, ਤੂੰ ਕੁਝ ਨਾ ਆਖੀਂ, ਪੈੜਾਂ ਦੇ ਨਿਸ਼ਾਨ ਅਕਸਰ ਤੇਰੀ ਯਾਦ ਆ ਹੀ ਜਾਂਦੀ ਹੈ) ਉਸ ਅਧੂਰੇ ਪਿਆਰ ਦੀ ਕਸਕ ਮਿਟਦੀ ਨਹੀਂ । ਆਰਥਿਕ ਨਾ ਬਰਾਬਰੀ, ਜ਼ਾਤ ਪਾਤੀ ਪ੍ਰਬੰਧ, ਸਮਾਜਿਕ ਪਭਿਆਚਾਰਕ ਮਰਿਆਦਾਵਾਂ, ਬੜੀਆਂ ਗੁੰਝਲਦਾਰ ਅਤੇ ਵਿਹੁ-ਵਲਿੱਸੀਆਂ ਹਨ, ਜਿਥੇ ਪਿਆਰ ਸ਼ਬਦ ਨੂੰ ਪਾਪ ਵਰਗਾ ਮੰਨਿਆ ਜਾਂਦਾ ਹੈ, (ਕਵਿਤਾਵਾਂ ਕੁਝ ਵੀ ਵਾਪਰਨ ਨਹੀਂ ਲੱਗਾ, ਸੈਲ ਪੱਥਰ) ਪਰ ਕਵੀ ਇਕ ਸਾਰਥਕ ਸੰਕਲਪ ਪੇਸ਼ ਕਰਦਾ ਹੈ, ਇਹਨਾਂ ਸਾਰੀਆਂ ਅਮਾਨਵੀ ਜਟਿਲਤਾਵਾਂ ਵਿਰੁੱਧ ਲਗਾਤਾਰ ਸੰਘਰਸ਼ ।

ਵਿਦਰੋਹ ।
ਪੈਰਾਂ 'ਚ ਤੁਰਨ ਦੀ ਜੁਰਅੱਤ ਦਾ ਨਾਂ
ਵਿਦਰੋਹ ! ਅਣਹੋਣੀਆਂ ਸੰਗ ਭਿੜਨ ਦਾ ਜੇਰਾ
ਜਾਂ, ਨਵਾਂ ਸਿਰਜਣ ਦੀ ਤੜਪ
ਜਿਨ੍ਹੇ ਸੋਲਵੇਂ ਵਰ੍ਹੇ 'ਚ ਕਿਸੇ ਅਲ੍ਹੜ ਦੇ ਜਜ਼ਬਾਤ ਪੰਨਾ 31

ਹਰ ਪਲ ਲੜਦੇ ਹਾਂ ਅਸੀਂ,
ਖੁਰਕ ਖਾਧੇ ਯਥਾਰਥ ਨੂੰ
ਸਤਰੰਗੇ ਸੁਪਨਿਆਂ ਜਿਹਾ ਕਰਨ ਲਈ ਲੜਾਈ
ਜਿੰਨੀ ਜੀਵੰਤ ਹੁੰਦੀ ਹੈ ਇਹ ਲੜਾਈ
ਉਨੀ ਹੀ ਜੀਵੰਤ ਹੁੰਦੀ ਹੈ ਇਹ ਜ਼ਿੰਦਗੀ. ਪੰਨਾ 72

ਕਵੀ ਨੇ ਉਪਰੋਕਤ ਵਿਚਾਰਾਂ ਦੇ ਪ੍ਰਗਟਾਓ ਲਈ ਖੁੱਲੀ ਕਵਿਤਾ ਨੂੰ ਮਾਧਿਅਮ ਬਣਾਇਆ ਹੈ, ਖੁੱਲੀ ਕਵਿਤਾ ਵੀ ਸੁੰਦਰ ਹੋ ਸਕਦੀ ਹੈ ਜੇ ਇਸ ਵਿਚ ਨਿਵੇਕਲਾ ਬਿੰਬ ਵਿਧਾਨ ਸਿਰਜਿਆ ਹੋਵੇ, ਲੈਅ ਹੋਵੇ, ਰਵਾਨੀ ਹੋਵੇ, ਸਿਰਫ ਵਾਰਤਕ ਨੂੰ ਟੋਟੇ ਕਰਕੇ ਨਾ ਲਿਖ ਦਿੱਤਾ ਹੋਵੇ । ਐਸੀ ਕਵਿਤਾ ਇਕ ਵੱਖਰੀ ਕਿਸਮ ਦਾ ਸਕੂਨ ਪ੍ਰਦਾਨ ਕਰਦੀ ਹੈ । ਕਵੀ ਨੂੰ ਇਸ ਪਾਸੇ ਧਿਆਨ ਦੇਣ ਦੀ ਜ਼ਰੂਰਤ ਹੈ ।

—ਡਾ. ਸੁਰਿੰਦਰ ਸ਼ਾਂਤ (ਧਾਰੀਵਾਲ)

## ਖਿਆਲ ਆਪੋ ਆਪਣਾ

● ਡਾ: ਜਸਬੀਰ ਕੇਸਰ ਦੀ ਕਵਿਤਾ, 'ਮੌਤ ਦੇ ਦਾਇਰੇ ਤੋਂ ਪਾਰ' ਬੜੀ ਸੂਝ ਬੂਝ ਨਾਲ ਲਿਖੀ ਗਈ ਹੈ। ਹਾਲਾਂ ਕਿ ਇਹ ਗਿਆਨ-ਧਿਆਨ ਦੇ ਖਿਲਾਫ਼ ਨਹੀਂ। ਜ਼ਿੰਦਗੀ ਦਾ ਇੱਕ ਤਾਸਰ ਹੈ, ਕਿ ਇਹ ਪਹਿਲੂ ਵੀ ਹੈ। ਕਹਾਣੀ-ਜੜ੍ਹ' ਸ਼ਬਦੀਸ਼ ਜੀ ਦੀ ਕਲੇਜੇ 'ਚ ਲਹਿ ਜਾਂਦੀ ਹੈ। ਅਜੇ ਭਾਵੇਂ ਸਾਰਾ ਚਿਰਾਗ਼ ਨਹੀਂ ਪੜ੍ਹਿਆ। ਇਹਦੇ ਵਿਚ ਸ਼ਾਇਰੀ ਦਾ ਹਿੱਸਾ ਸਾਦਾ ਹੋਣ ਦੇ ਬਾਵਜੂਦ ਪੁਰਕਾਰ ਹੈ। ਤੁਹਾਡਾ ਮਜ਼ਮੂਨ 'ਉਸਤਾਦ ਦਾਮਨ' ਕਈ ਛੁਪੀਆਂ ਹੋਈਆਂ ਓਰਾਂ ਤੇ ਚਾਨਣਾ ਪਾਉਂਦਾ ਏ। —ਪ੍ਰੋ. ਮੁਹੰਮਦ ਮੁਨੀਰ ਅਸਰੀ, ਪੀਪਲਜ਼ ਕਾਲੋਨੀ, ਗੁਜਰਾਂ ਵਾਲਾ (ਪਾਕਿਸਤਾਨ)

ਤੁਸੀਂ ਜੋ ਉੱਤਰ ਆਧੁਨਿਕਤਾ ਦੇ ਖਿਲਾਫ਼ ਜਹਾਦ ਵਿੱਢਿਆ ਹੈ ਉਸ ਨੇ ਠਹਿਰੇ ਪਾਣੀਆਂ 'ਚ ਕੰਕਰ ਸੁੱਟ ਦਿਤਾ ਹੈ। ਮੈਂ ਵੀ ਉੱਤਰ ਆਧੁਨਿਕਤਾਵਾਦੀਆਂ ਦੇ ਖਿਲਾਫ਼ ਕਾਵਿਕ ਪ੍ਰਤੀਕਰਮ ਆਪਣੀ ਨਜ਼ਮ 'ਕਠਪੁੱਤਲੀਏ ਪੀਰ' ਰਾਹੀਂ ਚਿਰਾਗ਼ 'ਚ ਛਪਣ ਹਿਤ ਭੇਜ ਰਿਹਾ ਹਾਂ। ਪੰਜਾਬੀ ਲੇਖਕਾਂ ਵਿਚ ਕੁਝ 'ਪਰੋਫੈਸ਼ਨਲ ਬੁੱਧੀਜੀਵੀ' ਕਿਸੇ ਏਜੰਸੀ ਦੇ ਇਸ਼ਾਰੇ ਤੇ ਮਾਰਕਸਵਾਦ ਨੂੰ ਬੁਚਲਾਉਣ ਖਾਤਰ ਉੱਤਰ ਆਧੁਨਿਕਤਾ ਦਾ ਝੰਡਾ ਚੁੱਕ ਕੇ ਫੁੰਕਾਰੇ ਮਾਰ ਰਹੇ ਹਨ। ਇਹਨਾਂ ਦਾ ਇਕ ਮੱਠ ਦਿੱਲੀ 'ਚ ਹੈ Sub Branch ਲੁਧਿਆਣੇ ਖੁਲ੍ਹ ਗਈ ਹੈ। ਇਹਨਾਂ ਦਾ ਵਿਅਕਤੀ ਚਿਤਰ ਮੇਰੀ ਨਜ਼ਮ ਚੋਂ ਉਭਰਦਾ ਹੈ। ਪੜ੍ਹਨ ਵਾਲੇ ਆਪੇ ਨਜ਼ਮ ਚੋਂ ਇਹਨਾਂ ਦਾ ਮੁਹਾਂਦਰਾ ਪਛਾਣ ਲੈਣਗੇ। (ਭਗਵਾਨ ਢਿਲੋਂ, ਹਲਵਾਰਾ, ਲੁਧਿਆਣਾ)

---

(ਸਫ਼ਾ 76 ਦੀ ਬਾਕੀ)

ਇਸੇ ਕਾਵਿ-ਟੁਕੜੇ ਦਾ ਅਧਿਐਨ ਕੁਝ ਹੋਰ ਪ੍ਰਸ਼ਨ ਵੀ ਖੜੇ ਕਰਦਾ ਹੈ। ਕੀ ਲੀਕਾਂ ਸੂਕਦੀਆਂ ਵੀ ਹਨ ? ਲਕੀਰ ਤਾਂ ਗਤੀਹੀਣਤਾ ਦੀ ਸੂਚਕ ਹੈ, ਫਿਰ ਉਹ ਸੂਕਣ ਦੇ ਰੂਪ ਵਿਚ ਗਤੀਸ਼ੀਲਤਾ ਕਿਵੇਂ ਪ੍ਰਾਪਤ ਕਰ ਸਕਦੀ ਹੈ ? ਇਸੇ ਤਰ੍ਹਾਂ ਆਫ਼ਰੇ ਹੋਏ ਸੱਤ ਸਮੁੰਦਰ ਕੀ ਅੱਖਾਂ ਵਿੱਚ ਡੁੱਬ ਸਕਦੇ ਹਨ ? ਆਫ਼ਰੇ ਹੋਏ ਸਮੁੰਦਰ ਦੀਆਂ ਛੱਲਾਂ ਕਰੋਧ ਤਾਂ ਪ੍ਰਗਟਾ ਸਕਦੀਆਂ ਹਨ ਪਰ ਮੁਸਕਰਾਹਟਾਂ ਕਿਵੇਂ ਖਿੜਾ ਸਕਦੀਆਂ ਹਨ ? ਸੋ ਸਪੱਸ਼ਟ ਹੈ ਕਿ ਪੱਲ੍ਹਾ-ਕਾਵਿ ਦਾ ਬਿੰਬ-ਵਿਧਾਨ, ਮੌਲਿਕਤਾ ਦੀ ਤਲਾਸ਼ ਵਿੱਚ ਕਾਵਿ-ਅਨੁਸ਼ਾਸਨ ਦੀ ਉਲੰਘਣਾ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ। •ਉਹ ਮਰੇ ਹੋਏ ਜ਼ਖਮ' ਨੂੰ ਨਕਾਰਾਤਮਕ ਅਰਥਾਂ ਵਿੱਚ ਪੇਸ਼ ਕਰਦਾ ਹੈ ਜਦਕਿ ਜ਼ਖਮ ਦੇ ਮਰ ਜਾਣ ਦਾ ਮਤਲਬ ਉਸ ਦੇ ਠੀਕ ਹੋ ਜਾਣ ਤੋਂ ਹੁੰਦਾ ਹੈ। 'ਤਾਰਿਆਂ ਦੀ ਲੋਅ' ਤੇ 'ਟਹਿਕਦਾ' ਸ਼ਬਦ ਵੀ ਨਕਾਰਾਤਮਕ ਨਹੀਂ ਵਰਤੇ ਜਾ ਸਕਦੇ। ਇਸ ਤਰ੍ਹਾਂ ਦੀਆਂ ਅਣਗਿਣਤ ਮਿਸਾਲਾਂ ਇਸ ਸੰਗ੍ਰਹਿ ਵਿੱਚੋਂ ਦਿੱਤੀਆਂ ਜ਼ਾ ਸਕਦੀਆਂ ਹਨ ਜਿਵੇਂ 'ਅਜਨਬੀ ਖੁਸ਼ਬੋ ਦਾ ਕੁਸੈਲਾ ਜਿਹਾ ਸਵਾਦ, ਅਗਿਆਨਤਾ ਦੀ ਧੁੰਦ ਵਿਚੋਂ ਚੁਰਾਇਆ ਜੁਗਨੂੰਆਂ ਦਾ ਚਾਨਣ, ਸੁੰਨ ਹੋਇਆ ਸਮੇਂ ਦਾ ਸੰਤਾਪ, ਲੈਂਦਾ ਹੈ ਕਰਵਟ, ਖੌਰੂ ਪਾਉਂਦਾ, 'ਸਦਾਚਾਰ ਦੀਆਂ ਚਮਕੀਲੀਆਂ ਅੱਖਾਂ' 'ਉਪਰਾਮਤਾ ਦਾ ਸੂਰਜ' 'ਮੋਏ' ਹਉਕੇ ਦਾ ਹਟਕੋਰਾ ਆਦਿ-ਆਦਿ।

ਗੁਰਦਿਆਲ ਪੱਲ੍ਹਾ ਦੁਆਰਾ ਸਿਰਜੇ ਇਨ੍ਹਾਂ ਅਣਗਿਣਤ ਬਿੰਬਾਂ ਦਾ ਪਰਦਾ ਪਰ੍ਹੇ ਸਰਕਾ ਕੇ, ਜੇ ਕਵਿਤਾ ਦੇ ਅਰਥਾਂ ਤੱਕ ਪਹੁੰਚਾਣ ਦਾ ਯਤਨ ਕਰੀਏ ਤਾਂ ਕੁੱਝ ਸ਼ਬਦਾਂ ਦਾ ਦੁਹਰਾਅ ਦ੍ਰਿਸ਼ਟੀਗੋਚਰ ਹੁੰਦਾ ਹੈ। ਇਹ ਸ਼ਬਦ ਹਨ—ਮੁਰਦਾ ਮੁਹੱਬਤ, ਜ਼ਖਮ, ਗ਼ਮ, ਪੀੜ, ਹਉਕਾ, ਭਰਮ, ਦੁੱਖ ਖੁਸ਼ਬੋ, ਵੀਰਾਨੀ, ਹਿਜਰ, ਬੇਵਸੀ ਆਦਿ। ਇਹਨਾਂ ਸ਼ਬਦਾਂ ਨੂੰ ਪੱਲ੍ਹਾ-ਕਾਵਿ ਦੇ ਪ੍ਰਸੰਗ ਵਿੱਚ ਰੱਖ ਕੇ ਅੰਤ ਵਿੱਚ ਕਹਿ ਸਕਦੇ ਹਾਂ ਕਿ 'ਹਰਫ਼ਾਂ' ਦੀ ਖੁਸ਼ਬੋ ਪੰਡਿਤ ਖੰਡ-ਬ੍ਰਹਿਮੰਡ ਵਿਚੋਂ ਉਪਜੀ ਰੁਦਨ ਤੇ ਵਿਰਲਾਪ ਦੀ ਸਥਿਤੀ ਦੀ ਸ਼ਾਇਰੀ ਹੈ, ਜਿਸ ਵਿੱਚ ਸਮੇਂ ਦੀ ਗਤੀਸ਼ੀਲਤਾ ਇਕ ਅਖੰਡ ਇਕਾਈ ਵਜੋਂ ਮੌਜੂਦ ਨਹੀਂ ਹੈ। ਸਿਰਫ ਸਮੇਂ ਦੇ ਮਾਨਵੀ ਸੰਕਟ ਨੂੰ ਹੀ ਪੇਸ਼ ਨਹੀਂ ਕਰਦੀ, ਸਗੋਂ ਇਸ ਕਾਵਿ-ਸੰਗ੍ਰਹਿ ਨਾਲ ਅਜੋਕੀ ਬਹੁਤ ਸਾਰੀ ਪੰਜਾਬੀ ਕਵਿਤਾ ਦਾ ਸੰਕਟ ਵੀ ਅਗਰ ਭੂਮੀ ਵਿੱਚ ਪੇਸ਼ ਹੁੰਦਾ ਹੈ।

(ਹਰਵਿੰਦਰ ਭੰਡਾਲ)



## ਪੁਸਤਕ ਪ੍ਰਾਪਤੀ

1. ਜੰਗਨਾਮਾ-ਪੰਜਾਬ (ਹਰਭਜਨ ਸਿੰਘ ਹੁੰਦਲ) ਉਰਦੂ ਅੱਖਰਾਂ ਵਿਚ। ਲਿਪੀ-ਆਂਤਰਣ-ਖਾਲਦ ਸ਼ੇਖ, ਪੰਜਾਬੀ ਪਰਚਾਰ ਬੋਰਡ ਮਦਨੀ ਕਾਲੋਨੀ – ਬਹਾਵਲ ਨਗਰ ਪਾਕਿਸਤਾਨ।
2. ਅਧੂਰੀ ਤਸਵੀਰ (ਕਵਿਤਾ) ਨਿਰਭੈ ਧਾਲੀਵਾਲ, ਪ੍ਰਤੀਕ ਪਬਲੀਕੇਸ਼ਨਜ਼ ਲੁਧਿਆਣਾ।
3. ਖੁਸ਼ਬੂ ਅਤੇ ਖੰਡਰ (ਕਹਾਣੀਆਂ) ਦਵਿੰਦਰ ਮੰਡ, ਸੁੰਦਰ ਬੁੱਕ ਡੀਪੂ ਜਲੰਧਰ।
4. ਨਚੀਨੇਤਾ ਦੀ ਮੌਤ (ਕਹਾਣੀਆਂ) ਅਜਮੇਰ ਸਿੱਧੂ, ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ।
5. ਹੀਰੇ ਪੰਨੇ (ਗ਼ਜ਼ਲਾਂ ਦੇ ਸ਼ਿਅਰ) ਗੁਰਦੀਪ ਸਿੰਘ, ਮਨਪ੍ਰੀਤ ਪ੍ਰਕਾਸ਼ਨ ਦਿੱਲੀ।
6. ਸਮਕਾਲੀ ਪੰਜਾਬੀ ਕਵਿਤਾ (ਆਲੋਚਨਾ) ਰਘਬੀਰ ਸਿੰਘ ਭਰਤ : ਦਿਲਮਨ ਪਬਲਿਸਰਜ਼ ਮਾਛੀਵਾੜਾ।
7. ਪੈਗਾਮ ਤੇਰੇ ਨਾਂ (ਕਵਿਤਾ) ਦਵਿੰਦਰ ਕੌਰ ਝੁਬਾਲ, ਬਾਜਵਾ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
8. ਤਪਦੇ ਬੋਲ (ਕਵਿਤਾ) ਪ੍ਰਤਾਪ ਕੁਲਾਰ, ਨਵੀਨ ਪ੍ਰਕਾਸ਼ਨ ਅੰਮ੍ਰਿਤਸਰ।
9. ਲੋਕ ਦਿਲਾਂ ਦੇ ਕਾਲੇ (ਗ਼ਜ਼ਲਾਂ) ਰਾਜ਼ ਗੁਰਦਾਸਪੁਰੀ, ਆਈਨਾ ਪ੍ਰਕਾਸ਼ਨ ਪਠਾਨਕੋਟ।
10. ਮੇਰਾ ਅਨੁਵਾਦਿ ਨਾ ਕਰੀ (ਕਵਿਤਾ) ਦੀਪ ਮੋਦਗਿਲ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
11. ਅਠੱਤੀ ਵਰ੍ਹੇ (ਕਵਿਤਾਵਾਂ/ਕਹਾਣੀਆਂ) ਦਲਜੀਤ ਉਦਾਸ, ਨਵੀਨ ਪ੍ਰਕਾਸਨ ਅੰਮ੍ਰਿਤਸਰ।
12. ਜ਼ਿੰਦਗੀ ਦਾ ਕਾਵਿ-ਧਰਮ (ਆਲੋਚਨਾ) ਸੁਰਿੰਦਰ ਸਿੰਘ ਨਿਮਾਣਾ, ਲੋਕ-ਹਿਤ ਪ੍ਰਕਾਸ਼ਨ ਬਟਾਲਾ।
13. ਲੂ-ਸ਼ੂਨ (ਚੋਣਵੀਆਂ ਟਿਪਣੀਆਂ) ਡਾ ਸ਼ਿਆਮ ਸੁੰਦਰ ਦੀਪਤੀ, ਪ੍ਰੇਰਨਾ ਪ੍ਰਕਾਸ਼ਨ ਪਟਿਆਲਾ।
14. ਜਨਮ ਦਿਨ (ਪੂਰਾ ਨਾਟਕ) ਸ. ਨ. ਸੇਵਕ, ਕਲਾ ਸੰਚਾਰ (ਲੁਧਿਆਣਾ)
15. ਕਿਰਨ ਵਿਹੂਣਾ ਸੂਰਜ (ਕਵਿਤਾ) ਕੰਵਲ ਜੀਤ ਭੁੱਲਰ, ਚਿੰਤਨ ਪ੍ਰਕਾਸ਼ਨ ਫੀਰੋਜ਼ਪੁਰ।
16. ਭਟਕੇ ਹੋਏ ਵਾਵਰੋਲੇ (ਕਵਿਤਾ) ਯੁਵਰਾਜ ਸ਼ਰਮਾ, ਰਾਜ ਪ੍ਰਕਾਸ਼ਨ ਨਾਭਾ।
17. ਅੱਗ ਦਾ ਸ਼ਤੀਰ (ਨਾਵਲ) ਲੱਖ ਕਰਨਾਲਵੀ, ਦੀਪਕ ਪਬਲਿਸ਼ਰਜ਼ ਜਲੰਧਰ।
18. ਮੈਂ ਵਣਜਾਰਣ ਪੀੜਾਂ ਦੀ (ਕਵਿਤਾ) ਰਾਜਿੰਦਰ ਕੌਰ ਵੰਤਾ/ਰਘਬੀਰ ਰਚਨਾ ਪ੍ਰਕਾਸ਼ਨ ਚੰਡੀਗੜ੍ਹ।
19. ਅੱਖ ਦੇ ਬੋਲ (ਕਵਿਤਾ) ਡਾ: ਮਹਿੰਦਰ ਗਿੱਲ, ਵਾਰਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ।
20. ਸਿਮਟੇ ਹੋਏ ਪਲ (ਕਵਿਤਾ ਭੁਪਿੰਦਰ ਸਿੰਘ ਸੱਗੂ, ਵਾਰਸਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ।
21. ਸੁਪਨਿਆਂ ਦੀ ਜੂਹ ਕੈਨੇਡਾ (ਸਫ਼ਰਨਾਮਾ) ਗੁਰਬਖਸ਼ ਸਿੰਘ ਭੰਡਾਲ, ਪੰਜਾਬੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
22. ਜੂਨ (ਕਹਾਣੀ-ਸੰਗ੍ਰਹਿ) ਮਨਿੰਦਰ ਕਾਂਗ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ।
23. ਮੱਛਰ ਗੰਜ (ਨਾਵਲ) ਸਵਰਨ ਚੰਦਨ, ਨੈਸ਼ਨਲ ਬੁਕ ਸ਼ਾਪ-ਦਿੱਲੀ।
24. ਆਲ੍ਹਣਿਓਂ ਡਿੱਗੇ ਬੋਟ (ਦੇਸ਼ ਦੀ ਵੰਡ ਨਾਲ ਸਬੰਧਤ ਰਚਨਾਵਾਂ ਦਾ ਸੰਗ੍ਰਹਿ) ਸੰਪਾਦਕ ਗੁਰਪ੍ਰੀਤ ਸਿੰਘ, ਲਾਂਹੌਰ ਬੁੱਕ ਸ਼ਾਪ ਲੁਧਿਆਣਾ।
25. ਪੰਚੀਵਾਂ ਘੰਟਾ (ਕਹਾਣੀਆਂ) ਅਫ਼ਜ਼ਲ ਤੌਸੀਫ਼ ਪੰਨੇ 304 ਮੁੱਲ 330/-ਅਦਾਰਾ ਪੰਜਾਬੀ ਜ਼ੁਬਾਨ ਤੇ ਸਕਾਫ਼ਤ ਲਾਹੌਰ, ਪਕਿਸਤਾਨ।
26. 'ਕਾਇਆਂ ਕਾਗਦ (ਚੋਣਵੀਂ ਕਵਿਤਾ) ਮਜ਼ਹਰ ਤਿਰਮਜ਼ੀ, ਉੱਦਮ ਪਬਲਿਸ਼ਰਜ਼ ਲਾਹੌਰ, ਪਾਕਿਸਤਾਨ।
27. ਗਿਰ ਰਿਹਾ ਗਰਾਫ਼ (ਨਾਵਲ) ਨਿੰਦਰ ਗਿੱਲ, ਸਮਰਾਟ ਪਬਲੀਕੇਸ਼ਨਜ਼, ਮੋਗਾ।

Registered with the Registrar of News-Papers of India
No—PUN-PUN O 2776/AL/TC/94.

ਉਤਰੀ ਭਾਰਤ ਵਿਚ ਕੌਸਮੈਟਿਕ ਸਰਜਰੀ ਦਾ ਪਹਿਲਾ ਕੇਂਦਰ

• ਸਾਨ ਮਿਲਾਪ ਰੋਡ ਵਿਖੇ ਕੰਮ ਕਰਨ ਤੋਂ ਬਾਦ ਹੁਣ ਨਵੀਂ ਬਿਲਡਿੰਗ ਵਿਚ ਚਲਾ ਗਿਆ ਹੈ

# ਪਲਾਸਟਿਕ ਅਤੇ ਕੌਸਮੈਟਿਕ ਸਰਜਰੀ ਦਾ ਕੇਂਦਰ

ਭੁਪਿੰਦਰ ਨਰਸਿੰਗ ਹੋਮ
261, ਮੋਤਾ ਸਿੰਘ ਨਗਰ, ਮੇਨ ਰੋਡ, ਨੇੜੇ ਬੱਸ ਅੱਡਾ
ਜਲੰਧਰ ਫੋਨ : 0181-224228, 223376

BHUPINDER NURSING HOME
261, Mota Singh Nagar, Main Road.
Near Bus Stand, Jalandhar City.
Ph. : 0181-224228, 223376

ਡਾ: ਬੀ. ਪੀ. ਸਿੰਘ (ਐਮ ਐਸ)
ਪਲਾਸਟਿਕ ਅਤੇ ਕੌਸਮੈਟਿਕ ਸਰਜਨ

For Details Contact :
DR. B.P. SINGH (M.S.)
PLASTIC & COSMETIC SURGEON

ਕੋਸਮੈਟਿਕ ਸਰਜਰੀ ਅਤੇ ਪਲਾਸਟਿਕ ਸਰਜਰੀ ਦੇ ਅੱਜ ਤੱਕ ਕੀਤੇ ਹੋਏ ਅਪਰੇਸ਼ਨ ਇਸ ਤਰਾਂ ਹਨ

● ਲਾਈਪੋਸਕਸ਼ਨ ● ਲਾਈਪੋਇੰਜੈਕਸ਼ਨ ● ਨੱਕ ਦੀ ਕੌਸਮੈਟਿਕ ਸਰਜਰੀ ● ਮੂੰਹ ਦੀਆ ਝੁਰੜੀਆਂ ਖਤਮ ਕਰਨਾ
● ਮੱਥੇ ਦੀਆ ਝੁਰੜੀਆਂ ਖਤਮ ਕਰਨਾ ● ਬਲੇਫਰੋਪਲਾਸਟੀ ● ਰੁਕਿਆ ਹੋਇਆ ਚਿੱਟਾ ਦਾਗ (ਫੁਲਵਿਹਰੀ)
● ਰੀਕੰਸਟਰਕਟਿਵ ਸਰਜਰੀ ● ਗੰਜੇਪਨ ਤੇ ਵਾਲ ਪੁਨਰ ਸਥਾਪਿਤ ਕਰਨਾ ● ਮੈਮੋਪਲਾਸਟੀ
● ਗੁਪਤ ਅੰਗ ਦੇ ਨੁਕਸ ਠੀਕ ਕਰਨਾ ● ਐਕਸੀਡੈਂਟ ਨਾਲ ਹੋਏ ਅੰਗਾਂ ਦੇ ਵਿਕਾਰ ਨੂੰ ਠੀਕ ਕਰਨਾ ● ਜਲੇ ਦਾ ਇਲਾਜ
● ਨਿਸ਼ਾਨ ਜਲੇ ਦਾ, ਸੱਟ ਦਾ, ਅਪਰੇਸ਼ਨ ਦਾ। ● ਠੋਡੀ, ਗੱਲ੍ਹ, ਕੰਨ, ਪਲਕਾਂ, ਭਰਵੱਟੇ, ਬੁੱਲ੍ਹ, ਨੱਕ ਦੇ ਵਿਕਾਰ ਠੀਕ ਕਰਨਾ

VARIOUS COSMETICS SURGERY & PLASTIC SURGERY OPERATION DONE SO FAR ARE :

LIPOSUCTION ★ LIPOINJECTIONS ★ ACCIDENTAL INJURIES CARE
RHINOPLASTIES ★ FACE LIFT ★ BROW LIFT ★ BLEPHEROPLASTIES ★ STAITIONERY WHITE PATCH
★ RECONSTRUCTIVE SURGERY ★ IN BORN DEFECTS & DEFORMITIES
★ HAIR TRANSPLATATION ★ DEFECTS & DEFORMITIES OF ACCIDENTS
★ BURNS ★ TREATMENT OF SCARS
★ CHIN, CHEAK, EAR, EYE BROWS, EYE LIDS, LIPS CORRECTION

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰੌਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877